Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-5, ਅੰਕ-10, ਨਵੰਬਰ 2015

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਨਾਨਕਧਾਰਾ ਦੀਆਂ ਇਤਿਹਾਸਕ ਕਦਰਾਂ ਕੀਮਤਾਂ

**ਗੁਰਚਰਨ ਸਿੰਘ ਸਹਿੰਸਰਾ**

ਪੰਜਾਬ ਦੇ ਇਤਿਹਾਸ ਨੂੰ ਫ਼ਖਰ ਹੈ, ਕਿ ਉਸ ਦੇ ਇੱਕ ਮਹਾਨ ਵਿਚਾਰਵਾਨ ਬਜ਼ੁਰਗ (ਬਾਬਾ ਨਾਨਕ) ਨੂੰ ਉਹਨਾਂ ਇਤਿਹਾਸਕ ਹਸਤੀਆਂ ਦੀ ਪੰਗਤ ਵਿੱਚ ਵਿਸ਼ੇਸ਼ ਪਦਵੀ ਪ੍ਰਾਪਤ ਹੈ, ਜਿਨ੍ਹਾਂ ਦੀ ਵਿਚਾਰਧਾਰਾ ਦੁਨੀਆਂ ਦੇ ਕਿਸੇ ਨਾ ਕਿਸੇ ਤਖਤੇ ਉੱਤੇ ਰਾਜਸੀ ਤੇ ਸਮਾਜੀ ਤਬਦੀਲੀਆਂ ਲਿਆਉਣ ਦਾ ਕਾਰਨ ਬਣੀ। ਉਸਨੇ ਪੰਦਰ੍ਹਵੀਂ ਸੋਲ੍ਹਵੀਂ ਸਦੀ ਵਿੱਚ ਉੱਭਰ ਤੁਰੀ ਵਿਦਰੋਹੀ ਵਿਚਾਰਧਾਰਾ ਅਨੁਕੂਲ ਹਿੰਦੁਸਤਾਨੀ ਹਾਲਤਾਂ ਨਾਲ਼ ਢੁੱਕਵੇਂ ਅਜਿਹੇ ਵਿਚਾਰ ਪੇਸ਼ ਕੀਤੇ, ਜੋ ਪੰਜਾਬ ਅੰਦਰ ਪੰਜਾਬੀ ਕੌਮ ਦੀ ਸਾਖਤ ਦਾ ਪਹਿਲ ਪ੍ਰਿਥਮੀ ਰਾਹ ਨਿਸ਼ਾਨ ਗਏ।



ਪਰ ਅਫਸੋਸ ਹੈ ਕਿ ਭੋਲ਼ੀ ਤੇ ਨਿਆਣੀ ਸਿੱਖ ਸ਼ਰਧਾ ਤੇ ਅੰਧ ਵਿਸ਼ਵਾਸ਼ੀ ਨੇ ਨਾਨਕਧਾਰਾ ਦਾ ਇਹ ਇਤਿਹਾਸਕ ਮਹਾਨਤਾ ਵਾਲ਼ਾ ਪਾਸਾ ਖੁੱਲ੍ਹ ਕੇ ਜਨਤਾ ਸਾਹਮਣੇ ਨਹੀਂ ਆਉਣ ਦਿੱਤਾ। ਅੱਜ ਤੋਂ ਪਹਿਲੀ ਸਦੀ ਦੇ ਸਿੱਖ ਲਿਖਾਰੀਆਂ, ਇਹਨਾਂ ਦੀ ਵੇਖਾ ਵੇਖੀ (ਸਵਾਏ ਦੁੰਹ-ਚਹੁੰ ਦੇ), ਸਭ ਇਤਿਹਾਸਕਾਰਾਂ ਤੇ ਮਜ਼ਹਬੀ ਅਬੇ-ਤਬੇ ਤੋਂ ਡਰਦੇ, ਅੱਜ ਦੇ ਵਿਖਿਆਨੀਆਂ ਨੇ ਵੀ ਉਨ੍ਹਾਂ ਪੁਰਾਤਣੀਆਂ ਦੀ ਮੱਖੀ 'ਤੇ ਮੱਖੀ ਮਾਰੀ ਹੈ, ਜਿਨ੍ਹਾਂ ਓਸ ਦੇ ਵਿਚਾਰਾਂ ਦੀਆਂ ਸੰਸਾਰ ਨੂੰ ਲਾਭਦਾਇੱਕ ਸਾਬਤ ਹੋਈਆਂ ਪਦਾਰਥਕ ਕੀਮਤਾਂ ਨੂੰ ਨਹੀਂ ਦੇਖਿਆ ਤੇ ਓਸ ਨੂੰ ਧਰਮੀ ਸੰਸਾਰ ਦੀਆਂ ਪੁਰਾਤਨ ਹਸਤੀਆਂ ਨਾਲ਼ ਮੇਚਣ ਲਈ ਨਾਮ ਦਾਨ ਦੇਣ ਵਾਲ਼ਾ ਕਰਾਮਾਤੀ ਅਵਤਾਰ ਹੀ ਪੇਸ਼ ਕੀਤਾ ਹੈ। ਸਿੱਟਾ ਇਹ ਨਿੱਕਲ਼ਿਆ ਹੈ ਕਿ ਉਹ ਸਰਬ ਪੰਜਾਬ ਦਾ ਆਗੂ ਮੰਨੇ ਜਾਣ ਦੀ ਥਾਂ ਕੇਵਲ ਸਿੱਖਾਂ ਦਾ ਧਾਰਮਿਕ ਆਗੂ ਬਣੇ ਰਹਿਣ ਤੱਕ ਹੀ ਸੀਮਤ ਰਹਿ ਗਿਆ ਤੇ ਉਸ ਦੀਆਂ ਪੰਜਾਬ ਨੂੰ ਨਵੀਆਂ ਲੀਹਾਂ ਤੇ ਢਾਲਣ ਦੀਆਂ ਸਿਫ਼ਤਾਂ ਲੁਕੀਆਂ ਰਹੀਆਂ।

ਅੱਜ ਸਾਇੰਸ ਦੇ ਜ਼ਮਾਨੇ ਵਿੱਚ ਕਿਸੇ ਮਹਾਂਪੁਰਸ਼ ਨੂੰ ਨਿਰੰਕਾਰੀ ਤੇ ਅਵਤਾਰੀ ਹਸਤੀ ਮਿੱਥ ਲੈਣ ਨਾਲ਼ ਉਸਦੇ ਵਿਚਾਰਾਂ ਤੋਂ ਪੈਦਾ ਹੋਈਆਂ ਉਹ ਸਾਰੀਆਂ ਪਦਾਰਥਕ ਕੀਮਤਾਂ ਢੱਕੀਆਂ ਜਾਂਦੀਆਂ ਹਨ, ਜੋ ਸਮਾਜ ਵਿੱਚ ਦੂਰ ਪਹੁੰਚ ਤਬਦੀਲੀਆਂ ਲਿਆਉਣ ਦਾ ਕਾਰਨ ਬਣਦੀਆਂ ਹਨ। ਕਿਸੇ ਵਿਸ਼ੇਸ਼ ਹਸਤੀ ਦੀ (ਭਾਵੇਂ ਉਹ ਕਿਡੀ ਵੱਡੀ ਪੀਰ ਪੈਗੰਬਰ ਜਾਂ ਗੁਰ ਅਵਤਾਰ ਮੰਨੀ ਜਾਂਦੀ ਹੋਵੇ) ਇਤਿਹਾਸਕ ਦੇਣ ਦੀ ਤਦੇ ਕੀਮਤ ਪੈਂਦੀ ਹੈ, ਜੇ ਓਸ ਨੂੰ ਪਦਾਰਥਕ ਦ੍ਰਿਸ਼ਟੀ ਨਾਲ਼ ਵੇਖਿਆ ਤੇ ਇਤਿਹਾਸਕ ਵਿਕਾਸ ਦੇ ਓਸ ਤੋਂ ਪਹਿਲੇ, ਸਮਕਾਲੀ ਤੇ ਉਪਰੰਤਲੇ ਪੌੜਾਂ 'ਤੇ ਖਲਿਹਾਰ ਕੇ ਸੰਪਾਦਕੀ (ਡਾਇਲੈਕਟਿਕੀ) ਰੀਤ ਨਾਲ਼ ਜਾਚਿਆ ਜਾਏ ਤੇ ਉਸ ਦੇ ਵਿਚਾਰਾਂ ਦੇ ਇਤਿਹਾਸ ਅੰਦਰ ਕੀਤੇ ਗਏ ਅਮਲਾਂ ਤੋਂ ਨਿੱਕਲ਼ੇ ਆਰਥਕ, ਸਮਾਜਕ ਤੇ ਰਾਜਸਕ ਨਤੀਜੇ ਸਾਹਮਣੇ ਰੱਖੇ ਜਾਣ।

ਏਸ ਲਈ ਨਾਨਕ ਦੀਆਂ ਇਤਿਹਾਸਕ ਕਦਰਾਂ ਕੀਮਤਾਂ ਜਾਨਣ ਲਈ ਜ਼ਰੂਰੀ ਹੈ ਕਿ ਓਸ ਨੂੰ ਨਿਰੰਕਾਰੀ ਅਵਤਾਰ ਕਹੀ ਜਾਣ



12
ਸੌੜੀ ਸਿਆਸਤ ਨੇ ਡੰਗਿਆ ਪੰਜਾਬ



15
ਸਾਮਰਾਜੀ ਪੂੰਜੀ ਦਾ ਤਾਜਾ ਸ਼ਿਕਾਰ-ਸਿਕੰਦਰ ਮਹਾਨ ਦਾ ਦੇਸ਼ ਯੂਨਾਨ

ਭਾਰਤ ਸਰਕਾਰ ਵੱਲੋਂ ਸਮਾਜ ਭਲਾਈ ਬਜਟ 'ਤੇ ਕੈਂਚੀ ਅਤੇ ਭਗਵਾਕਰਣ ਜਾਰੀ
22

SUPER VISA INSURANCE



Sherjang Singh Rana
416.910.9000

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

ਦੀ ਬਜਾਏ ਮਨੁੱਖੀ ਜੀਵਨ ਦੀ ਇੱਕ ਵਿਦਵਾਨ, ਵਿਚਾਰਵਾਨ, ਕਰਨੀ ਤੇ ਕਣੀ ਵਾਲ਼ੀ ਮਹਾਨ ਉੱਤਮ ਹਸਤੀ ਮਿਥਿਆ, ਮੰਨਿਆ ਤੇ ਜਾਣਿਆ ਜਾਏ।

ਏਸ ਮਨੁੱਖੀ ਸਿਫਤ ਦੀ ਪੁਸ਼ਟੀ ਖੁਦ ਨਾਨਕ ਬਾਣੀ ਵਿੱਚੋਂ ਹੁੰਦੀ ਹੈ। ਓਸ ਨੇ ਆਪਣੀ ਬਾਣੀ ਵਿੱਚ ਕਿਧਰੇ ਵੀ ਨਹੀਂ ਲਿਖਿਆ ਕਿ ਉਹ ਕਹੇ ਜਾਂਦੇ ਹਿੰਦੂ ਅਵਤਾਰਾਂ ਵਾਂਗ ਮਨੁੱਖੀ ਜਾਮੇ ਵਿੱਚ ਪਰਮਾਤਮਾ ਦੀ ਮੂਰਤੀ ਸਨ ਜਾਂ ਮੁਸਲਿਮ ਤੇ ਈਸਾਈ ਨਬੀਆਂ ਵਾਂਗ ਕਿਸੇ ਖੁਦਾ ਦਾ ਹੁਕਮ ਲੈ ਕੇ ਜਾਂ ਉਸ ਦਾ ਬੇਟਾ ਬਣ ਕੇ ਆਏ ਸਨ। ਓਸ ਨੇ ਹਿੰਦੂ ਮੁਸਲਿਮ ਧਰਮਾਂ ਵੱਲੋਂ ਆਪੋ-ਆਪਣੀਆਂ ਮੰਨਤਾਂ ਜਾਂ ਨਿਸ਼ਚਿਆਂ ਦੇ ਅਵਤਾਰ ਜਾਂ ਨਬੀ ਹੋਣ ਦੇ ਪਾਏ ਭਰਮਾਂ ਦੀ ਪੈਰਵੀ ਨਹੀਂ ਕੀਤੇ ਜੋ ਪੁਰਸ਼ ਆਪਣੇ ਇਸ਼ਟ ਨੂੰ ਅਜੂਨੀ ਮਿਥਦਾ ਹੈ, ਉਹ ਓਸ ਦਾ ਅਵਤਾਰ ਕਿਸ ਤਰ੍ਹਾਂ ਹੋ ਸਕਦਾ ਹੈ। ਭਾਵ ਏਕੰਕਾਰ ਬੰਦੇ ਦੀ ਜੂਨ ਵਿੱਚ ਕਿਵੇਂ ਆ ਸਕਦਾ ਹੈ। ਉਸ ਨੇ ਆਪਣੇ ਆਪ ਨੂੰ ਇੱਕ ਮਨੁੱਖ ਦੇ ਤੌਰ 'ਤੇ ਹੀ ਪੇਸ਼ ਕੀਤਾ ਹੈ, ਦੇਵਤੇ ਜਾਂ ਅਵਤਾਰ ਦੇ ਰੂਪ ਦੇ ਵਿੱਚ ਨਹੀਂ। ਉਹ ਏਸ ਦੀ ਆਪ ਪੁਸ਼ਟੀ ਕਰਦਾ ਹੈ

**-ਕੋਈ ਆਖੈ ਆਦਮੀ ਨਾਨਕ ਵੇਚਾਰਾ॥**

**-ਮਾਂ ਲਾਲੀ ਪਿਉ ਲਾਲਾ ਮੇਰਾ**
**ਹਉ ਲਾਲੇ ਕਾ ਜਾਇਆ ॥** (ਮਾਰੂ-੯੯੧)

**-ਜੋ ਤਿਸ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥**
ਆਸਾ-੪੧੭)

**-ਕਰੇ ਕਰਾਏ ਸਭ ਕਿਛੁ ਜਾਣੈ**
**ਨਾਨਕ ਸਾਇਰ ਇਵ ਕਹਿਆ॥**(ਆਸਾ-੪੩੪)

**-ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ** (ਮਲਾਰ-੧੨੯੧)

**-ਨਾਨਕ ਸਾਇਰੁ ਏਵ ਕਹਤੁ ਹੈ ॥**
(ਧਨਾਸਰੀ-੬੬੦)

**-ਹਮ ਆਦਮੀ ਹਾਂ ਇੱਕ ਦਮੀ॥**
(ਧਨਾਸਰੀ-੬੬੦)

(ਕਮਾਨੀਆਂ ਵਿੱਚ 1430 ਪੰਨੇ ਵਾਲ਼ੀ ਆਦਿ ਗ੍ਰੰਥ ਦੀ ਬੀੜ ਤੇ ਪੰਨਾ ਨੰਬਰ ਹੋਣਗੇ ਤੇ ਦਿੱਤੀਆਂ ਉਦਾਹਰਣਾਂ ਸਭ ਨਾਨਕ ਬਾਣੀ ਹਨ, ਭਾਵ ਮਹਲਾ 1)

ਸੋ ਨਾਨਕ ਦੇ ਉਚਾਰ (ਬਾਣੀ) ਤੇ ਅਮਲ ਇੱਕ ਅਤਿ ਸੋਝੀਵਾਨ ਸਿਆਣੀ ਪੰਜਾਬੀ ਮਨੁੱਖਤਾ ਦੇ ਵਿਚਾਰ ਤੇ ਅਮਲ ਹਨ ਤੇ ਇਹਨਾਂ ਨੂੰ ਮਨੁੱਖੀ ਅਕਲ ਦੀ ਰਚਨਾ ਦਾ ਕਮਾਲ ਸਮਝਿਆ, ਵਖਾਣਿਆ, ਵਿਆਖਿਆ ਤੇ ਮੰਨਿਆ ਜਾਣਾ ਚਾਹੀਦਾ ਹੈ ਤਾਂ ਹੀ ਓਸ ਮਹਾਨ ਬਜ਼ੁਰਗ ਦੀ ਸੱਚੋ-ਸੱਚ ਇਤਿਹਾਸਕ ਕੀਮਤ ਗਿਣੀ ਜਾ ਸਕੇਗੀ।

ਓਸ ਮਹਾਨ ਹਸਤੀ ਦਾ ਸੰਸਾਰੀ ਜੀਵਨ ਤੇ ਲੋਕ ਵਿਹਾਰ ਵੀ ਇਹੋ ਦੱਸਦਾ ਹੈ ਕਿ ਓਸ ਦੇ ਅਧਿਆਤਮਕ ਵਿਚਾਰ ਤੇ ਉਚਾਰ ਆਪਣੇ ਵੇਲ਼ੇ ਦੇ ਪਦਾਰਥਕ ਸੰਸਾਰੀ (ਕੁਦਰਤੀ, ਸਮਾਜੀ ਤੇ ਸਿਆਸੀ) ਵਰਤਾਰਿਆ, ਵਿਆਪਕਤਾਵਾਂ ਤੇ ਕਾਰਿਆਂ ਉੱਤੇ ਅਧਾਰਤ ਹਨ। ਓਸ ਨੇ ਆਪਣੀ ਬਾਣੀ ਕਿਤੇ ਗੁਫਾ ਵਿੱਚ ਨਿਰਲੇਪ ਬੈਠ ਕੇ, ਜਾਂ ਕਿਸੇ ਮੱਠ ਵਿੱਚ ਅਟੰਕ ਡੇਰਾ ਲਾ ਕੇ, ਜਾਂ ਜੰਗਲਵਾਸ ਵਿੱਚ ਕੁਟੀਆ ਪਾ ਕੇ ਨਹੀਂ ਉਚਰੀ, ਸਗੋਂ ਸਭ ਪ੍ਰਕਾਰ ਦੇ ਸੰਸਾਰੀ ਕਰਮਕਾਡਾਂ ਵਿੱਚ ਵਿਚਰਦਿਆਂ ਤੇ ਹਿੰਦੂ ਮੁਸਲਿਮ ਵਿਦਵਾਨਾਂ ਤੇ ਖੱਬੀਖਾਨਾਂ ਨਾਲ਼ ਵਾਰਤਾਲਾਪਾਂ ਤੇ ਗੋਸ਼ਟੀਆਂ ਕਰ ਕਰ ਪ੍ਰਾਪਤ ਕੀਤੇ ਸੰਸਾਰੀ ਤਜਰਬੇ ਦੀ ਬਿਨਾ ਦੇ ਰਚੀ ਹੈ।

ਏਸ ਲਈ ਉਸ ਦੀ ਵਿਚਾਰਧਾਰਾ ਸੰਸਾਰ ਭਰ ਨੂੰ ਗਾਹ ਕੇ ਪ੍ਰਾਪਤ ਕੀਤੇ ਤਜ਼ਰਬਿਆਂ ਨੂੰ ਮਨ ਵਿੱਚ ਵਸਾ ਕੇ ਉਪਜੇ ਖਿਆਲਾਂ 'ਤੇ ਆਧਾਰਤ ਹੈ। ਇਹ ਮਨ ਪਦਾਰਥ (ਸਰੀਰ) ਤੋਂ ਪੈਦਾ ਹੁੰਦਾ ਹੈ, ਜੋ ਸੰਸਾਰੀ ਜੀਵ ਜੰਤੂ ਦੀ ਸਭ ਤੋਂ ਉੱਚੀ ਰਚਨਾਤਮਕ ਸ਼ਕਤੀ ਹੈ। ਉਸ ਨੇ ਆਪਣੀ ਵਿਚਾਰਧਾਰਾ ਦੀ ਉੱਤਪਤੀ ਦੀ ਵਿਆਖਿਆ ਐਨ ਏਸੇ ਤਰ੍ਹਾਂ ਕੀਤੀ ਹੈ।

**-ਇਹੁ ਮਨੁ ਕਰਮਾ ਇਹੁ ਮਨੁ ਧਰਮਾ॥**
**ਇਹੁ ਮਨੁ ਪੰਚ ਤਤੁ ਤੇ ਜਨਮਾ॥**
**(ਆਸਾ-੪੧੫)**

ਭਾਵ ਮਨ ਖੁਦ ਪਦਾਰਥਕ ਸ਼ਕਤੀ ਹੈ, ਜੋ ਕਰਮ ਕਰਦੀ ਹੈ ਤੇ ਧਰਮ ਪਾਲ਼ਦੀ ਹੈ। ਜਿਸ ਦਾ ਅਰਥ ਹੈ ਕਿ ਮਨ ਪੰਜਾਂ ਤੱਤਾਂ ਤੋਂ ਜੰਮਿਆਂ ਹੈ, ਕਰਮ ਕਰਦਾ ਹੈ, ਭਾਵ ਸਰੀਰ ਨੂੰ ਕੰਮਾਂ-ਕਾਰਾਂ ਵਿੱਚ ਲਾਉਂਦਾ ਹੈ ਤੇ ਇਹ ਕੰਮ ਕਾਰ (ਕਰਮ) ਮਨ ਨੂੰ ਧਰਮ ਦੇ ਰਾਹ ਭਾਵ (ਸਿੱਧੇ ਤੇ ਸੱਚੇ ਸੰਸਾਰੀ) ਰਸਤੇ ਪਾਉਂਦੇ ਹਨ। ਜਿਹੜਾ ਸੰਸਾਰੀ ਬੰਦਾ ਹੀ ਨਹੀਂ, ਓਸ ਨੇ ਧਰਮ ਕੀ ਰੱਖਣਾ ਤੇ ਕਮਾਉਣਾ ਹੋਇਆ? ਸੋ ਨਾਨਕਧਾਰਾ ਮਨੁੱਖੀ ਕਿਰਤ ਹੈ, ਨਿਰੰਕਾਰੀ ਨਹੀਂ, ਜੋ ਆਪਣੇ ਵੇਲ਼ਿਆਂ ਦੇ ਇੱਕ ਪੰਜਾਬੀ ਪਰਮ ਮਨੁੱਖ ਨੇ ਸੰਸਾਰ ਨੂੰ ਅੱਖੀਂ ਵੇਖ ਕੇ, ਹਿੰਦੁਸਤਾਨ 'ਤੇ ਛਾਏ ਹੋਏ ਦੋ ਮਹਾਨ ਧਰਮਾਂ-ਹਿੰਦੂ ਤੇ ਮੁਸਲਮਾਨ ਨੂੰ ਜੋਖ ਤੋਲ ਕੇ ਰਚੀ ਹੈ।

ਸਮੇਂ ਦੀ ਪੈਦਾਵਾਰ ਤੇ ਏਸ ਦੇ ਵਟਾਂਦਰੇ ਦੇ ਰਿਸ਼ਤੇ ਤੇ ਇਨ੍ਹਾਂ ਉੱਤੇ ਅਧਾਰਤ ਉਸਰੇ ਹੋਏ ਸਮਾਜੀ, ਮਜ਼ਹਬੀ, ਸਿਆਸੀ, ਕਨੂੰਨੀ, ਸਾਹਿਤਕ ਤੇ ਵਿਚਾਰਧਾਰਕ ਉਸਾਰਾਂ ਦੇ ਇਤਿਹਾਸ ਨੂੰ ਵੇਖਿਆ ਜਾਚਿਆ ਜਾਏ ਤਾਂ ਹੀ ਉਹਨਾਂ ਦੇ ਚੰਗੇ ਮੰਦੇ ਸਹਾਰਵੇਂ ਜਾਂ ਕੌੜੇ, ਕਬੂਲ ਜਾਂ ਰੱਦ ਅਤੇ ਅਗਾਂਹਵਧੂ ਜਾਂ ਪਿਛਾਂ-ਰਖੂ ਹੋਣ ਦਾ ਪਤਾ ਲੱਗਦਾ ਹੈ, ਏਸ ਲਈ ਨਾਨਕ ਬਾਣੀ ਦਾ ਨਿਰਣਾ ਕਰਨ ਲਈ, ਪਹਿਲਾਂ ਤਾਂ, ਨਾਨਕ ਤੋਂ ਪਹਿਲੀਆਂ ਸਮਕਾਲੀ ਤੇ ਉਪਰੰਤਲੀਆਂ ਪਦਾਰਥਕ ਹਾਲਤਾਂ ਤੇ ਇਹਨਾਂ ਹਾਲਤਾਂ ਦੇ ਸੁਧਾਰਕਾਂ ਦੇ ਵਿਚਾਰਾਂ ਤੇ ਦੂਸਰੇ ਨਾਨਕ ਬਾਣੀ ਦੀ ਮਨਾਉਤ ਤੋਂ ਰਚੇ ਗਏ ਇਤਿਹਾਸ ਦੀ ਘੋਖ ਲਾਜ਼ਮੀ ਹੋ ਜਾਂਦੀ ਹੈ।

ਜਗਤ ਇਤਿਹਾਸ 'ਤੇ ਨਿਗਾਹ ਮਾਰਿਆ ਪਤਾ ਲਗਦਾ ਹੈ, ਕਿ ਗੁਰੂ ਨਾਨਕ ਇਤਿਹਾਸ ਮੱਧਕਾਲ ਅੰਦਰ ਲੱਗ ਚੁੱਕੀ ਉਸ ਨਵੀਂ ਜਾਗ ਦੀ ਹੀ ਹਿੰਦੀ ਸਾਖ ਹੈ, ਜੋ ਯੂਰਪ ਏਸ਼ੀਆ ਦੇ (ਪੂਰਬੀ ਏਸ਼ੀਆ ਦੇ ਇਤਿਹਾਸ ਦੀ ਜਾਣਕਾਰੀ ਨਹੀਂ ਹੋ ਸਕੀ-ਸਹਿੰਸਰਾ) ਵਿਕਰਾਲ ਈਸਾਈ, ਮੁਸਲਿਮ ਤੇ ਹਿੰਦੂ ਧਰਮ ਸਮਾਜਾਂ ਦੇ ਪੇਟ ਵਿੱਚ ਉੱਠੀ ਤੇ ਪੰਦਰਵੀਂ ਸਦੀ ਦੇ ਪਿਛਲੇ ਅੱਧ ਵਿੱਚ ਬਕਾਇਦਾ ਵਿਦਰੋਹ ਬਣ ਤੁਰੀ।

ਇਹ ਉਸ ਨਵੇਂ ਅੰਸ਼ ਦੀ ਕਾਰ ਸੀ, ਜੋ ਮੱਧ ਸਮੇਂ ਦੇ ਫਿਊਡਲ ਸ਼ਾਹੀ ਹੇਠਲੀ ਜਾਂ ਅਜ਼ਾਦ ਕਬੀਲਿਆਂ ਦੀ ਜ਼ਮੀਨੀ ਪੈਦਾਵਾਰ ਤੋਂ ਬੇਦਖਲ ਕਰ ਦਿੱਤਾ ਗਿਆ ਸੀ ਤੇ ਸੌਦਾ ਸੂਤ ਵੇਚ-ਵੱਟਣ ਦਾ ਨਵਾਂ ਧੰਦਾ ਲੈ ਤੁਰਿਆ ਸੀ। ਇਹ ਕਿੱਤਾ ਮਿਹਨਤ ਦੀ ਉਹ ਵੰਡ ਸੀ, ਜਿਸ ਨੇ ਐਸੀ ਜਮਾਤ ਉਤਪੰਨ ਕਰ ਦਿੱਤੀ, ਜਿਸ ਦਾ ਪੈਦਾਵਾਰ ਨਾਲ਼ ਕੋਈ ਸਿੱਧਾ ਵਾਸਤਾ ਨਹੀਂ। ਉਹ ਸੀ ਵਪਾਰੀ, ਜਿਸ ਨੂੰ ਬੁਰਜੂਆਜੀ ਆਖਿਆ ਜਾਂਦਾ ਹੈ। ਏਸ ਅਜ਼ਾਦ ਧੰਦੇ ਨੂੰ ਆਪਣੇ ਸਮੇਂ ਦੇ ਸਮਾਜ ਦੇ ਬੜੇ ਅੜਿੱਕੇ ਲੱਗੇ। ਉਸ ਦੇ ਸੌਦੇ ਦੇ ਦਸੌਰ ਜਾਣ 'ਤੇ ਆਉਣ ਦੇ ਰਾਹ ਵਿੱਚ ਦੇਸ਼ ਦੇ ਨੋਬਲਾਂ (ਸਾਊਆਂ) ਦੇ ਇਲਾਕੇ, ਫਿਊਡਲਾਂ ਦੇ ਨਿੱਕੇ ਨਿੱਕੇ ਰਜਵਾੜੇ, ਬਰਾਦਰੀ ਕਬੀਲਿਆਂ ਦੀਆਂ ਛੋਟੀਆਂ ਛੋਟੀਆਂ ਹੰਗਾਂ ਰੁਕਾਵਟਾਂ ਬਣ ਗਈਆਂ। ਉਸਦਾ ਸੌਦਾ ਫਿਊਡਲਾਂ ਬੁੱਕਲ ਵਿੱਚ ਜਾਂ ਕਬੀਲਿਆਂ ਦੀਆਂ ਹੱਦਾਂ ਵਿੱਚ ਦੀ ਸੁਖੀ-ਸਾਂਦੀ ਨਹੀਂ ਸੀ ਲੰਘ ਸਕਦਾ, ਲੁੱਟੇ ਪੁੱਟੇ ਜਾਣ ਤੇ ਥਾਂ ਪਰ ਥਾਂ ਟੈਕਸਾਂ ਦੀ ਭਰਮਾਰ ਮਾਰੂ ਬਣ ਜਾਂਦੀ ਸੀ ਤੇ ਫੇਰ ਇਹਨਾਂ ਸਮਾਜੀ ਤੇ ਸਿਆਸੀ ਰਿਸ਼ਤਿਆਂ 'ਤੇ ਅਧਾਰਤ ਵਸੋਂ ਦੀ ਜਮਾਤ-ਬੰਦੀ ਤੇ ਏਸ ਤੋਂ ਪੈਦਾ ਹੋਇਆ ਅਧਿਆਤਮਕ ਉਸਾਰ ਏਸ ਦੇ ਪੈਰਾਂ ਦੀਆਂ ਬੇੜੀਆਂ ਸਨ।

(ਬਾਕੀ ਅਗਲੇ ਅੰਕ 'ਚ)








ਕੈਨੇਡਾ ਫੈਡਰਲ ਚੋਣਾਂ 2015

# ਲਿਬਰਲ ਪਾਰਟੀ ਨੂੰ ਭਾਰੀ ਬਹੁਮਤ, ਦੇਸ਼ ਦਾ ਭਵਿੱਖ ਨੌਜਵਾਨ ਜਸਟਿਨ ਟਰੂਡੋ ਹਵਾਲੇ



ਪ੍ਰਿੰ. ਗੁਰਦੀਪ ਸਿੰਘ ਰੰਧਾਵਾ, ਬਰੈਂਪਟਨ
647-821-7170





ਕੈਨੇਡਾ ਵਿਚ 2015 ਦੀਆਂ ਹੋਈਆਂ ਫੈਡਰਲ ਚੋਣਾਂ ਵਿੱਚ ਲਿਬਰਲ ਪਾਰਟੀ ਭਾਰੀ ਬਹੁਮੱਤ ਹਾਸਲ ਕਰਕੇ ਸੱਤਾਧਾਰੀ ਪਾਰਟੀ ਬਣਕੇ ਸਾਹਮਣੇ ਆਈ ਹੈ, ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਕੰਜਰਵੇਟਿਵ ਪਾਰਟੀ ਦੀ ਇੱਕ ਦਹਾਕੇ ਦੀ ਸੱਤਾ ਖਤਮ ਹੋ ਗਈ ਹੈ। ਲਿਬਰਲ ਪਾਰਟੀ 2011 ਦੀ ਕੁਝ ਸਾਲ ਪਹਿਲਾਂ ਦੀ ਚੋਣ ਦੌਰਾਨ ਬੁਰੀ ਤਰ੍ਹਾਂ ਦੀ ਹਾਰ ਤੋਂ ਬਾਅਦ ਹੁਣ ਹੂੰਝਾ ਫੇਰ ਰਿਕਾਰਡ ਤੋੜ ਜਿੱਤ ਹਾਸਲ ਕਰਕੇ ਕੁੱਲ ਵੋਟਰਾਂ ਦੀਆਂ 40% ਵੋਟਾਂ ਪ੍ਰਾਪਤ ਕੀਤੀਆਂ ਜਿਹੜੀਆਂ 2011 ਨਾਲੋਂ ਦੁਗਣੀਆਂ ਹਨ। ਆਪਣੀ ਇਸ ਤਰ੍ਹਾਂ ਲਿਬਰਲ ਪਾਰਟੀ ਤੀਜੇ ਸਥਾਨ ਦੀ ਕੌਮੀ ਫੈਡਰਲ ਪਾਰਟੀ ਤੋਂ ਪਹਿਲੇ ਸਥਾਨ ਦੀ ਪਾਰਟੀ ਦਾ ਰੁਤਬਾ ਹਾਸਲ ਕਰ ਸਕੀ ਹੈ। ਇਸ ਦੇ ਉਲਟ ਕੰਸਰਵੇਟਿਵ ਪਾਰਟੀ ਉਨ੍ਹਾਂ ਨੂੰ ਸਿਰਫ 99 ਸੀਟਾਂ ਮਿਲੀਆਂ ਅਤੇ 2011 ਚੋਣਾਂ ਨਾਲੋਂ 67 ਸੀਟਾਂ ਦਾ ਘਾਟੇ ਨਾਲ ਸੱਤਾ ਤੋਂ ਬਾਹਰ ਹੋਈ ਹੈ। ਹਾਰਪਰ ਨੇ ਪਾਰਟੀ ਦੀ ਇਨ੍ਹੀ ਬੁਰੀ ਹਾਰ ਦੀ ਜੁੰਮੇਵਾਰੀ ਓਟਦੇ ਹੋਏ ਪਾਰਟੀ ਆਗੂ ਵਜੋਂ ਅਸਤੀਫ਼ਾ ਦੇ ਦਿੱਤਾ ਹੈ। ਅਸਲ ਵਿੱਚ ਸੰਸਾਰ ਵਿਆਪੀ ਆਰਥਿਕ ਮੰਦਵਾੜੇ ਦੌਰਾਨ ਕੈਨੇਡਾ ਵੀ ਦੇਸ਼ ਦੀ ਆਰਥਿਕ ਖੜ੍ਹੋਤ ਲਈ ਚਿੰਤਾਤੁੱਰ ਹੈ ਅਤੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਇਸ ਦੀ ਆਰਥਿਕਤਾ ਲਈ ਕੋਈ ਕ੍ਰਿਸ਼ਮਾ ਕਰਨ ਵਿੱਚ ਕਾਮਯਾਬ ਨਹੀਂ ਹੋ ਸਕਿਆ, ਇਸ ਦੇ ਉਲਟ ਬਜਟ ਕਟੌਤੀਆਂ, ਟੈਕਸਾਂ 'ਚ ਵਾਧਾ, ਅਮਰੀਕਾ ਨਾਲ ਮਿਲਕੇ ਦੂਸਰੇ ਦੇਸ਼ਾਂ ਵਿਰੁੱਧ ਫੌਜੀ ਚੜ੍ਹਾਈਆਂ, ਵਰਕਰ ਅਤੇ ਜਮਹੂਰੀ ਹੱਕਾਂ ਵਿਰੁੱਧ ਕਨੂੰਨ ਸੋਧਾਂ ਕਰਕੇ ਆਮ ਵੱਸੋਂ ਵਿੱਚ ਸਰਕਾਰ ਪ੍ਰਤੀ ਰੋਸ ਨੂੰ ਵਰਤਣ ਵਿੱਚ ਲਿਬਰਲ ਪਾਰਟੀ ਕਾਮਯਾਬ ਰਹੀ ਹੈ। ਲਿਬਰਲ ਪਾਰਟੀ ਦੀ ਇਸ ਜਿੱਤ ਵਿੱਚ ਸੋਸ਼ਲ-ਡੈਮੋਕਰੈਟਿਕ ਐਨ. ਡੀ. ਪੀ. ਪਾਰਟੀ ਅਤੇ ਵਰਕਰ ਜੱਥੇਬੰਦੀਆਂ ਦੇ ਲਗਾਤਾਰ ਸਰਗਰਮ ਯੋਗਦਾਨ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਜਿਸ ਤਹਿਤ ਇਹ ਹਾਰਪਰ ਨੂੰ ਸੱਤਾ ਤੋਂ ਉਤਾਰ ਕੇ ਇੱਕ ਅਗਾਂਹਵਧੂ ਸਰਕਾਰ ਦੀ ਸਥਾਪਨਾ ਲਈ ਸਰਗਰਮ ਸਨ ਜਿਸ ਵਿੱਚ ਲਿਬਰਲ ਪਾਰਟੀ ਦਾ ਵੀ ਅਹਿਮ ਹਿੱਸੇਦਾਰੀ ਹੋਵੇ। ਪਿਛਲੇ ਕਈ ਸਾਲਾਂ ਤੋ ਵਰਕਰ ਜੱਥੇਬੰਦੀਆਂ ਅਤੇ ਐਨ. ਡੀ. ਪੀ. ਪਾਰਟੀ ਨੇ 'ਹਾਰਪਰ ਬਗੈਰ ਕੋਈ ਵੀ'ਮੁਹਿੰਮ ਸ਼ੁਰੂ ਕੀਤੀ ਹੋਈ ਸੀ ਜਿਸ ਵਿੱਚ ਇਹਨਾਂ ਕਈ ਮਿਲੀਅਨ ਡਾਲਰ ਕੰਨਸਰਵੇਟਿਵ ਵਿਰੋਧੀ ਪ੍ਰਚਾਰ ਸਮੱਗਰੀ ਅਤੇ ਵਿਰੋਧ ਵਿਖਾਵੇ ਲਈ ਖਰਚ ਕੀਤੇ। ਇਹ ਵੱਖਰੀ ਗੱਲ ਹੈ ਕਿ ਚੋਣ ਪ੍ਰਚਾਰ ਦੌਰਾਣ ਲਿਬਰਲ ਪਾਰਟੀ ਆਪਣੇ ਆਪ ਨੂੰ ਹਾਰਪਰ ਵਿਰੁੱਧ ਉਸਾਰੂ ਅਤੇ ਯੋਗ ਬਦਲ ਪੇਸ਼ ਕਰਕੇ ਵੋਟਰਾਂ ਨੂੰ ਜਚਾਉਣ ਵਿੱਚ ਕਾਮਯਾਬ ਨਿਕਲੀ ਜਿਹੜਾ ਕਿ ਆਪਣੇ ਪ੍ਰਧਾਨ ਮੰਤਰੀ ਸ਼ਾਸਨਕਾਲ ਦੌਰਾਨ ਸਮਾਜ ਭਲਾਈ ਸਕੀਮਾਂ ਵਿੱਚ ਵੱਡੀਆਂ ਕਟੌਤੀਆਂ, ਲੋਕਾਂ ਦੀ ਕਈ ਬਿਲੀਅਨ ਡਾਲਰ ਸੇਵਿੰਗ ਜਮ੍ਹਾਂ ਰਾਸ਼ੀ ਨੂੰ ਕਾਰਪੋਰੇਟ, ਨਿਵੇਸ਼-ਲਾਭ ਅਤੇ ਨਿੱਜੀ ਇਨਕਮ-ਟੈਕਸ ਕਟੌਤੀਆਂ ਰਾਹੀਂ ਵੱਡੇ ਉਦਯੋਗਪਤੀਆਂ ਅਤੇ ਆਰਿਥਕ-ਅਦਾਰਿਆਂ ਦੇ ਹਵਾਲੇ ਕਰਣ ਲਈ ਜੁੰਮੇਵਾਰ ਸੀ। ਇਨ੍ਹਾਂ ਚੋਣਾਂ ਦੌਰਾਨ ਐਨ. ਡੀ. ਪੀ. ਪਾਰਟੀ ਨੂੰ ਵੀ ਨੁਕਸਾਨ ਹੋਇਆ, ਪਿਛਲੀਆਂ 2011 ਚੋਣਾਂ ਨਾਲੋਂ ਤਕਰੀਬਨ ਅੱਧੀਆਂ ਸਿਰਫ 44 ਸੀਟਾਂ ਅਤੇ ਵੋਟਰਾਂ ਦੀ ਗਿਣਤੀ ਤੀਜੇ ਹਿੱਸੇ ਤੋਂ ਵੀ ਘਟ ਗਈ।

ਇਨ੍ਹਾਂ 2015 ਚੋਣਾਂ ਦੌਰਾਨ 338 ਪਾਰਲੀਮੈਂਟ ਦੀਆਂ ਕੁਲ ਸੀਟਾਂ ਵਿਚੋਂ ਹਾਸਲ ਕੀਤੀਆਂ ਸੀਟਾਂ ਦਾ ਪਾਰਟੀ ਵਾਰ ਵੇਰਵਾ ਇਸ ਪ੍ਰਕਾਰ ਹੈ। ਫੈਡਰਲ ਲਿਬਰਲ ਪਾਰਟੀ ਨੂੰ ਕੁੱਲ 184ਸੀਟਾਂ, ਕੰਸਰਵੇਟਿਵ ਪਾਰਟੀ 99, ਐਨ. ਡੀ. ਪੀ. ਪਾਰਟੀ 44,ਕਿਊਬਿਕ ਬਲਾਕ 10 ਅਤੇ ਗਰੀਨ ਪਾਰਟੀ ਸਿਰਫ ਇੱਕ ਸੀਟ ਪ੍ਰਾਪਤ ਹੋਈ। ਇਹ ਪੰਜ ਰਾਜਨੀਤਕ ਪਾਰਟੀਆਂ ਹੀ ਆਪਣਾ ਖਾਤਾ ਖੋਲ੍ਹ ਸਕੀਆਂ ਪਰ ਬਾਕੀ ਪਾਰਟੀਆਂ ਕੈਨੇਡਾ ਦੀ ਪਾਰਲੀਮੈਂਟ ਵਿਚ ਆਪਣਾ ਖਾਤਾ ਖੋਲ੍ਹਣ 'ਚ ਅਸਫ਼ਲ ਰਹੀਆਂ।

ਕੈਨੇਡਾ ਦੀਆਂ ਇਨ੍ਹਾਂ 42ਵੀਆਂ ਫੈਡਰਲ ਚੋਣਾਂ 1872 ਤੋਂ ਬਾਅਦ ਚੋਣ ਪ੍ਰਚਾਰ ਲਈ ਇੰਨਾ ਲੰਮਾ ਸਮਾਂ ਰੱਖਿਆ ਗਿਆ ਜੋ ਕਿ 11 ਹਫ਼ਤੇ (87 ਦਿਨ) ਸੀ ਜਿਸ ਨਾਲ ਕੁਝ ਪਾਰਟੀਆਂ ਨੂੰ ਨੁਕਸਾਨ ਹੋਇਆ ਕੁਝ ਕੁ ਨੂੰ ਫਾਇਦਾ ਹੋਇਆ। ਚੋਣ ਪ੍ਰਚਾਰ ਦੇ ਸ਼ੁਰੂ ਵਿਚ ਐਨ. ਡੀ. ਪੀ. ਨੂੰ ਸਰਵੇ ਅਨੁਸਾਰ ਸਭ ਤੋਂ ਉਪਰ ਦਿਖਾਇਆ ਗਿਆ ਸੀ ਅਤੇ ਲਿਬਰਲ ਪਾਰਟੀ ਨੂੰ ਸਭ ਤੋਂ ਥੱਲੇ ਜਿਉਂ ਜਿਉਂ ਸਮਾਂ ਬੀਤਦਾ ਗਿਆ ਇਹ ਸਮੀਕਰਨਾਂ ਅਤੇ ਗ੍ਰਾਫ਼ ਬਦਲਦਾ ਗਿਆ ਜੋ ਚੋਣਾਂ ਲਾਗੇ ਪੂਰਾ ਹੀ ਬਦਲ ਗਿਆ। ਲਿਬਰਲ ਸਭ ਤੋਂ ਉਤੇ ਆ ਗਏਅਤੇ ਐਨ. ਡੀ. ਪੀ. ਸਭ ਤੋਂ ਥੱਲੇ। ਅਜਿਹਾ ਹੀ ਚੋਣ ਨਤੀਜਿਆਂ ਤੋਂ ਸਾਬਤ ਹੋ ਗਿਆ ਹੈ। 338 ਸੀਟਾਂ ਵਾਲੀ ਪਾਰਲੀਮੈਂਟ ਵਿਚ 184 ਸੀਟਾਂ 'ਤੇ ਲਿਬਰਲ ਦਾ ਕਬਜ਼ਾ ਹੋ ਗਿਆ। 99 ਸੀਟਾਂ 'ਤੇ ਕੰਜਰਵੇਟਿਵ, 44 ਸੀਟਾਂ ਤੇ ਐਨ. ਡੀ. ਪੀ. 10 ਸੀਟਾਂ 'ਤੇ ਕਿਊਬਕ ਬਲਾਕ 1 ਸੀਟ 'ਤੇ ਗਰੀਨ ਪਾਰਟੀ ਤੇ ਉਮੀਦਵਾਰਾਂ ਦੀ ਕਾਮਯਾਬੀ ਹੋਈ ਹੈ। ਚੋਣ ਕਮਿਸ਼ਨਰ ਮੁਤਾਬਕ 68.2% ਇਸ ਚੋਣ ਵਿਚ ਵੋਟਾਂ ਪਈਆਂ। ਲਿਬਰਲ ਪਾਰਟੀ 39.5% ਵੋਟਾਂ ਲੈ ਕੇ 184 ਸੀਟਾਂ ਹਾਸਲ ਕੀਤੀਆਂ। ਕੰਜਰਵੇਟਿਵ ਪਾਰਟੀ ਨੇ 31.97% ਵੋਟਾਂ ਹਾਸਲ ਕਰਕੇ 99 ਸੀਟਾਂ ਜਿੱਤੀਆਂ। ਐਨ. ਡੀ. ਪੀ. ਨੇ 19.7% ਵੋਟਾਂ ਹਾਸਲ ਕਰਕੇ 44 ਸੀਟਾਂ ਹਾਸਲ ਕੀਤੀਆਂ। ਲਗਭਗ 3 ਕਰੋੜ ਤੋਂ ਵੱਧ ਵੋਟਾਂ ਵਿਚੋਂ 1 ਕਰੋੜ 76 ਲੱਖ ਵੋਟਾਂ ਪੋਲ ਹੋਈਆਂ ਜਦੋਂ ਕਿ ਫੈਡਰਲ 2011 ਵਿਚ ਕੰਜਰਵੇਟਿਵ ਪਾਰਟੀ ਨੇ 39.62% ਵੋਟਾਂ ਲੈ ਕੇ 308 ਵਿਚੋਂ 166 ਸੀਟਾਂ ਹਾਸਲ ਕੀਤੀਆਂ। ਐਨ. ਡੀ. ਪੀ. ਨੇ 30.63% ਵੋਟਾਂ ਹਾਸਲ ਕਰਕੇ 103 ਸੀਟਾਂ ਜਿੱਤੀਆਂ। ਲਿਬਰਲ ਪਾਰਟੀ ਨੇ 18.91% ਵੋਟਾਂ ਲੈ ਕੇ 34 ਸੀਟਾਂ ਪ੍ਰਾਪਤ ਕੀਤੀਆਂ। ਇਸੇ ਤਰ੍ਹਾਂ 23 ਰਾਜਨੀਤਕ ਪਾਰਟੀਆਂ ਨੇ 1792 ਉਮੀਦਵਾਰ ਖੜ੍ਹੇ ਕੀਤੇ ਜਿਨ੍ਹਾਂ ਵਿਚ ਲਿਬਰਲ ਨੇ 337, ਐਨ. ਡੀ. ਪੀ. ਨੇ 338, ਕੰਜਰਵੇਟਿਵ ਨੇ 338, ਗਰੀਨ ਪਾਰਟੀ 33 ਕਿਊਬਕ ਬਲਾਕ 78, ਲਿਬਰਟੇਰੀਅਨ ਪਾਰਟੀ 72, ਮਾਰਕਸਿਸਟ ਲੈਨਿਨਨਿਸਟ ਕ੍ਰਿਸੀਚੀਅਨ, ਹੇਰੀਟੇਜ 70, ਚਾਈਨੋਸੋਰਸ 27, ਕਮਿਊਨਿਸਟ 21, ਫੋਰਸਿਜ ਐਂਡ ਡੈਮੋਕ੍ਰੈਸੀ 17, ਪਾਈਰੇਟ ਪਾਰਟੀ 5 ਨੇ ਆਪਣੇ 2 ਉਮੀਦਵਾਰ ਚੋਣਾਂ ਵਿਚ ਉਤਾਰੇ।

ਪ੍ਰਾਂਤਵਾਰ ਕੈਨੇਡਾ ਦੀਆਂ ਰਾਜਨੀਤਕ ਪਾਰਟੀਆਂ ਕਿਥੇ ਕਿਥੇ ਖੜ੍ਹੀਆਂ ਹਨ-ਕੈਨੇਡਾ ਦੇ 10 ਪ੍ਰਾਂਤ ਹਨ ਅਤੇ 3 ਟੈਰੋਟਰੀਆ 338 ਐਮ. ਪੀ. ਸੀਟਾਂ ਦੀ ਵੰਡ ਅਤੇ ਚੋਣਾਂ 2015 ਵਿਚ ਮਿਲੀਆਂ ਸੀਟਾਂ ਇਸ ਪ੍ਰਕਾਰ ਹਨ।

1. ਓਂਟਾਰੀਓ ਸੂਬਾ:- ਕੁੱਲ ਸੀਟਾਂ 121 ਵਿੱਚੋਂ ਲਿਬਰਲ ਪਾਰਟੀ ਨੇ 80 ਸੀਟਾਂ, ਕੰਜਰਵੇਟਿਵ 33 ਸੀਟਾਂ ਅਤੇ



## ਕੈਨੇਡਾ ਦੀਆਂ 42ਵੀਆਂ ਫੈਡਰਲ ਚੋਣਾਂ 2015 ਦਾ ਅੰਕੜਿਆਂ ਸਮੇਤ ਪੂਰਨ ਸਰਵੇਖਣ

- ਫੈਡਰਲ ਲਿਬਰਲ ਪਾਰਟੀ ਦੇ ਆਗੂ ਜਸਟਿਨ ਪੈਰੀ ਜੇਮਜ ਟ੍ਰੂਡੋ ਨੂੰ ਹਾਊਸ ਆਫ਼ ਕਾਮਨਜ਼ ਵਿਚ ਮਿਲਿਆ ਬਹੁਮਤ, ਲਿਬਰਲ ਪਾਰਟੀ 338 ਸੀਟਾਂ ਵਾਲੇ ਹਾਊਸ ਵਿਚ 184 ਸੀਟਾਂ ਜਿੱਤ ਕੇ ਸੱਤਾ 'ਤੇ ਕਾਬਜ਼। ਪਾਰਟੀ ਨੂੰ 2011 ਚੋਣਾਂ ਨਾਲੋਂ 150 ਸੀਟਾਂ ਵੱਧ ਮਿਲੀਆਂ।
- ਜਸਟਿਨ ਪੈਰੀ ਜੇਮਜ ਟਰੂਡੋ ਹੋਣਗੇ ਕੈਨੇਡਾ ਦੇ 23ਵੇਂ ਪ੍ਰਧਾਨ ਮੰਤਰੀ-ਟੋਰੀਆ ਦੇ 10 ਸਾਲਾ ਰਾਜ ਦਾ ਹੋਇਆ ਖਾਤਮਾ।
- ਜਸਟਿਨ ਪੈਰੀ ਜੇਮਜ ਟਰੂਟੋ ਦੇ ਕੈਨੇਡਾ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਸਵਰਗਵਾਸੀ ਪਿਤਾ ਪੈਰੀ ਐਲੀਅਟ ਟਰੂਡੋ ਦੀ ਕੈਨੇਡਾ ਮੁਲਕ ਪ੍ਰਤੀ ਦੇਸ਼ ਭਗਤੀ, ਲੋਕ ਭਲਾਈ ਦੇ ਕੰਮ, ਖਾਸ ਕਰਕੇ ਪਰਵਾਸੀਆਂ ਪ੍ਰਤੀ ਕੀਤੇ ਗਏ ਕੰਮਾਂ 'ਤੇ ਕੈਨੇਡਾ ਨੂੰ ਪਰਵਾਸੀਆਂ ਦਾ ਦੇਸ਼ ਬਣਾਉਣ ਵਿਚ ਪੂਰਨ ਯੋਗਦਾਨ ਪਾਉਣ ਅਤੇ ਪਰਵਾਸੀਆਂ ਨੂੰ ਸਰਕਾਰ ਵਲੋਂ ਸਹੂਲਤਾਂ ਪ੍ਰਦਾਨ ਕਰਨ ਸਦਕਾ ਕੈਨੇਡਾ ਦੇ ਲੋਕਾਂ ਨੇ ਉਨ੍ਹਾਂ ਦੀਆਂ ਇਛਾਈਆਂ ਨੂੰ ਮੁੱਖ ਰੱਖਕੇ 43 ਸਾਲਾ ਉਸ ਦੇ ਪੁੱਤਰ ਨੂੰ ਪੂਰਨ ਸਮਰਥਨ ਦਿੱਤਾ।
- ਸਟੀਫਨ ਹਾਰਪਰ (ਕੰਜਰਵੇਟਿਵਾ) ਟੋਰੀਆਂ ਦਾ ਰਾਜ ਖਤਮ ਉਨ੍ਹਾਂ ਨੂੰ 99 ਸੀਟਾਂ ਮਿਲੀਆਂ। 67 ਸੀਟਾਂ ਦਾ ਘਾਟਾ ਪਿਆ। ਹਾਰਪਰ ਨੇ ਹਾਰਨ ਤੋਂ ਬਾਅਦ ਪਾਰਟੀ ਆਗੂ ਵਜੋਂ ਦਿੱਤਾ ਅਸਤੀਫ਼ਾ।
- ਟੋਮ ਮਲਕੇਅਰ ਐਨਡੀਪੀ ਆਗੂ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਉਹ ਹਾਊਸ ਵਿਚ44 ਸੀਟਾਂ ਤੱਕ ਸਿਮਟ ਕੇ ਰਹਿ ਗਏ ਉਨ੍ਹਾਂ ਨੂੰ 59 ਸੀਟਾਂ ਦਾ ਘਾਟਾ ਪਿਆ।
- ਚੋਣ ਪ੍ਰਚਾਰ 87 ਦਿਨ ਅਰਥ 11 ਹਫ਼ਤੇ ਤੱਕ 'ਚ ਲਿਆ। ਇਹ ਲੰਬਾ ਸਮਾਂ 1872 ਤੋਂ ਬਾਅਦ ਦੂਜੀ ਵਾਰੀ ਨਿਸਚਿਤ ਹੋਇਆ। ਜੇ 5 ਹਫ਼ਤਿਆਂ ਦਾ ਸਮਾਂ ਮਿਲਦਾ ਤਾਂ ਪਾਰਟੀਆਂ ਦੀ ਸਥਿਤੀ ਹੋਰ ਹੋ ਸਕਦੀ ਸੀ।
- ਕੁਲ ਉਮੀਦਵਾਰ 1792 ਇਸ 2015 ਦੀਆਂ ਚੋਣਾਂ ਵਿਚ ਖੜ੍ਹੇ ਹੋਏ। ਕੈਨੇਡਾ ਫੈਡਰਲ ਚੋਣਾਂ 2015 ਵਿਚ 3 ਕਰੋੜ ਤੋਂ ਵੱਧ ਵੋਟਾਂ ਬਣੀਆਂ। ਹਾਊਸ ਆਫ਼ ਕਾਮਨਜ਼ ਵਿਚ 308 ਚੋਣਾਂ 2011 ਦੀ ਥਾਂ ਫੈਡਰਲ ਚੋਣਾਂ 2015 ਵਿਚ 338 ਸੀਟਾਂ ਵਸੋਂ ਦੇ ਹਿਸਾਬ ਨਾਲ ਕਰ ਦਿੱਤੀਆਂ ਗਈਆਂ। ਚੋਣਾਂ 2011 ਨਾਲੋਂ 30 ਸੀਟਾਂ ਵਧਾ ਦਿੱਤੀਆਂ ਗਈਆਂ ਹਨ। ਇਸ ਚੋਣ ਦੰਗਲ ਵਿਚ ਕੁਲ 23 ਰਾਜਨੀਤਕ ਪਾਰਟੀਆਂ ਨੇ ਹਿੱਸਾ ਲਿਆ। ਸਿਰਫ਼ ਪੰਜ ਰਾਜਨੀਤਕ ਪਾਰਟੀਆਂ ਹੀ ਆਪਣਾ ਖਾਤਾ ਖੋਲ੍ਹ ਸਕੀਆਂ ਬਾਕੀ 18 ਪਾਰਟੀਆਂ ਦੇ ਫੈਡਰਲ ਚੋਣਾਂ 2015 ਵਿਚ ਖਾਤਾ ਨਹੀਂ ਖੁੱਲ ਸਕਿਆ।
- ਪੰਜਾਬੀ 27 ਹਲਕਿਆਂ ਤੋਂ 49 ਉਮੀਦਵਾਰ ਖੜ੍ਹੇ ਹੋਏ। ਕੇਵਲ ਲਿਬਰਲ ਦੇ 16 ਉਮੀਦਵਾਰ ਕਾਮਯਾਬ ਹੋਏ ਅਤੇ 2 ਕੰਜਰਵੇਟਿਵ ਦੇ ਕਾਮਯਾਬ ਹੋਏ।
- ਫੈਡਰਲ ਚੋਣਾਂ 2015 ਵਿਚ 26% ਔਰਤਾਂ ਉਮੀਦਵਾਰ ਕਾਮਯਾਬ ਹੋਈਆਂ ਉਨ੍ਹਾਂ ਦੀ ਗਿਣਤੀ ਹਾਊਸ ਆਫ਼ ਕਾਮਨਜ਼ ਵਿਚ 88 ਹੋਵੇਗੀ ਜਦੋਂ ਕਿ ਫੈਡਰਲ ਚੋਣਾਂ 2011 ਵਿਚ 76 ਔਰਤਾਂ ਕਾਮਯਾਬ ਹੋਈਆਂ ਸਨ।
- ਲਿਬਰਲ ਪਾਰਟੀ ਦੀਆਂ 2 ਔਰਤਾਂ ਪਾਕਿਸਤਾਨੀ ਮੂਲ ਦੀਆਂ ਕਾਮਯਾਬ ਹੋਈਆਂ ਹਨ।
- ਪਹਿਲੀ ਵਾਰ ਸਮਾਲੀ ਕੈਨੇਡੀਅਨ ਐਮ. ਪੀ. ਅਹਿਮਦ ਹੁਸੈਨ ਇਰਾਨੀਅਨ ਕੈਨੇਡੀਅਨ ਐਮ. ਪੀ. ਮਜੀਦ ਜਵਾਹਰੀ ਤੇ ਅਫਗਾਨ ਕੈਨੇਡੀਅਨ ਐਮ. ਪੀ. ਮਰੀਅਪ ਮੁਨਸੈਫ ਫੈਡਰਲ ਚੋਣਾਂ 2015 ਵਿਚ ਜਿੱਤੇ ਹਨ।

ਐਨ.ਡੀ.ਪੀ. 8 ਸੀਟਾਂ ਪ੍ਰਾਪਤ ਕੀਤੀਆਂ ।

2. ਕਿਊਬੇਕ -ਕੁੱਲ ਸੀਟਾਂ 78 ਵਿੱਚੋਂ ਲਿਬਰਲ : 40 ਸੀਟਾਂ , ਕੰਜਰਵੇਟਿਵ 12 ਸੀਟਾਂ, ਐਨ. ਡੀ. ਪੀ. 16 ਸੀਟਾਂ ਅਤੇ ਕਿਊਬਿਕ ਬਲਾਕ 10 ਸੀਟਾਂ ਪ੍ਰਾਪਤ ਕਰ ਸਕੀ।

3. ਬ੍ਰਿਟਸ਼ ਕੋਲੰਬੀਆ : ਕੁੱਲ ਸੀਟਾਂ 42 ਸਨ, ਜਿਸ ਵਿੱਚੋਂ ਲਿਬਰਲ 17 ਸੀਟਾਂ, ਕੰਜਰਵੇਟਿਵ 10 ਸੀਟਾਂ, ਐਨ.ਡੀ.ਪੀ. 14 ਸੀਟਾਂ ਅਤੇ ਗਰੀਨ ਪਾਰਟੀ ਸਿਰਫ 1 ਸੀਟ ਲੈ ਸਕੀ ।

4. ਪ੍ਰਿੰਸ ਐਡਵਰਡ ਆਈਲੈਂਡ : ਕੁੱਲ ਸੀਟਾਂ 4 ਜਿਸ ਵਿੱਚੋਂ ਸਾਰੀਆਂ 4 ਸੀਟਾਂ ਲਿਬਰਲ ਪਾਰਟੀ ਲੈ ਗਈ ਅਤੇ ਕੰਜਰਵੇਟਿਵ ਅਤੇ ਐਨ.ਡੀ.ਪੀ ਖਾਤਾ ਵੀ ਨ ਖੋਲ੍ਹ ਸਕੀਆਂ।

5. ਨਿਊ ਬ੍ਰਨਜਵਿਕ ਕੁੱਲ 10 ਸੀਟਾਂ ਹੀ ਲਿਬਰਲ ਪਾਰਟੀ ਲੈ ਗਈ।

6. ਨਿਊਫਾਊਂਡ ਲੈਂਡ ਐਂਡ ਲੈਬਰਾਡੋਰ ਕੁੱਲ 10 ਸੀਟਾਂ ਹੀ ਲਿਬਰਲ ਪਾਰਟੀ ਜੈ ਗਈ

7. ਨੌਵਾ ਸਕੋਸ਼ੀਆ : ਕੁੱਲ 11 ਸੀਟਾਂ ਹੀ ਲਿਬਰਲ ਪਾਰਟੀ ਲੈ ਗਈ।

8. ਸਸਕੈਚਵਨ : ਕੁਲ ਸੀਟਾਂ 14 ਲਿਬਰਲ ਨੂੰ 1 ਸੀਟ, ਕੰਜਰਵੇਟਿਵ 10 ਸੀਟਾਂ, ਐਨ.ਡੀ.ਪੀ.3 ਸੀਟਾਂ ਲੈ ਸਕੀ ।

9. ਐਲਬਰਟਾ : ਕੁਲ ਸੀਟਾਂ 34 ਜਿਸ ਵਿੱਚੋਂ ਲਿਬਰਲ ਨੂੰ 4 ਸੀਟਾਂ, ਕੰਜਰਵੇਟਿਵ ਨੂੰ 29 ਸੀਟਾਂ ਅਤੇ ਐਨ.ਡੀ.ਪੀ.1 ਸੀਟ ਪ੍ਰਾਪਤ ਹੋਈ ।

10. ਪ੍ਰਾਂਤ ਮੈਨੀਟੋਬਾ : ਕੁਲ ਸੀਟਾਂ 14, ਲਿਬਰਲ ਨੂੰ 7 ਸੀਟਾਂ , ਕੰਜਰਵੇਟਿਵ 5 ਸੀਟਾਂ ਅਤੇ ਐਨ.ਡੀ.ਪੀ. ਨੂੰ 2 ਸੀਟਾਂ ਮਿਲ ਸਕੀਆਂ ।

ਦੇਸ਼ ਦੀਆਂ 3 ਟੈਰੋਟਰੀਆਂ ਦਾ ਵੇਰਵਾ:-

1. ਯੂਕੋਨ ਟੈਰੋਟਰੀ ਦੀ ਇੱਕੋ-ਇੱਕ ਸੀਟ 1 ਹੀ ਲਿਬਰਲ ਪਾਰਟੀ ਦੀ ਝੋਲੀ ਪਈ ।

2. ਇਸੇ ਤਰ੍ਹਾਂ ਨੌਰਥ ਵੈਸਟ ਟੈਰੋਟਰੀ ਇੱਕੋ-ਇੱਕ ਸੀਟ 1 ਹੀ ਲਿਬਰਲ ਪਾਰਟੀ ਦੀ ਝੋਲੀ ਪਈ ।

3. ਨੂਨਾਵੱਤ ਟੈਰੋਟਰੀ : ਇੱਕੋ-ਇੱਕ ਸੀਟ 1 ਹੀ ਲਿਬਰਲ ਪਾਰਟੀ ਦੀ ਝੋਲੀ ਪਈ। ਅੰਕੜੇ ਦੱਸਦੇ ਹਨ ਕਿ ਲਿਬਰਲ ਪਾਰਟੀ ਦੀਆਂ 7 ਪ੍ਰਾਂਤਾਂ ਵਿਚ ਪ੍ਰਾਂਤਕ ਸਰਕਾਰਾਂ ਹਨ ਉਨ੍ਹਾਂ ਵਿਚੋਂ 6 ਪ੍ਰਾਂਤਾਂ ਵਿਚ ਫੈਡਰਲ ਚੋਣਾਂ ਦੌਰਾਨ ਵਿਚ ਸਾਰੀਆਂ ਬਾਕੀ ਪਾਰਟੀਆਂ ਨਾਲੋਂ ਚੜ੍ਹਤ ਹਾਸਲ ਹੋਈ ਹੈ, ਪਰ 7ਵੇਂ ਪ੍ਰਾਂਤ ਸਸਕੈਚਵਨ ਵਿਚੋਂ 14 ਸੀਟਾਂ ਵਿਚੋਂ ਸਿਰਫ਼ 1 ਸੀਟ ਰਾਜ ਸੱਤਾ 'ਤੇ ਕਾਬਜ਼ ਪਾਰਟੀ ਲਿਬਰਲ ਨੂੰ ਮਿਲੀ ਹੈ।

ਟੈਰੋਟਰੀਆਂ ਦੀਆਂ ਸਾਰੀਆਂ ਤਿੰਨੇ ਸੀਟਾਂ ਲਿਬਰਲ ਪਾਰਟੀ ਦੇ ਖਾਤੇ ਵਿਚ ਗਈਆਂ ਹਨ। ਐਲਬਰਟਾਂ ਅਤੇ ਮੈਨੀਟੋਬ ਪ੍ਰਾਂਤਾਂ ਵਿਚ ਐਨ.ਪੀ.ਡੀ.ਦੀਆਂ ਸਰਕਾਰਾਂ ਹਨ, ਪਰ ਇਸ ਪਾਰਟੀ ਨੇ 48 ਸੀਟਾਂ ਵਿਚੋਂ ਸਿਰਫ਼ 3 ਸੀਟਾਂ ਹੀ ਜਿੱਤੀਆਂ ਹਨ ਜਦਕਿ 34 ਸੀਟਾਂ ਕੰਜਰਵੇਟਿਵ ਤੇ 11 ਸੀਟਾਂ ਲਿਬਰਲ ਨੂੰ ਮਿਲੀਆਂ ਹਨ। ਜਾਪਦਾ ਹੈ ਇਨ੍ਹਾਂ ਪ੍ਰਾਂਤਾਂ ਵਿਚ ਵੋਟਰਾਂ ਨੇ ਆਰਥਿਕ ਸੰਕਟ ਨਾਲ ਨਜਿੱਠਣ ਲਈ ਨਾਕਾਮਯਾਬ ਰਹੀਆਂ ਐਨ.ਡੀ.ਪੀ. ਸਰਕਾਰਾਂ ਨੂੰ ਨਕਾਰਿਆ ਹੈ । ਲੋਕ ਸਰਕਾਰਾਂ ਦੇ ਉਲਟ ਗਏ ਹਨ ਜਿਵੇਂਕਿ ਨਿਊਫਾਊਡਲੈਂਡ ਪ੍ਰਾਂਤ ਵਿਚ ਕੰਜਰਵੇਟਿਵ ਦੀ ਸਰਕਾਰ ਹੈ, ਉਥੇ ਉਨ੍ਹਾਂ ਨੂੰ 7 ਵਿਚੋਂ ਕੋਈ ਸੀਟ ਨਹੀਂ ਮਿਲੀ। ਹੋ ਸਕਦਾ ਹੈ ਲੋਕ ਰਾਜ ਸਰਕਾਰ ਤੋਂ ਨਰਾਜ਼ ਹੋਣ, ਲਿਬਰਲ ਪਾਰਟੀ ਦੀਆਂ 6 ਰਾਜਾਂ ਦੀਆਂ ਸਰਕਾਰਾਂ ਸਨ ਅਤੇ ਲੋਕ ਲਿਬਰਲ ਪਾਰਟੀ ਨਾਲ ਖੁਸ਼ ਹਨ, ਪਰ ਸਸਕੈਚਵਨ ਪ੍ਰਾਂਤ ਵਿਚ ਲਿਬਰਲ ਦੀ ਰਾਜ ਸਰਕਾਰ ਲੋਕਾਂ ਵਿਚ ਆਪਣਾ ਆਧਾਰ ਨਹੀਂ ਬਣਾ ਸਕੀ। ਇਸ ਕਰਕੇ ਸਸਕੈਚਵਨ ਵਿਚ ਲਿਬਰਲ ਦੀ ਹਾਰ ਹੋਈ ਹੈ ਜਿਥੇ ਕਿ 14 ਸੀਟਾਂ ਵਿਚੋਂ ਸਿਰਫ਼ ਤੇ ਸਿਰਫ਼ ਇਕ ਸੀਟ ਹੀ ਨਸੀਬ ਹੋਈ ਹੈ। ਫੈਡਰਲ ਸਰਕਾਰ ਤੇ ਰਾਜ ਸਰਕਾਰ ਇਕ ਪਾਰਟੀ ਦਾ ਹੋਣਾ। ਕਈਆਂ ਪੱਖਾਂ ਤੋਂ ਥੋੜ੍ਹਾ ਜਿਹਾ ਚੰਗਾ ਵੀਹੈ ਆਟਵਾ ਵਾਲੀ ਸਰਕਾਰ ਜੇ ਪ੍ਰਾਂਤਾਂ ਦੀਆਂ ਸਰਕਾਰਾਂ ਨਾਲ ਮੇਲ ਖਾਂਦੀ ਹੋਵੇਗੀ ਤਾਂ ਕੈਨੇਡਾ ਦੀ ਤਰੱਕੀ ਹਰ ਪਾਸਿਉਂ ਠੀਕ ਹੋ ਜਾਵੇਗੀ। ਕਈਆਂ ਪੱਖਾਂ ਤੋਂ ਪਹਿਲੀ ਸਟੀਫਨ ਹਾਰਪਰ ਸਰਕਾਰ ਨੇ ਕੈਨੇਡਾ ਨੂੰ, ਜੋ ਕਿ ਦੁਨੀਆ ਦਾ ਇਨਸਾਫ਼ ਪਸੰਦ, ਅਮਨ ਪਸੰਦ ਤੇ ਪ੍ਰਗਤੀਸ਼ੀਲ ਮੁਲਕ ਗਿਣਿਆ ਜਾਂਦਾ ਹੈ, ਕਈਆਂ ਗੰਭੀਰ ਸਮੱਸਿਆਵਾਂ ਵਿਚ ਧੱਕ ਦਿੱਤਾ ਹੈ ਜਿਸ ਕਰਕੇ ਨਵੀਂ ਸਰਕਾਰ ਨੂੰ ਹੱਲ ਕਰਨ ਖਾਤਰ ਕਈ ਮੁਸ਼ਕਿਲਾਂ ਪੇਸ਼ ਆ ਸਕਦੀਆਂ ਹਨ। ਇਸ ਲਈ ਅਜਿਹੇ ਹਾਲਤਾਂ ਵਿਚ ਲਿਬਰਲ ਰਾਜ ਸਰਕਾਰਾਂ ਕੇਂਦਰੀ ਸਰਕਾਰ ਨਾਲ ਰਲ ਕੇ ਪੁਰਾਣੀਆਂ ਲੀਹਾਂ ਤੋਂ ਲੱਥ ਕੇ ਨਵੀਆਂ ਨੀਤੀਆਂ ਘੜ੍ਹ ਕੇ ਦੇਸ਼ ਨੂੰ ਹਰ ਪੱਖੋਂ ਨਵੀਆਂ ਲੀਹਾਂ ਜੋ ਦੇਸ਼ ਦੀ ਤਰੱਕੀ ਲਈ ਕਾਰਗਰ ਸਿੱਧ ਹੋਣ ਅਪਣਾਉਣੀਆਂ ਪੈਣਗੀਆਂ।

ਫੈਡਰਲ ਲਿਬਰਲ ਪਾਰਟੀ ਦੇ ਆਗੂ ਜਸਟਿਨ ਪੈਰੀ ਜੇਮਜ ਟੂਰਡੋ ਨੂੰ ਹਾਊਸ ਆਫ਼ ਕਾਮਨਜ਼ ਵਿਚ ਬਹੁਮਤ ਮਿਲ ਗਿਆ ਹੈ, ਲਿਬਰਲ ਪਾਰਟੀ 338 ਸੀਟਾਂ ਵਾਲੇ ਹਾਊਸ ਵਿਚ 184 ਸੀਟਾਂ ਜਿੱਤ ਕੇ ਸੱਤਾ 'ਤੇ ਕਾਬਜ਼ ਹੋ ਗਈ ਹੈ। ਪਾਰਟੀ ਨੂੰ 2011 ਚੋਣਾਂ ਨਾਲੋਂ 150 ਸੀਟਾਂ ਵੱਧ ਮਿਲੀਆਂ। ਲਿਬਰਲ ਪਾਰਟੀ ਦੇ ਜਸਟਿਨ ਪੈਰੀ ਜੇਮਜ ਟਰੂਡੋ ਕੈਨੇਡਾ ਦੇ 23ਵੇਂ ਪ੍ਰਧਾਨ ਹੋਣਗੇ। ਜਸਟਿਨ ਟਰੂਡੋ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਪੈਰੀ ਐਲੀਅਟ ਟਰੂਡੋ ਦਾ ਪੁੱਤਰ ਹੈ। ਸਾਬਕਾ ਪ੍ਰਧਾਨ ਮੰਤਰੀ ਪੈਰੀ ਐਲੀਅਟ ਟਰੂਡੋ ਦੀ ਕੈਨੇਡਾ ਮੁਲਕ ਪ੍ਰਤੀ ਦੇਸ਼ ਭਗਤੀ, ਲੋਕ ਭਲਾਈ ਦੇ ਕੰਮ, ਖਾਸ ਕਰਕੇ ਪਰਵਾਸੀਆਂ ਪ੍ਰਤੀ ਕੀਤੇ ਗਏ ਕੰਮਾਂ 'ਤੇ ਕੈਨੇਡਾ ਨੂੰ ਪਰਵਾਸੀਆਂ ਦਾ ਦੇਸ਼ ਬਣਾਉਣ ਵਿਚ ਪੂਰਨ ਯੋਗਦਾਨ ਪਾਉਣ ਅਤੇ ਪਰਵਾਸੀਆਂ ਨੂੰ ਸਰਕਾਰ ਵਲੋਂ ਸਹੂਲਤਾਂ ਪ੍ਰਦਾਨ ਕਰਨ ਸਦਕਾ ਕੈਨੇਡਾ ਦੇ ਲੋਕਾਂ ਨੇ 43 ਸਾਲਾ ਉਸ ਦੇ ਪੁੱਤਰ ਨੂੰ ਪੂਰਨ ਸਮਰਥਨ ਦਿੱਤਾ। ਜਸਟਿਨ ਪੈਰੀਜੇਮਜ ਟਰੁਡੋ ਕੈਨੇਡਾ ਦੇ 23ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣਗੇ ਇਹ ਵੀ ਵਰਨਣਯੋਗ ਹੈ ਕਿ ਟਰੂਡੋ ਪਰਿਵਾਰ ਦੇ ਇਹ ਦੂਸਰੇ ਪ੍ਰਧਾਨ ਮੰਤਰੀ ਹੋਣਗੇ। ਉਨ੍ਹਾਂ ਦੇ ਪਿਤਾ ਪੈਰੀ ਐਲੀਅਟ ਟੂਰੂਰੋ 1968 ਤੋਂ 1979 ਤੱਕ 12 ਸਾਲ ਅਤੇ 1980 ਤੋਂ 1984 ਤੱਕ 4 ਸਾਲ, ਕੁੱਲ 16 ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਰਹੇ, ਉਹ ਇਕ ਨੇਕ, ਇਮਾਨਦਾਰ ਜੋ ਮੱਧ ਵਰਗ ਦੇ ਲੋਕਾਂ ਨੂੰ ਪਿਆਰ ਕਰਦੇ ਸਨ, ਇਨ੍ਹਾਂ ਲੋਕਾਂ ਦੀ ਉਨ੍ਹਾਂ ਨੇ ਰੱਜ ਕੇ ਸੇਵਾ ਕੀਤੀ। ਲੋੜੀਂਦੀਆਂ ਸਹੂਲਤਾਂ ਦਿੱਤੀਆਂ, ਕੈਨੇਡਾ ਦੀ ਤਰੱਕੀ ਲਈ ਪਰਵਾਸੀਆਂ ਨੂੰ ਇਸ ਮੁਲਕ ਵਿਚ ਆਉਣ ਦੇ ਸੌਖੇ ਨਿਯਮ ਬਣਾਏ। ਕੈਨੇਡਾ ਨੇ ਉਨ੍ਹਾਂ ਦੇ ਰਾਜ ਸਮੇਂ ਬਹੁਤ ਤਰੱਕੀ ਕੀਤੀ। ਬਾਹਰਲੇ ਮੁਲਕਾਂ 'ਚੋਂ ਉਚ ਤਕਨੀਕੀ ਲੈ ਕੇ ਕੈਨੇਡਾ ਆਏ। ਇਸ ਲਈ ਪਰਵਾਸੀ ਉਨ੍ਹਾਂ ਤੋਂ ਬਹੁਤ ਖੁਸ਼ ਸਨ। ਇਸ ਦਾ ਇਹ ਨਤੀਜਾ ਨਿਕਲਿਆ ਕਿ ਹੁਣ ਉਨ੍ਹਾਂ ਨੂੰ ਲੋਕਾਂ ਨੇ ਯਾਦ ਰੱਖਿਆ ਹੈ। ਆਪਣੀਆਂ ਵੋਟਾਂ ਉਨ੍ਹਾਂ ਦੇ ਗੁਣ ਗਾਉਂਦੇ ਹੋਏ ਉਨ੍ਹਾਂ ਦੇ ਪੁੱਤਰ ਨੂੰ ਪਾਈਆਂ ਤੇ ਉਸ ਨੂੰ ਕਾਮਯਾਬ ਕੀਤਾ। ਇਸੇ ਕਰਕੇ ਦੱਖਣੀ ਏਸ਼ੀਅਨ ਮੂਲ ਦੇ ਕੈਨੇਡਿਅਨ ਇਸ ਪਾਰਟੀ ਵਿੱਚ ਸਰਗਰਮ ਹਨ ਅਤੇ ਚੋਣ ਉਮੀਦਵਾਰ ਵੀ ਸਨ। ਲਿਬਰਲ ਪਾਰਟੀ ਵਲੋਂ ਦੱਖਣੀ ਏਸ਼ੀਅਨ ਮੂਲ ਦੇ 22 ਵਿਚੋਂ 20 ਮੈਂਬਰਾਂ ਦਾ ਜਿੱਤਣਾ ਇਸ ਦਾ ਸਬੂਤ ਹੈ, ਜਿਸ ਵਿਚ 16 ਸਿਰਫ ਪੰਜਾਬੀ ਉਮੀਦਵਾਰ ਹਨ-ਕੀਤੇ ਕੰਮਾਂ ਦਾ ਮੁੱਲ ਪਾਉਣਾ ਪੰਜਾਬੀਆਂ ਦਾ ਇਕ ਕਿਸਮ ਦਾ ਵਿਰਸਾ ਹੈ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਸੈਂਟ ਪਰ ਸੈਂਟ ਵੋਟਾਂ ਲਿਬਰਲ ਨੂੰ ਇਸ ਕਾਰਨ ਕਰਕੇ ਨਹੀਂ ਪਈਆਂ ਚੰਗੇ ਬੰਦੇ ਦਾ ਕੰਮ ਜ਼ਰੂਰ ਯਾਦ ਆਉਦਾ ਜਿਸ ਕਾਰਨ ਲੋਕਾਂ ਦਾ ਝੁਕਾਅ ਉਸ ਪਾਰਟੀ ਵੱਲ ਜਾਂਦਾ ਹੈ ਜਿਨ੍ਹਾਂ ਨੇ ਪਿਛਲੇ ਸਮਿਆਂ ਵਿਚ ਲੋਕਾਂ ਨੂੰ ਸੁੱਖ ਸਹੂਲਤਾਂ ਦਿੱਤੀਆਂ ਹੋਣ ਉਨ੍ਹਾਂ ਪਰਵਾਸੀਆਂ ਦੀ ਆਉ ਭਗਤ



ਕੀਤੀ। ਇਸ ਦੇ ਉਲਟ ਹਾਰਪਰ ਦੀ ਕੰਸਰਵੇਟਿਵ ਸਰਕਾਰ ਨੇ ਪਰਵਾਸ ਦੇ ਸਾਰੇ ਰਾਹ ਬੰਦ ਕਰਕੇ ਅਮੀਰਾਂ ਨੂੰ ਸਹੂਲਤਾਂ ਦੇ ਕੇ ਸੀ-24 ਅਤੇ ਸੀ-51 ਵਰਗੇ ਘਾਤਕ ਕਾਨੂੰਨ ਬਣਾ ਕੇ ਲੋਕਾਂ ਦੀ ਆਜ਼ਾਦੀ ਨੂੰ ਖਤਰਾ ਖੜ੍ਹਾ ਕੀਤਾ। ਜਿਸ ਬਹਾਨੇ ਨਾਲ ਕਿਸੇ ਤਰ੍ਹਾਂ ਦੇਸ਼ ਨਿਕਾਲਾ ਦਿੱਤਾ ਜਾ ਸਕੇ ਜਿਸ ਵਿੱਚ ਕੋਰਟ ਤੱਕ ਕੋਈ ਉਜਰ ਨਾ ਕਰਵਾ ਸਕੇ, ਸਾਰੀਆਂ ਤਾਕਤਾਂ ਪੁਲਿਸ ਅਫ਼ਸਰਾਂ ਨੂੰ ਦੇ ਕੇ ਲੋਕਾਂ ਦੇ ਦਹਿਸ਼ਤ ਦਾ ਮਾਹੌਲ ਪੈਦਾ ਕਰਕੇ ਲੋਕਾਂ ਦੀ ਕਦੀ ਹਮਾਇਤ ਨਹੀਂ ਮਿਲ ਸਕਦੀ, ਫਿਰ ਵੀ ਉਹ ਅਮੀਰਾਂ ਵਪਾਰਕ ਧੰਦਿਆਂ ਦੇ ਕਰਨ ਵਾਲੇ ਲੋਕਾਂ ਕਰਕੇ ਹੁਣ ਉਹ 99 ਸੀਟਾਂ ਤਾਂ ਲੈ ਗਏ ਹਨ, ਪਰ ਉਨ੍ਹਾਂ ਤੋਂ ਰਾਜ ਬਹੁਮੱਤ ਵਾਲੇ ਲਿਬਰਲਾਂ ਨੇ ਖੋਹ ਲਿਆ ਹੈ।

ਕੰਜਰਵੇਟਿਵ 99 ਪਾਰਲੀਮੈਂਟ ਦੀਆਂ ਸੀਟਾਂ ਹਾਸਲ ਕਰਕੇ ਹੁਣ ਵਿਰੋਧੀ ਧਿਰ ਦਾ ਕੰਮ ਕਰਨਗੇ ਉਨ੍ਹਾਂ ਦੀ ਗਿਣਤੀ ਇੰਨੀ ਹੈ ਕਿ ਕੋਸ਼ਿਸ਼ ਕਰਨਗੇ ਕਿ ਉਨ੍ਹਾਂ ਦੀਆਂ ਨੀਤੀਆਂ ਨਾ ਬਦਲੀਆਂ ਜਾਣ, ਭਾਵੇਂ ਐਨ.ਡੀ.ਪੀ. ਕੋਲ ਕੇਵਲ 44 ਸੀਟਾਂ ਹਨ ਫਿਰ ਵੀ ਲਿਬਰਲ ਨਾਲ ਸਾਂਝੇ ਮਸਲਿਆਂ ਲਈ ਸਾਥ ਦੇਣ ਦੀ ਆਸ ਕੀਤੀ ਜਾ ਸਕਦੀ ਹੈ, ਪਰ ਐਨ. ਡੀ. ਪੀ. ਵੀ ਆਪਣੀ ਹੋਂਦ ਬਣਾਈ ਰੱਖਣ ਲਈ ਹਰ ਹਾਲਤ ਕੋਸ਼ਿਸ਼ ਕਰੇਗੀ। ਇਹ ਤਾਂ ਸਮਾਂ ਹੀ ਦੱਸੇਗਾ ਇਹ ਤਿੰਨੇ ਪਾਰਟੀਆਂ ਪਰਵਾਸੀਆਂ ਦੇ ਦੇਸ਼ ਕੈਨੇਡਾ ਬਾਰੇ ਕਿੰਨਾ ਕੁ ਹਾਂਪੱਖੀ ਸੋਚਣਗੀਆਂ ਤੇ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਮੁੱਦਿਆਂ ਨੂੰ ਹੱਲ ਕਰਨ ਲਈ ਸਾਰਥਿਕ ਰੋਲ ਅਦਾ ਕਰਨਗੀਆਂ। ਲਿਬਰਲਾਂ ਨੂੰ ਦੇਸ਼ ਦਾ ਤਾਣਾ ਬਾਣਾ, ਜੋ ਕੰਜਰਵੇਟਿਵਾਂ ਨੇ ਉਲਝਾਇਆ ਹੈ, ਠੀਕ ਕਰਨ ਲਈ ਪੂਰਨ ਸੰਜਮ ਅਤੇ ਸਿਆਣਪ ਤੋਂ ਕੰਮ ਲੈਣਾ ਪਵੇਗਾ ਤਾਂ ਕਿ ਦੇਸ਼ ਦੀ ਵਿਗੜੀ ਅਆਰਥਿਕ ਅਵਸਥਾ ਸੁਧਾਰੀ ਜਾ ਸਕੇ। ਕੈਨੇਡਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਿਸ ’ਤੇ ਕੈਨੇਡਾ ਦੇ ਲੋਕਾਂ ਖਾਸ ਕਰਕੇ ਪਰਵਾਸੀਆਂ ਨੂੰ ਬਹੁਤ ਆਸਾਂ ਅਤੇ ਉਮੀਦਾਂ ਹਨ ਜਿਨ੍ਹਾਂ ਕਰਕੇ ਕੈਨੇਡਾ ਦੇ ਬਹੁਤ ਸਾਰੇ ਪਰਵਾਸੀ ਨਿਯਮਾਂ ਵਿਚ ਤਬਦੀਲੀ ਕਰਨ ਦੀ ਆਸ ਕੀਤੀ ਜਾ ਸਕਦੀ ਹੈ ਜਿਹੜੇ ਕਾਨੂੰਨ ਲੋਕਾਂ ਖਿਲਾਫ਼ ਟੋਰੀਆਂ ਨੇ ਬਣਾਏ ਉਨ੍ਹਾਂ ਵਿਚ ਸੋਧ ਕਰਨ ਦੀ ਆਸ ਟਰੂਡੋ ਕੋਲੋਂ ਕੀਤੀ ਜਾ ਸਕਦੀ ਹੈ। ਲਿਬਰਲ ਪਾਰਟੀ ਤੇ ਚੋਣ ਮਨੋਰਥ ਪੱਤਰ ਅਨੁਸਾਰ ਟਰੂਡੋ ਨੇ ਕੈਨੇਡਾ ਦੇ ਲੋਕਾਂ ਨਾਲ ਚੋਣਾਂ ਵਿਚ ਬਹੁਤ ਸਾਰੇ ਵਾਅਦੇ ਕੀਤੇ ਹਨ। ਲਿਬਰਲ ਪਾਰਟੀ ਨੇ ਆਪਣੇ ਮੈਨੀਫੈਸਟੋ ਅਰਥਾਤ ਚੋਣ ਮਨੋਰਥ ਪੱਤਰ ਵਿਚ ਲਿਖਿਆ ਸੀ ਕਿ ਉਹ ਪਰੀਵਾਰ (ਫੈਮਿਲੀ) ਕਲਾਸ ਇਮੀਗ੍ਰੇਸ਼ਨ ਵਾਸਤੇ ਕੇਸਾਂ ਦੀ ਪ੍ਰਕਿਰੀਆ ਵਾਸਤੇ ਬਜਟ ਨੂੰ ਦੁਗਣਾ ਕਰਨਗੇ ਤਾਂ ਕਿ ਇੰਤਜਾਰ ਸਮਾਂ ਘਟਾਉਣ ਲਈ ਮਦਦ ਮਿਲ ਸਕੇ।

– ਮਾਤਾ-ਪਿਤਾ ਦਾਦਾ-ਦਾਦੀ ਨਾਨਾ-ਨਾਨੀ ਨੂੰ ਸਪਾਂਸਰ ਕਰਨ ਸਬੰਧੀ ਅਰਜ਼ੀਆਂ ਦੀ ਗਿਣਤੀ ਦੀ ਸੀਮਾ 5000 ਤੋਂ 10000 ਸਲਾਨਾ ਕੀਤੀ ਜਾਵੇਗੀ।

– ਐਕਸਪ੍ਰੈਸ ਸਿਸਟਮ ਐਂਟਰੀ ਤਹਿਤ ਉਨ੍ਹਾਂ ਲੋਕਾਂ ਨੂੰ ਵਾਧੂ ਨੰਬਰ ਦਿੱਤੇ ਜਾਣਗੇ, ਜਿਨ੍ਹਾਂ ਦੇ ਭੈਣ ਭਰਾ ਪਹਿਲਾਂ ਹੀ ਕੈਨੇਡੀਅਨ ਬਣ ਚੁੱਕੇ ਹਨ।

– ਆਸਿਰਤ ਜਾਂ ਉਹ ਬੱਚੇ ਜਿਨ੍ਹਾਂ ਨੂੰ ਮਾਂ-ਪਿਉ ਬੁਲਾ ਸਕਦੇ ਹਨ ਉਨ੍ਹਾਂ ਦੀ ਵੱਧ ਤੋਂ ਵੱਧ ਉਮਰ ਦੀ ਸੀਮਾ 18 ਸਾਲ ਤੋਂ ਵਧਾ ਕੇ 22 ਸਾਲ ਦਰ ਦਿੱਤੀ ਜਾਵੇਗੀ।

– ਵਿਆਹ ਕਰਵਾ ਕੇ ਆਏ ਨਵੇਂ ਪਤੀ ਜਾਂ ਪਤਨੀ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਸਾਰ ਸਥਾਈ ਰੈਜ਼ੀਡੈਂਸੀ ਕੀਤੀ ਜਾਵੇਗੀ।

– ਕੈਨੇਡੀਅਨ ਸਿਟੀਜਨ ਬਣਨ ਵਾਸਤੇ ਉਹ ਸਮਾਂ ਵੀ ਵਿਚ ਗਿਣਿਆ ਜਾਵੇਗਾ ਜਿਹੜਾ ਕਿਸੇ ਨੇ ਕੈਨੇਡਾ ਵਿਚ ਵਿਦਿਆਰਥੀ ਜਾਂ ਹੋਰ ਟੈਂਪੈਰੇਰੀ ਰੈਜੀਡੈਂਸੀ ਦੇ ਰੂਪ ਵਿਚ ਬਿਤਾਇਆ ਹੋਵੇਗਾ।

– ਲਿਬਰਲ ਪਾਰਟੀ ਨੇ ਇਹ ਮੰਨਿਆ ਹੈ ਕਿ ਕੈਨੇਡਾ ਦੀ ਉਸਾਰੀ ’ਤੇ ਤਰੱਕੀ ਇਮੀਗਰੇਟਸ ਦੁਆਰਾ ਕੀਤੀ ਗਈ ਹੈ, ਇਸ ਲਈ ਉਨ੍ਹਾਂ ਦੁਆਰਾ ਇਸ ਦੇਸ਼ ਦੀ ਆਰਥਿਕ ਕਾਮਯਾਬੀ ਹੋਈ ਹੈ ਅਤੇ ਹੁਣ ਵੀ ਇਨ੍ਹਾਂ ’ਤੇ ਹੀ ਨਿਰਭਰ ਕਰਦੀ ਹੈ। ਇਸ ਪਰਵਾਸੀਆਂ ਲਈ ਵੱਧ ਤੋਂ ਵੱਧ ਸੁੱਖ ਅਤੇ ਕੰਮ ਦੇ ਮੌਕੇ ਪੈਦਾ ਕੀਤੇ ਜਾਣਗੇ।

– ਇਨ ਆਮਦਨ ਟੈਕਸ ਸਲੈਬ ਆਮਦਨੀ $200 000 ਤੋਂ ਵੱਧ 33% ਆਮਦਨੀ $44701 ਤੋਂ $8941 ਤੱਕ 20.5% (ਪਹਿਲਾਂ ਇਹ ਟੈਕਸ 22% ਹੈ) ਬਣਾਈ ਜਾਵੇਗੀ।

– $60 ਬਿਲੀਅਨ ਨਵੀਆਂ ਸੜਕਾਂ, ਪੁਲ (ਟਰਾਂਜਿਟ) ਦੇ ਤਿੰਨਾਂ ਸਾਲਾਂ ਵਿਚ ਖਰਚ ਕਰਨਗੇ, $20 ਬਿਲੀਅਨ ਪਬਲਿਕ ਟਰਾਂਜਿਟ ਤੇ ਖਰਚ ਕਰਨਗੇ। ਇਹ ਪਾਰਟੀ ਕੈਨੇਡਾ ਆਧਾਰ-ਢਾਂਚਾ ਬੈਂਕ ਖੜ੍ਹਾ ਕਰੇਗੀ ਜੋ ਪ੍ਰਾਂਤਾਂ, ਇਲਾਕੇ ਅਤੇ ਮਿਊਂਸਪੈਲਟੀਆਂ ਸੌਖੇ ਤਰੀਕੇ ਨਾਲ ਕਰਜਾ ਲੈ ਕੇ ਤਰੱਕੀ ਕਰ ਸਕਣ।

– ਲਿਬਰਲ ਪਾਰਟੀ ਨੌਜਵਾਨਾਂ ਲਈ ਜੋਬ ਪੈਦਾ ਕਰਨ ਲਈ $300 ਮਿਲੀਅਨ ਖਰਚੇਗੀ ਜਿਸ ਵਿਚ 12 ਮਹੀਨਿਆਂ ਦੀ ਬੀਮੇ ਦੀ ਕਿਸ਼ਤ ਇਸ ਤੋਂ ਕੈਨੇਡੀਅਨ ਲੋਕਾਂ ਨੂੰ ਜੋਬ ਦੇ ਕੰਪਨੀਆਂ ਉਤਸ਼ਾਹਿਤ ਹੋਣਗੀਆਂ। $500 ਮਿਲੀਅਨ ਸਲਾਨਾ ਪ੍ਰਾਂਤਾਂ ਤੇ ਇਲਾਕਿਆਂ ਨੂੰ ਕਾਮਿਆਂ ਨੂੰ ਸਿਖਲਾਈ ਦੇਣ ਲਈ ਖਰਚਿਆ ਜਾਵੇਗਾ।

– ਲਿਬਰਲ ਪਾਰਟੀ ਕੈਨੇਡਾ ਵਿਚ ਇਨਕਮ ਸਪਲਿਟਿੰਗ ਤੇ ਯੂਨੀਵਰਸਲ ਚਾਲਿਡ ਬੈਨੀਬਿਟ ਲਈ $2,500 ਸਲਾਨਾ ਚਾਰ ਮੈਂਬਰ ਪਰਿਵਾਰ ਲਈ ਪ੍ਰਬੰਧ ਕਰਨ ਦੀ ਵਚਨਬੱਧ ਹੈ। ਸੀਨੀਅਰਜ਼ ਨੂੰ ਕੀਮਤ ਸੂਚਕ ਅੰਕ ਨਾਲ ਮੁਕਾਬਲਾ ਕਰਕੇ ਚੀਜ਼ ਖਰੀਦਣ ਦੀ ਸਹੂਲਤ ਦਿੱਤੀ ਜਾਵੇਗੀ ਤੇ ਨਾਲ ਹੀ ਉਨ੍ਹਾਂ ਦਾ ਵੱਖਰਾ ਸੀਨੀਅਰ ਕੀਮਤ ਸੂਚਕ ਅੰਕ ਸਥਾਪਤ ਕੀਤਾ ਜਾਵੇਗਾ ਤਾਂ ਕਿ ਵਧਦੀਆਂ ਕੀਮਤਾਂ ਵਿਚ ਉਨ੍ਹਾਂ ਨੂੰ ਫਾਇਦਾ ਮਿਲ ਸਕੇ।



ਫੈਡਰਲ ਇਲੈਕਸ਼ਨ ਵਾਸਤੇ 338 ਨੁਮਾਇੰਦਿਆਂ ਵਿਚੋਂ ਚੁਣੀ ਗਈ ਕਮਲ ਖੈਰਾ ਬਰੈਂਪਟਨ ਵੈਸਟ ਤੋਂ ਸਾਰਿਆਂ ਨਾਲੋਂ ਛੋਟੀ ਉਮਰ ਦੀ ਹੈ। (ਕਮਲ ਖੈਰਾ) ਮੈਂ ਸਾਰਿਆਂ ਦਾ ਇਲੈਕਸ਼ਨ ਵਿਚ ਮਦਦ ਕਰਨ ਲਈ ਤੈਅ ਦਿਲੋਂ ਧੰਨਵਾਦ ਕਰਦੀ ਹਾਂ।

## ਕੈਨੇਡਾ : ਚੋਣਾਂ 2015 ਵਿਚ ਸਾਊਥ ਏਸ਼ੀਅਨਾਂ ਨੇ ਮੱਲਾਂ ਮਾਰੀਆਂ

ਚੋਣਾਂ 2015 ਵਿਚ ਹਾਊਸ ਆਫ਼ ਕਾਮਨਜ਼ ਵਿਚ 22 ਉਮੀਦਵਾਰ ਚੋਣਾਂ ਜਿੱਤ ਕੇ ਕੈਨੇਡਾ ਮੁਲਕ ਲਈ ਸੇਵਾ ਕਰਨ ਲਈ ਪਹੁੰਚੇ ਜਿਨ੍ਹਾਂ ਵਿਚੋਂ 2 ਔਰਤਾਂ ਪਾਕਿਸਤਾਨੀ ਮੂਲ ਦੀਆਂ ਜਿੱਤੀਆਂ ਹਨ, ਲਿਬਰਲ ਪਾਰਟੀ ਨਾਲ ਸਬੰਧ ਰੱਖਦੀਆਂ ਹਨ ਬਾਕੀ 20 ਜਣੇ ਭਾਰਤੀ ਮੂਲ ਦੇ ਜਿਨ੍ਹਾਂ ਵਿਚ 2 ਐਮ. ਪੀ. ਸਾਊਥ ਇੰਡੀਆ ਅਤੇ 18 ਐਮ. ਪੀ. ਪੰਜਾਬੀ ਚੁਣੀ ਗਏ ਹਨ ਜਿਨ੍ਹਾਂ ਵਿਚੋਂ 16 ਪੰਜਾਬੀ ਐਮ. ਪੀ. ਲਿਬਰਲ ਪਾਰਟੀ ਨਾਲ ਸਬੰਧਤ ਹਨ ਅਤੇ 2 ਪੰਜਾਬੀ ਐਮ. ਪੀ. ਕੰਜਰਵੇਟਿਵ ਨਾਲ ਸਬੰਧ ਰੱਖਦੇ ਹਨ, ਪੰਜਾਬੀਆਂ ਵਿਚ ਪੰਜ ਔਰਤਾਂ ਅਤੇ ਪੰਜ ਪੱਗੜੀਧਾਰੀ ਜਿੱਤੇ ਹਨ ਇਹ ਵੀ ਇਕ ਰਿਕਾਰਡ ਹੈ। ਪਹਿਲਾਂ ਮਹਿਲਾ ਪੰਜਾਬੀ ਐਮ. ਪੀ. ਰੂਪੀ ਢੱਲਾ ਰਹਿ ਚੁੱਕੀ ਹੈ। ਇਸ ਤੋਂ ਪਹਿਲਾਂ ਸਾਊਥ ਏਸ਼ੀਅਨ ਨੂੰ ਕਦੀ ਵੀ ਇੰਨੀ ਜਿੱਤ ਪ੍ਰਾਪਤ ਨਹੀਂ ਹੋਈ ਸਭ ਤੋਂ ਪਹਿਲਾਂ 1993 ਵਿਚ ਕੈਨੇਡਾ ਲਈ ਦੋ ਪੰਜਾਬੀ ਜਿੱਤੇ ਸਨ ਜਿਨ੍ਹਾਂ ਵਿਚ ਗੁਰਬਖਸ਼ ਸਿੰਘ ਮੱਲ੍ਹੀ ਅਤੇ ਹਰਬ ਧਾਲੀਵਾਲ ਹਨ ਪਰ ਪਗੜੀਧਾਰੀ ਗੁਰਬਖਸ਼ ਸਿੰਘ ਮੱਲ੍ਹੀ ਦੇ ਪਾਰਲੀਮੈਂਟ ਜਾਣ ਨਾਲ ਪਾਰਲੀਮੈਂਟ ਦੇ ਸਦਨ ਦੇ ਨਿਯਮਾਂ ਨੂੰ ਬਦਲਣਾ ਪਿਆ ਸੀ ਉਹ ਅੱਜ ਤੱਕ ਵੀ ਕਾਇਮ ਹਨ ਅਤੇ ਪੰਜਾਬੀਆਂ ਦੇ ਸਦਨ ਵਿਚ ਪਹੁੰਚਣ ਕਾਰਨ ਉਥੇ ਪੰਜਾਬੀ ਤੀਜੀ ਭਾਸ਼ਾ ਦਾ ਰੁਤਬਾ ਉਨ੍ਹਾਂ ਕਰਕੇ ਮਿਲਿਆ ਸੀ ਜੋ ਅਜੇ ਵੀ ਉਹ ਦਰਜਾ ਹਾਸਲ ਹੈ। ਇਸੇ ਹੀ ਤਰ੍ਹਾਂ ਚੋਣਾਂ 2011 ਵਿਚ 8 ਪੰਜਾਬੀ ਜਿੱਤੇ ਸਨ 2 ਐਨਡੀਪੀ ਦੇ ਅਤੇ 5 ਕੰਜਰਵੇਟਿਵ ਦੇ, ਲਿਬਰਲ ਦਾ ਕੋਈ ਵੀ ਨਹੀਂ ਸੀ ਜਿੱਤਿਆ। ਐਤਕੀਂ ਐਨ.ਡੀ.ਪੀ. ਪਾਰਟੀ ਦਾ ਕੋਈ ਪੰਜਾਬੀ ਨਹੀਂ ਜਿੱਤਿਆ। ਚੋਣਾਂ 2011 ਵਿਚ 2 ਪੰਜਾਬੀ ਮਨਿਸਟਰ ਬਣੇ ਤੇ ਇਕ ਪਾਰਲੀਮਾਨੀ ਸਕੱਤਰ ਬਣਿਆ। ਉਹ ਤਿੰਨ ਇਨ੍ਹਾਂ ਚੋਣਾਂ ਦੌਰਾਨ ਚੋਣ ਹਾਰ ਚੁੱਕੇ ਹਨ, ਉਨ੍ਹਾਂ ਵਿਚ ਬਲ ਗੋਸਲ ਮਨਿਸਟਰ ਸਟੇਟ ਸਪੋਰਟਸ, ਟਿੰਮ ਉਪਲ ਮਨਿਸਟਰ ਆਫ਼ ਸਟੇਟ ਫਾਰ ਮਲਟੀਕਲ ਚਰਇਜਮ ਤੇ ਪਰਮ ਗਿੱਲ ਪਾਰਲੀਮਾਨੀ ਸਕੱਤਰ। ਕਿਆਸਰਾਈਆਂ ਹਨ ਕਿ ਲਿਬਰਲ ਦੇ ਚੁਣੇ 16 ਪੰਜਾਬੀਆਂ ਵਿਚੋਂ ਨਵਦੀਪ ਬੈਂਸ ਤੇ ਹਰਜੀਤ ਸਿੰਘ ਟਰੂਡੋ ਸਰਕਾਰ ਵਿਚ ਮੰਤਰੀ ਹੋਣਗੇ। ਪੰਜਾਬੀ 27 ਹਲਕਿਆਂ ਵਿਚ 49 ਉਮੀਦਵਾਰ ਖੜ੍ਹੇ ਹੋਏ ਜਿਨ੍ਹਾਂ ਵਿਚੋਂ 14 ਔਰਤਾਂ ਖੜ੍ਹੀਆਂ ਹੋਈਆਂ। ਲਿਬਰਲ 28, ਕੰਜਰਵੇਟਿਵ ਨੇ 13, ਐਨ.ਡੀ.ਪੀ. ਨੇ 10, ਗਰੀਨ ਪਾਰਟੀ ਨੇ 2, ਆਜ਼ਾਦ 4, ਕਮਿਊਨਿਸਟ ਪਾਰਟੀਆਂ 2, ਇਨ੍ਹਾਂ 49 ਉਮੀਦਵਾਰਾਂ ’ਚੋਂ 18 ਉਮੀਦਵਾਰ ਸਫ਼ਲ ਹੋਏ ਜਿਸ ਵਿਚ 16 ਲਿਬਰਲ ਪਾਰਟੀ ਤੇ 2 ਕੰਜਰਵੇਟਿਵ ਪਾਰਟੀ ਦੇ ਚੁਣੇ ਗਏ। ਐਨ.ਡੀ.ਪੀ. ਨੂੰ ਕੋਈ ਸੀਟ ਨਹੀਂ ਮਿਲੀ।

## ਹਾਊਸ ਆ.ਫ ਕਾਮਨਜ਼ ਲਈ 22 ਪਾਰਲੀਮੈਂਟ ਮੈਂਬਰ ਸਾਊਥ ਏਸ਼ੀਅਨ ਜਿੱਤੇ : ਉਨ੍ਹਾਂ ਦੀ ਸੂਚੀ ਇਸ ਅਨੁਸਾਰ ਹੈ ਵਿਸ਼ੇਸ਼ ਕਥਨ

1. ਰੂਬੀ ਸਹੋਤਾ – ਬਰੈਂਪਟਨ ਉਤਰੀ (ਉਂਟਾਰੀਓ) ਲਿਬਰਲ ਪੰਜਾਬੀ
2. ਕਮਲ ਖੈੜਾ-ਬਰੈਂਪਟਨ ਪੱਛਮੀ (ਉਂਟਾਰੀਓ) ਲਿਬਰਲ ਪੰਜਾਬੀ
3. ਰਾਮਸ਼ਨ ਸੰਘਾ – ਬਰੈਂਪਟਨ ਕੇਂਦਰੀ (ਉਂਟਾਰੀਓ) ਲਿਬਰਲ ਪੰਜਾਬੀ
4. ਰਾਜ ਗਰੇਵਾਲ – ਬਰੈਂਪਟਨ ਪੂਰਬੀ (ਉਂਟਾਰੀਓ) ਲਿਬਰਲ ਪੰਜਾਬੀ
5. ਸੋਨੀਆ ਸਿੱਧੂ – ਬਰੈਂਪਟਨ ਦੱਖਣੀ (ਉਂਟਾਰੀਓ) ਲਿਬਰਲ ਪੰਜਾਬੀ
6. ਰਾਜ ਸੈਣੀ – ਕਿਚਨਰ – ਕੇਂਦਰੀ ਲਿਬਰਲ ਪੰਜਾਬੀ
7. ਬੋਬੀ ਸਰੋਆ – ਮਾਰਖਮ ਯੂਨੀਅਨ ਵਿੱਲਾ ਕੰਸਟਵੇਟਿਵ ਪੰਜਾਬੀ
8. ਇਕਰਾ ਖਾਲਿਦ – ਮਿਸੀਸਾਗਾਈਰਨ ਮਿਲਜ਼ (ਓਂਟਾਰੀਓ) ਲਿਬਰਲ ਕੈਨੇਡੀਅਨ ਪਾਕਿਸਤਾਨ
9. ਨਵਦੀਪ ਬੈਂਸ – ਮਿਸੀਸਾਗਾ ਮਾਲਟਨ (ਓਂਟਾਰੀਓ) ਲਿਬਰਲ ਪੰਜਾਬੀ
10. ਗਗਨ ਸਿਕੰਦ – ਮਿਸੀਸਾਗਾ ਸਟਰੀਲਜ ਵਿੱਲਾ (ਓਂਟਾਰੀਓ) ਲਿਬਰਲ ਪੰਜਾਬੀ
11. ਚੰਦਰ ਆਰੀਆ (ਓਂਟਾਰੀਓ) ਲਿਬਰਲ ਸਾਊਥ ਇੰਡੀਅਨ
12. ਸਲਮਾ ਜਾਹੀਦ – ਸਕਾਰਬਰੋ-ਕੇਂਦਰੀ-ਓਂਟਾਰੀਓ ਲਿਬਰਲ ਕੈਨੇਡੀਅਨ ਪਾਕਿਸਤਾਨੀ
13. ਗੈਰੀ ਅਨੰਦਾ ਸਾਂਗਰੀ – ਸਕਾਰਬਰੋ ਰੂਗਾ ਪਾਰਕ (ਓਂਟਾਰੀਓ) ਲਿਬਰਲ ਸਾਊਥ ਇੰਡੀਆ
14. ਬਰਦਿਸ ਚੱਗਰ ਵਾਟਰਲੂ ਲਿਬਰਲਪੰਜਾਬੀ
15. ਜੱਤੀ ਸਿਧੂ-ਮਿਸ਼ਨ ਮਾਟਸ ਕੂ ਸੈਨੀਉਨ (ਬ੍ਰਿਟਿਸ ਕੋਲੰਬੀਆ) ਲਿਬਰਲ ਪੰਜਾਬੀ
16. ਰਣਦੀਪ ਸਰਾਏ ਸਰੀ ਸੈਂਟਰ-ਬ੍ਰਿਟਿਸ ਕੋਲੰਬੀਆ ਲਿਬਰਲ ਪੰਜਾਬੀ
17. ਸੁਖ ਧਾਰੀਵਾਲ -ਸਰੀਨਿਊਟਨ-ਬ੍ਰਿਟਿਸ ਕੋਲੰਬੀਆ ਲਿਬਰਲ ਪੰਜਾਬੀ
18. ਦੀਪਕ ਉਬਰਾਏ-ਕੈਲਗਰੀ ਫਾਰਸਟ ਲਾਅਨ (ਐਲਬਰਟਾ) ਕੰਜਰਵੇਟਿਵ ਪੰਜਾਬੀ
19. ਹਰਜੀਤ ਸਿੰਘ ਸੱਜਣ-ਵੈਨਕੁਆਰ ਸਾਊਥ-ਬ੍ਰਿਟਿਸ ਕੋਲੰਬੀਆ ਲਿਬਰਲ ਪੰਜਾਬੀ
20. ਦਰਸ਼ਨ ਸਿੰਘ ਕੰਗ : ਕੈਲਗਰੀ ਸਕਾਈਵੀਊ (ਐਲਬਰਟਾ) ਲਿਬਰਲ ਪੰਜਾਬੀ
21. ਅਮਰਜੀਤ ਸੋਹੀ -ਐਡਮਿੰਟਨ ਮਿਲ ਵੂਡਜ (ਐਲਬਰਟਾ) ਲਿਬਰਲ ਪੰਜਾਬੀ
22. ਅੰਜੂ ਢਿੱਲੋਂ – ਡਾਰਵਲ ਲੈਚੀਨ ਲਾਸੈਲ (ਕਿਊਬੇਕ) ਲਿਬਰਲ ਪੰਜਾਬੀ

– ਇਹ ਜ਼ਿਕਰਯੋਗ ਹੈ ਕਿ 22 ਜਿੱਤੇ ਪਾਰਲੀਮੈਂਟ ਮੈਂਬਰਾਂ ਵਿਚੋਂ 5 ਭਾਰਤੀ ਮੂਨ ਦੀਆਂ ਔਰਤਾਂ ਹਨ ਅਤੇ ਦੋ ਪਾਕਿਸਤਾਨੀ ਮੂਲ ਦੀਆਂ ਔਰਤਾਂ ਹਨ। ਫੈਡਰਲ ਚੋਣਾਂ 2015 ਵਿਚ ਕਮਲ ਖਹਿਰਾ ਬਰੈਪਟਨ ਵੈਸਟ ਵਿਚੋ ਸਭ ਤੋਂ ਛੋਟੀ ਉਮਰ 25 ਸਾਲਾ ਪਾਰਲੀਮੈਂਟ ਮੈਂਬਰ ਔਰਤ ਹੈ।

– ਸਿਹਤ ਸਹੂਲਤਾਂ ਕੈਨੇਡਾ ਦੇ ਨਾਗਰਿਕਾਂ ਨੂੰ ਵਧੀਆ ਤਰੀਕੇ ਨਾਲ ਦੇਣ ਲਈ ਲਿਬਰਲ ਪਾਰਟੀ ਵਚਨਬੱਧ ਹੈ। ਸਿਹਤ ਲਈ ਫੰਡਾਂ ਦੀ ਦੂਰ-ਅੰਦਾਜ ਵਿਵਸਥਾ ਕੀਤੀ ਜਾਵੇਗੀ। ਸਸਤੀਆਂ ਦਵਾਈਆਂ ਖ਼੍ਰੀਦਣ ਲਈ ਪ੍ਰਾਂਤਾਂ ਅਤੇ ਇਲਾਕਾਈ ਸਰਕਾਰਾਂ ਦੀ ਸਹਾਇਤਾ ਕੀਤੀ ਜਾਵੇਗੀ। ਅਗਲੇ ਚਾਰ ਸਾਲ ਲਈ $3 ਬਿਲੀਅਨ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਖਰਚਿਆ ਜਾਵੇਗਾ। ਇਹ ਹੋਮ ਕੇਅਰ ਮਰੀਜ਼ਾਂ ਨੂੰ ਸਹੂਲਤਾਂ ਦੇਣ ’ਤੇ ਲਗੇਗਾ। $190 ਮਿਲੀਅਨ ਗੰਭੀਰ ਬਿਮਾਰੀ ਵਾਲੇ ਮਰੀਜ਼ਾਂ ਦੇ ਲਈ ਖਰਚਿਆ ਜਾਵੇਗਾ। ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਫਿਜੀਸਨ ਅਸਿਸਟਿਡ ਡੈਥ ਬਾਰੇ ਸਵਾਗਤ ਕਰਦੀ ਹੈ ਤੇ ਆਲ ਪਾਰਟੀ ਕਮੇਟੀ ਬਣਾ ਕੇ ਉਸਦੇ ਸੁਝਾਅ ਪ੍ਰਾਂਤਕ ਅਸੈਂਬਲੀਆਂ ਨੂੰ ਅਮਲ ਲਈ ਦਿੱਤੈ ਜਾਣਗੇ।

– ਪਰਵਾਸੀਆਂ ਵਾਸਤੇ ਕਾਨੂੰਨ ਸੀ-21 ਤੇ ਸੀ-51 ਦੀ ਵਿਰੋਧੀ ਅਤੇ ਅਫ਼ਸਰਸ਼ਾਹੀ ਦੀ ਆਪਹੁਦਰੀਆਂ ਇਮੀਗਰੇਸ਼ਨ ਸੀ-51 ਦੀਆਂ ਧਰਾਵਾਂ ਵੀ ਖਤਮ ਕੀਤੀਆਂ ਜਾਣਗੀਆਂ, ਜਿਹੜੀਆਂ ਪਰਵਾਸੀਆਂ ਨੂੰ ਉਨ੍ਹਾਂ ਦੀ ਕਾਨੂੰਨੀ ਹੱਸ ਤੋਂ ਵਾਂਝਾ ਕਰਦੀਆਂ ਹਨ ਉਨ੍ਹਾਂ ਸੋਧ ਕੀਤਾ ਜਾਵੇਗਾ ਜੇ ਲੋੜ ਪਈ ਇਹ ਕਾਨੂੰਨ ਰੱਦ ਕਰਨ ਦਾ ਲਿਬਰਲ ਪਾਰਟੀ ਵਾਅਦਾ ਕਰਦੀ ਹੈ।

– ਸਿਟੀਜਨ ਬਣਨ ਲਈ ਬਣੇ ਹੋਏ ਗੁੰਝਲਦਾਰ ਪ੍ਰਕਿਰੀਆ ਨੂੰ ਸਰਲ ਅਤੇ ਸੌਖਾ ਬਣਾਇਆ ਜਾਵੇਗਾ। ਪਹਿਲਾਂ ਨਾਲੋਂ ਦੁਗਣਾ ਕੀਤੇ ਸਮੇਂ ਨੂੰ ਠੀਕ ਕੀਤਾ ਜਾਵੇਗਾ।

– ਪਰਵਾਸੀਆਂ ਨੂੰ ਬੁਢਾਪਾ ਸਹੂਲਤ ਦੀ ਉਮਰ ਪਹਿਲਾਂ ਵਾਲੀ 65 ਸਾਲ, ਕੈਨੈਡਾ ਵਿਚ ਠਹਿਰਣ ਦਾ ਸਮਾਂ 10 ਸਾਲ ਹੀ ਰੱਖਿਆ ਜਾਵੇਗਾ।

ਹੁਣ ਕਿ ਲਿਬਰਲ ਪਾਰਟੀ ਕੈਨੇਡਾ ਵਿਚ ਸੱਤਾ ’ਤੇ ਕਾਬਜ਼ ਹੋ ਗਈ ਹੈ, ਕੈਨੇਡਾ ਵਾਸੀ ਜਸਟਿਨ ਟਰੂਡੋ ਪ੍ਰਧਾਨ ਮੰਤਰੀ ਕੋਲੋਂ ਇਹ ਆਸ ਰੱਖਦੇ ਹਨ ਉਸ ਨੇ ਘੋਸ਼ਣਾ ਪੱਤਰ ਵਿਚ ਜੋ ਕੁਝ ਲੋਕਾਂ ਸਾਹਮਣੇ ਰੱਖਿਆ ਹੈ ਉਸ ਨੂੰ ਥਿਊਰੀ ਸਮਝ ਕੇ ਨਹੀਂ ਪ੍ਰੈਕਟੀਕਲ ਤੌਰ ’ਤੇ ਕਰਨ ਦੀ ਲੋੜ ਹੈ ਕਿਉਂਕਿ ਗੱਲਬਾਤ ਨਾਲ ਦੁਨੀਆ ਦੇ ਕੁਝ ਨਹੀਂ ਬਣਦਾ ਸਗੋਂ ਅਮਲ ਵਿਚ ਲਿਆਉਣ ਨਾਲ ਕੋਈ ਗੱਲ ਬਣਦੀ ਹੈ। ਪਹਿਲਾਂ ਸਾਰੀਆਂ ਪਾਰਟੀਆਂ ਜਨਤਾ ਨੂੰ ਸਬਜਬਾਗ ਬਹੁਤ ਦੁਖਾਉਂਦੀਆਂ, ਫਿਰ ਕੁਰਸੀ ਤੇ ਆਉਣ ਤੇ ਫਿਰ ਪਤਾ ਲੱਗਦਾ ਹੈ ਉਹ ਦੀ ਕੀ ਭਾ ਵਿਕਤੀ ਹੈ। ਜਸਟਿਸ ਟਰੂਡੋ ਪ੍ਰਧਾਨ ਮੰਤਰੀ ਤੋਂ ਆਸਾਂ ਜ਼ਰੂਰ ਹਨ ਕਿ ਨੌਜਵਾਨ ਹੈ ਤੇ ਆਪਣੇ ਪਿਤਾ ਸਾਬਕ ਪ੍ਰਧਾਨ ਮੰਤਰੀ ਪੈਰੀ ਟਰਡੋ 16 ਸਾਲ ਕੈਨੇਡਾ ਲਈ ਉਹ ਕੀਤੇ ਕੰਮਾਂ ਦੀ ਲਾਜ਼ ਰੱਖੇਗਾ। ਅਸਲੀ ਗੱਲ ਤਾਂ ਇਹ ਹੈ ਕਿ ਚੋਣਾਂ ਵਿਚ ਵੋਟਾਂ ਬਟੋਰਨ ਲਈ ਹਰ ਪਾਰਟੀ ਹਰ ਹੀਲਾ ਵਰਤਦੀ ਤਾਂ ਕਿ ਉਨ੍ਹਾਂ ਦੀ ਸਰਕਾਰ ਆ ਜਾਵੇ। ਸਾਰੀਆਂ ਪਾਰਟੀਆਂ ਲੋਕਾਂ ਨੂੰ ਭਰਮਾਉਣ ਲਈ ਬਹੁਤ ਬਹੁਤ ਦਮਗਜੇ ਮਾਰਦੇ ਹਨ, ਪਰ ਅਸਲੀ ਜ਼ਿੰਮੇਵਾਰੀ ਜਿੱਤੀ ਹੋਈ ਪਾਰਟੀ ਦੇ ਸਿਰ ਪੈ ਜਾਂਦੀ ਹੈ ਜਿਵੇਂ ਕਿ ਕੈਨੇਡਾ ਵਿਚ ਲਿਬਰਲ ਤੇ। ਹੁਣ ਲਿਬਰਲ ਪਾਰਟੀ ਨੇ ਲੋਕਾਂ ਨਾ ਜੋ ਵਾਅਦੇ ਲਿਖਤੀ ਰੂਪ ਵਿਚ ਉਸਤੇ ਇਹ ਉਹ ਵਾਅਦਿਆਂ ਦੀ ਕਸਵਟੀ ਤੇ ਕਿੰਨੀ ਖਰੀ ਉਤਰਦੀ ਹੈ। ਉਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਲਈ ਕੈਨੇਡਾ ਵਾਸੀਆਂ ਨੂੰ ਬਹੁਤਾ ਖੁਸ਼ ਹੋਣ ਦੀ ਲੋੜ ਨਹੀਂ। ਵੇਖਣਾ ਇਹ ਕਿ ਉਠ ਕਿਸ ਕਰਵਟ ਬੈਠਦਾ ਹੈ।






# ਲਿਬਰਲਾਂ ਦੀ ਜਿੱਤ, ਕੀ ਕੈਨੇਡੀਅਨਾਂ ਦੀਆਂ ਆਸਾਂ 'ਤੇ ਖਰੇ ਉਤਰਨਗੇ

ਡਾ. ਪ੍ਰਿਥੀਪਾਲ ਸਿੰਘ ਸੋਹੀ

ਲਿਬਰਲ ਪਾਰਟੀ ਨੇ ਕੈਨੇਡਾ ਦੀਆਂ 42ਵੀਆਂ ਫੈਡਰਲ ਚੋਣਾਂ ਬਹੁਤ ਹੀ ਸ਼ਾਨ ਨਾਲ ਜਿੱਤ ਲਈਆਂ ਹਨ। 338 ਵਿੱਚੋਂ 184 ਸੀਟਾਂ ਤੇ ਕਬਜਾ ਕਰਕੇ ਲਿਬਰਲਾਂ ਨੇ ਸਾਰੇ ਸਰਵਿਆਂ ਨੂੰ ਝੂਠਾ ਸਿੱਧ ਕਰ ਦਿੱਤਾ ਹੈ। ਕੋਈ ਵੀ ਸਰਵੇ ਲਿਬਰਲਾਂ ਨੂੰ ਬਹੁ-ਮੱਤ ਨਹੀਂ ਦਿੰਦਾ ਸੀ। ਪਰ ਇਨਾ ਨੇ ਲੋੜੀਂਦੇ ਬਹੁਮੱਤ, 170 ਤੋਂ ਵੀ 14 ਸੀਟਾਂ ਅਧਿੱਕ ਪ੍ਰਾਪਤ ਕਰ ਲਈਆਂ ਹਨ। ਖੈਰ ਇਸ ਬਹੁਮੱਤ ਨੇ ਇਨਾ ਖਬਰਾਂ ਦਾ ਤਾਂ ਅੰਤ ਕਰ ਦਿੱਤਾ ਹੈ ਕਿ ਗਵਰਨਰ ਜਨਰਲ ਕਿਸ ਨੂੰ ਅਤੇ ਕਿਵੇਂ ਘੱਟ ਗਿਣਤੀ ਸਰਕਾਰ ਬਨਾਉਣ ਦਾ ਸੱਦਾ ਦੇਵੇਗਾ। ਹੁਣ ਉਹ ਜਲਦ ਹੀ ਕੈਨੇਡਾ ਦੇ ਜਨਮ ਤੋਂ ਹੀ ਚਲੀ ਆ ਰਹੀ ਲਿਬਰਲ ਪਾਰਟੀ ਨੂੰ ਸਰਕਾਰ ਬਨਾਉਣ ਦਾ ਸੱਦਾ ਦੇਵੇਗਾ ਅਤੇ ਜਲਦ ਹੀ ਕੈਨੇਡਾ ਦੇ ਬਹੁਤ ਹੀ ਮਸ਼ਹੂਰ ਰਹੇ ਸਾਬਕਾ ਪ੍ਰਧਾਨ ਮੰਤਰੀ ਪੀਅਰ ਈਲੀਅਟ ਟਰੂਡੋ ਦੇ 43 ਸਾਲਾ ਸਪੁੱਤਰ ਜਸਟਿਨ ਟਰੂਡੋ ਨੂੰ ਕੈਨੇਡਾ ਦੇ 23ਵੇਂ ਪ੍ਰਧਾਨ ਮੰਤਰੀ ਵਜੋਂ ਅਹੁਦੇ ਦੀ ਸਹੁੰ ਚੁਕਾਏਗਾ।

ਜਸਟਿਨ ਟਰੂਡੋ ਨੇ 2012 ਵਿੱਚ ਹੀ ਪਾਰਟੀ ਦੀ ਲੀਡਰਸ਼ਿਪ ਸੰਭਾਲੀ ਸੀ। 2011 ਵਿੱਚ ਜਿਹੜੀ ਪਾਰਟੀ ਕੁੱਲ 34 ਸੀਟਾਂ ਹਾਸਲ ਕਰਕੇ ਮਰਨ ਕਿਨਾਰੇ ਪਹੁੰਚ ਗਈ ਸੀ, ਨੂੰ ਟਰੂਡੋ ਨੇ ਮੁੜ ਕੇ ਜੀਵਤ ਕਰ ਦਿੱਤਾ ਅਤੇ ਤਿੰਨ ਸਾਲਾਂ ਵਿੱਚ ਹੀ ਪਾਰਟੀ ਅਤੇ ਕਾਡਰ ਵਿੱਚ ਨਵੀਂ ਰੂਹ ਫੂਕ ਕੇ ਪਿਛਲੇ ਤਕਰੀਬਨ ਇੱਕ ਦਹਾਕੇ ਤੋਂ ਰਾਜ ਭੋਗ ਰਹੀ ਕਨਸਰਵੇਟਿਵ ਪਾਰਟੀ ਨੂੰ ਸੌ ਦੇ ਅੰਕੜੇ ਤੱਕ ਨਹੀਂ ਪਹੁੰਚਣ ਦਿੱਤਾ। ਜਸਟਿਨਦੀ ਜਵਾਨ ਜਿੰਦਾਦਿਲੀ ਅਤੇ ਲਗਾਤਾਰ ਮਿਹਨਤ ਨੇ ਇਸ ਪੁਰਾਣੀ ਪਾਰਟੀ ਨੂੰ ਇੱਕ ਵਾਰ ਫਿਰ ਕੈਨੇਡਾ ਦਾ ਨਵਾਂ ਇਤਹਾਸ ਲਿਖਣ ਦਾ ਮੌਕਾ ਦੇ ਦਿੱਤਾ ਹੈ।

ਕਨਸਰਵੇਟਿਵ ਪਾਰਟੀ ਨੇ ਤਿੰਨ ਵਾਰ ਪ੍ਰਧਾਨ ਮੰਤਰੀ ਰਹੇ ਆਪਣੇ ਹੰਡੇ ਹੋਏ ਲੀਡਰ ਸਟੀਵਨ ਹਾਰਪਰ ਦੀ ਕਮਾਂਡ ਹੇਠ ਇਸ ਵਾਰ ਵੀ ਸੱਤਾ ਹਾਸਲ ਕਰਨ ਦਾ ਹਰ ਹੀਲਾ ਵਰਤਿਆ,ਪਰ ਜਦੋਂ ਲੋਕਾਂ ਦਾ ਵਿਸ਼ਵਾਸ ਆਪਣੇ ਲੀਡਰ ਤੋਂ ਉੱਠ ਜਾਵੇ ਫਿਰ ਰਾਜਨੀਤਕ ਸ਼ਾਤਰਪੁਣਾ ਵੀ ਨਾਲ ਹੀ ਰੁੜ ਜਾਂਦਾ ਹੈ। ਹਾਰਪਰ ਨੇ 36 ਦਿਨਾ ਦੀ ਥਾਂ 78 ਦਿਨਾਂ ਦਾ ਚੋਣ ਪ੍ਰਚਾਰ ਪਾਰਟੀਆਂ ਅਤੇ ਲੋਕਾਂ ਤੇ ਠੋਸ ਕੇ ਆਪਣੀ ਜਾਣ ਤਾਂ ਆਪਣੀ ਪਾਰਟੀ ਦੀ ਅਮੀਰੀ ਤੇ ਭਰੋਸਾ ਕੀਤਾ ਸੀ ਅਤੇ ਸਮਝਿਆ ਸੀ ਬਾਕੀ ਪਾਰਟੀਆਂ ਇਨੇ ਲੰਬੇ ਚੋਣ ਪ੍ਰਚਾਰ ਲਈ ਖਰਚਾ ਨਹੀਂ ਕਰ ਸਕਨਗੀਆਂ, ਪਰ ਇਹ ਚਾਲ ਖੁਦ ਹਾਰਪਰ ਨੂੰ ਹੀ ਪੁੱਠੀ ਪੈ ਗਈ। ।ਇਸ ਨਾਲ ਕੈਨੇਡੀਅਨ ਖਜ਼ਾਨੇ ਤੇ ਵੀ ਵਾਧੂ ਭਾਰ ਪਿਆ ਕਿਉਂਕਿ ਪ੍ਰਚਾਰ ਦਾ ਅੱਧਾ ਖਰਚਾ ਸਰਕਾਰ ਨੇ ਦੇਣਾ ਹੁੰਦਾ ਹੈ। ਸਰਵਿਆਂ ਅਨੁਸਾਰ ਜੇ ਚੋਣਾਂ 55 ਤੋਂ ਸੱਠ ਦਿਨਾ ਵਿੱਚ ਹੋ ਜਾਂਦੀਆਂ ਤਾਂ ਹਾਰਪਰ ਇੱਕ ਹੋਰ ਘੱਟ ਗਿਣਤੀ ਸਰਕਾਰ ਬਣਾ ਸਕਦਾ ਸੀ। ਸੱਤ ਅਕਤੂਬਰ ਤੋਂ ਬਾਅਦ ਲਿਬਰਲ ਪਾਰਟੀ ਦਾ ਗ੍ਰਾਫ ਕਨਸਰਵੇਟਿਵਾਂ ਅਤੇ ਐਨ ਡੀ ਪੀ ਨੂੰ ਕੱਟਣ ਲੱਗ ਪਿਆ ਸੀ ਤੇ ਆਖਰ ਹੌਲੀ ਹੌਲੀ ਵਧਦਾ ਹੋਇਆ 19 ਅਕਤੂਬਰ ਨੂੰ ਜਿੱਤ ਵਾਲੀ ਪੌੜੀ ਚੜ ਗਿਆ।

ਦੂਜਾ, ਹਾਰਪਰ ਨੇ ਅਸਲ ਕੈਨੇਡੀਅਨ ਮੁੱਦਿਆਂ ਦੀ ਥਾਂ ਨਸਲੀ ਮੁੱਦਿਆਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ। ਇਹ ਗੱਲ ਬਹੁ-ਭਾਂਤੀ ਕੈਨੇਡੀਅਨ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨਾਲ ਮੇਲ ਨਹੀਂ ਖਾਂਦੀ ਸੀ। ਮੁਸਲਿਮ ਔਰਤਾਂ ਦੇ ਨਕਾਬ ਦੇ ਮੁੱਦੇਨੂੰ ਚੋਣਾਂ ਦਰਮਿਆਨ ਹਾਰਪਰ ਅਤੇ ਇਸ ਦੀ ਪਾਰਟੀ ਦੇ ਹੋਰ ਨੇਤਾਵਾਂ ਨੇ ਬਹੁਤ ਪ੍ਰਚਾਰਿਆ। ਇਸ ਦੇ ਪ੍ਰਭਾਵ ਨੂੰ ਵੇਖਣ ਲਈ ਸਰਕਾਰੀ ਸਰਵੇ ਵੀ ਕਰਾਇਆ ਗਿਆ ਜਿਸ ਅਨੁਸਾਰ 90 ਫੀ ਸੀ ਤੋਂ ਵੱਧ ਕੈਨੇਡੀਅਨ ਇਸ ਹੱਕ ਵਿੱਚ ਸਨ ਕਿ ਕੈਨੇਡੀਅਨ ਨਾਗਰਿਕਤਾ ਲੈਣ ਸਮੇਂ ਸਹੁੰ ਚੁੱਕਣ ਲਈ ਨਕਾਬ ਨਹੀਂ ਪਹਿਨਣਾ ਚਾਹੀਦਾ। ਪਰ ਅਦਾਲਤਾਂ ਇਸ ਨਾਲ ਸਹਿਮਤ ਨਹੀਂ ਸਨ। ਹਾਰਪਰ ਨੇ ਇਸ ਨੂੰ ਲਾਗੂ ਕਰਨ ਲਈ ਸੰਵਿਧਾਨ ਵਿੱਚ ਸੋਧ ਕਰਨ ਦੀ ਵੀ ਗੱਲ ਕਹੀ ਅਤੇ ਇੱਕ ਦਿਨ ਇਹ ਵੀ ਕਹਿ ਦਿੱਤਾ ਕਿ ਜਨਤਕ ਨੌਕਰੀਆਂ ਵਿੱਚ ਵੀ ਉਹ ਨਕਾਬ ਤੇ ਰੋਕ ਲਾਉਣ ਬਾਰੇ ਸੋਚ ਰਹੇ ਹਨ। ਪਰ ਕੈਨੇਡੀਅਨ ਲੋਕਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਨਕਾਬ ਦੇ ਮਸਲੇ ਨੂੰ ਰਾਜਨੀਤਕ ਮਸਲਾ ਨਹੀਂ ਬਣਾਇਆ ਜਾ ਸਕਦਾ। ਇਸ ਲਈ ਲੋਕਾਂ ਨੇ ਇਸ ਮੁੱਦੇ ਨੂੰ ਨਿਕਾਰਕੇ ਕਨਸਰਵੇਟਿਵ ਪਾਰਟੀ ਦੀ ਥਾਂ ਲਿਬਰਲ ਪਾਰਟੀ ਨੂੰ ਤਰਜੀਹ ਦਿੱਤੀ ਜੋ ਨਕਾਬ ਦੇ ਮਸਲੇ ਤੇ ਘੱਟ ਗਿਣਤੀ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦੀ ਪ੍ਰੋੜਤਾ ਕਰ ਰਹੀ ਸੀ।

ਤੀਜੇ, ਹਾਰਪਰ ਨੂੰ ਪ੍ਰਚਾਰ ਦੇ ਪਹਿਲੇ ਦਿਨਾ ਵਿੱਚ ਸੈਨਿਟ ਸਕੈਂਡਲ ਨੇ ਮੁੜ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੱਤਾ ਸੀ। ਮਾਈਕ ਡਫੀ ਦਾ ਟਰਾਇਲ ਕਨਸਰਵੇਟਿਵ ਆਧਾਰ ਨੂੰ ਹਿਲਾ ਰਿਹਾ ਸੀ। ਉਨਾਂ ਹੀ ਦਿਨਾ ਵਿੱਚ ਇਹ ਖਬਰ ਆ ਗਈ ਕਿ ਪਿਛਲੀਆਂ ਦੋ ਤਿਮਾਹੀਆਂ ਦਾ ਵਿਕਾਸ ਦਰਸਾ ਰਿਹਾ ਕਿ ਕੈਨੇਡਾ ਦੀ ਆਰਥਿਕਤਾ ਮੰਦਵਾੜੇ ਵਿੱਚ ਹੈ। ਪਰ ਕੁੱਝ ਦਿਨਾ ਬਾਅਦ ਵਿੱਤ ਮੰਤਰਾਲੇ ਵੱਲੋਂ ਖਬਰ ਆਈ ਕਿ ਵਿਕਾਸ ਦਰ ਵਧ ਗਈ ਹੈ ਅਤੇ ਕੈਨੇਡਾ ਮੰਦਵਾੜੇ ਵਿੱਚ ਨਹੀਂ ਹੈ। ਪਰ ਬਹੁਤੇ ਲੋਕ ਇਸ ਨੂੰ ਅੰਕੜੇ ਤੋੜ ਮਰੋੜ ਕੇ ਬਣਾਈ ਖਬਰ ਸਮਝ ਰਹੇ ਸਨ। ਇਸ ਨੇ ਹਾਰਪਰ ਸਰਕਾਰ ਦੀ ਭਰੋਸੇਯੋਗਤਾ ਨੂੰ ਹੋਰ ਸੱਟ ਮਾਰੀ। ਲੋਕਾਂ ਨੂੰ ਕਨਸਰਵੇਟਿਵ ਸਰਕਾਰ ਦੁਆਰਾ, ਆਪਣੇ ਆਖਰੀ ਸਾਲ ਵਿੱਚ ਸਮਤੋਲ ਬੱਜਟ ਵਿਖਾਉਣ ਦਾ ਤਰਕ ਵੀ ਬਹੁਤਾ ਪਸੰਦ ਨਹੀਂ ਆਇਆ। ਬਹੁਤੇ ਲੋਕਾਂ ਨੂੰ ਕੈਨੇਡਾ ਦੀ ਆਈਸਿਸ ਅੱਤਵਾਦ ਵਿਰੁੱਧ ਅਪਨਾਈ ਸਿੱਧੀ ਲੜਾਈ ਦੀ ਨੀਤੀ ਵੀ ਪਸੰਦ ਨਹੀਂ ਆਈ। ਲੜਾਈ ਵਿੱਚ ਸਿੱਧੇ ਤੌਰ ਤੇ ਅੱਤਵਾਦ ਵਿਰੋਧੀ ਕੁਲੀਸ਼ਨ ਵਿੱਚ ਲੜਾਕੂ ਹਿੱਸੇਦਾਰੀ ਨਾਲ ਕੈਨੇਡਾ ਦੇ ਸੁਤੰਤਰ ਅਤੇ ਨਿਰਪੱਖ ਕੌਮਾਂਤਰੀ ਅਕਸ ਨੂੰ ਢਾਹ ਲੱਗੀ ਸਮਝੀ ਜਾ ਰਹੀ ਹੈ।

ਹਾਰਪਰ ਸਰਕਾਰ ਦੀ ਇਮੀਗਰੇਸ਼ਨ ਨੀਤੀ ਨਾਲ ਵੀ ਬਹੁ-ਗਿਣਤੀ ਇਮੀਗਰੈਂਟ ਵਸੋਂ ਸਹਿਮਤ ਨਹੀਂ ਸੀ। ਇਸ ਤਰਾਂ ਕੈਨੇਡਾ ਦੀਆਂ ਵਿਖਾਈ ਦੇ ਰਹੀਆਂ ਘੱਟ ਗਿਣਤੀਆਂ, ਜਿਨਾਂ ਦੀ ਗਿਣਤੀ 18-19 ਪ੍ਰਤੀਸ਼ਤ ਹੈ, ਹਾਰਪਰ ਸਰਕਾਰ ਦੇ ਵਿਰੁੱਧ ਸਨ ਅਤੇ ਇਨਾਂ ਚੋਣਾਂ ਵਿੱਚ ਉਹ ਇੱਕ-ਜੁੱਟ ਹੋਕੇ ਕਨਸਰਵੇਟਿਵ ਸਰਕਾਰ ਵਿਰੁੱਧ ਭੁਗਤ ਗਈਆਂ। ਘੱਟ ਗਿਣਤੀ ਭਾਈਚਾਰਿਆਂ ਨੇ ਆਮ ਤੌਰ ਤੇ ਆਪਣੇ ਭਾਈਚਾਰ ਦੇ ਕਨਸਰਵੇਟਿਵ ਉਮੀਦਵਾਰਾਂ ਨੂੰ ਵੀ ਵੋਟਾਂ ਨਹੀਂ ਪਾਈਆਂ। ਦੂਜੇ ਭਾਈਚਾਰਿਆਂ ਨਾਲ ਸਬੰਧਤ ਇੱਕੜ-ਦੁੱਕੜ ਹੀ ਕਨਸਰਵੇਟਿਵ ਉਮੀਦਵਾਰ ਜਿੱਤੇ ਹਨ। ਜਦੋਂ ਕਿ ਲਿਬਰਲ ਪਾਰਟੀ ਦੇ ਗੱਟ ਗਿਣਤੀ ਭਾਈਚਾਰਿਆਂ ਦੇ ਉਮੀਦਵਾਰਾਂ ਨੇ ਵੱਡੀ ਗਿਣਤੀ ਵਿੱਚ ਜਿੱਤਾਂ ਦਰਜ ਕੀਤੀਆਂ ਹਨ। ਜਿੱਤੇ 18 ਪੰਜਾਬੀ ਉਮੀਦਵਾਰਾਂ ਵਿੱਚੋਂ ਦਰਜਨ ਤੋਂ ਵੱਧ ਲਿਬਰਲ ਪਾਰਟੀ ਨਾਲ ਹੀ ਸਬੰਧਤ ਹਨ। ਕਨਸਰਵੇਟਿਵਪਾਰਟੀ ਦਾ ਬਹੁਤਾ ਪ੍ਰਚਾਰ ਨੈਗੇਟਿਵ ਸੀ। ਆਪਣੀਆਂ ਹਾਂ-ਪੱਖੀ ਪ੍ਰਾਪਤੀਆਂ ਦੱਸਣ ਦੀ ਥਾਂ ਉਨਾਂ ਬਹੁਤਾ ਸਮਾਂ ਲਿਬਰਲ ਲੀਡਰ ਨੂੰ ਭੰਡਣ ਤੇ ਲਾਇਆ। ਲਿਬਰਲਾਂ ਦੁਆਰਾ ਪ੍ਰਚਾਰੀਆਂ ਜਾ ਰਹੀਆਂ ਨੀਤੀਆਂ ਵਿਰੁੱਧ ਇਨਾਂ ਖੂਬ ਇਸ਼ਤਿਹਾਰਬਾਜੀ ਕੀਤੀ। ਖਾਸ ਤੌਰ ਤੇ ਉਨਾਂਦੇ ਮੈਰੂਵਾਨਾ ਨੂੰ ਕਾਨੂੰਨੀ ਕਰਨ ਦੇ ਮੁੱਦੇ ਨੂੰ ਘੱਟ ਗਿਣਤੀ ਭਾਈਚਾਰਿਆਂ ਵਿੱਚ ਬਹੁਤ ਪ੍ਰਚਾਰਿਆ। ਪਰ ਕੈਨੇਡੀਅਨ ਵੋਟਰਾਂ ਨੇ ਕਨਸਰਵੇਟਿਵ ਪਾਰਟੀ ਦੇ ਨਕਾਰਾਤਮਿਕ ਪ੍ਰਚਾਰ ਨੂੰ ਨਿਕਾਰ ਦਿੱਤਾ।

ਇਸ ਚੋਣ ਵਿੱਚ ਨੈਗੇਟਿਵ ਵੋਟ ਦਾ ਵੀ ਬਹੁਤ ਰੋਲ ਮੰਨਿਆ ਜਾਂਦਾ ਹੈ। ਬਹੁਤ ਲੋਕਾਂ ਨੇ ਕੂਟਨੀਤਕ ਵੋਟ ਦੀ ਵਰਤੋਂ ਕੀਤੀ ਹੈ। ਕੁੱਝ ਗਰੁੱਪ ਵੀ ਇਸ ਦਾ ਪ੍ਰਚਾਰ ਕਰ ਰਹੇ ਸਨ। ਬਹੁਤੇ ਲੋਕਾਂ ਦੇ ਨਿਸ਼ਾਨੇ ਤੇ ਸਟੀਵਨ ਹਾਰਪਰ ਨੂੰ ਹਰਾਉਣਾ ਸੀ। ਉਨਾਂ ਇਹ ਵੇਖ ਕਿ ਵੋਟ ਪਾਈ ਕਿ ਕਿਹੜਾ ਉਮੀਦਵਾਰ ਕਨਸਰਵੇਟਿਵ ਉਮੀਦਵਾਰ ਨੂੰ ਹਰਾ ਸਕਦਾ ਹੈ। ਪਿਛਲੇ ਦਿਨਾ ਵਿੱਚ ਇਸੇ ਨੀਤੀ ਤਹਿਤ ਬਹੁ-ਗਿਣਤੀ ਐਨ ਡੀ ਪੀ ਵੋਟ ਲਿਬਰਲ ਪਾਰਟੀ ਦੇ ਉਮੀਦਵਾਰਾਂ ਵੱਲ ਝੁਕ ਗਈ। ਸਤੰਬਰ ਦੇ ਅੱਧ ਵਿੱ ਨਕਾਬ ਦੇ ਮਸਲੇ ਤੇ ਲਏ ਸਟੈਂਡ ਕਾਰਨ ਕੁਬੈਕ ਵਿੱਚ ਫਰੈਂਚ ਭਾਸ਼ਾ ਵਾਲੀ ਕਾਫੀ ਵੋਟ ਜੋ ਐਨ ਡੀ ਪੀ ਵੱਡਾ ਆਧਾਰ ਸੀ, ਐਨ ਡੀ ਪੀ ਤੋਂ ਪਾਸਾ ਵੱਟ ਗਈ ਸੀ। ਸਤੰਬਰ ਦੇ ਅਖੀਰ ਵਿੱਚ ਅਤੇ ਅਕਤੂਬਰ ਦੇ ਸ਼ੁਰੂ ਵਿੱਚ ਬਹੁਤੇ ਸਰਵਿਆਂ ਨੇ ਐਨ ਡੀ ਪੀ ਦਾ ਗ੍ਰਾਫ ਲਗਾਤਾਰ ਥੱਲੇ ਜਾਂਦਾ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਦਾ ਨਤੀਜਾ ਇਹ ਹੋਇਆ ਕੇ ਲਿਬਰਲਾਂ ਦਾ ਗ੍ਰਾਫ ਲਗਾਤਾਰ ਵਧਣਾ ਸ਼ੁਰੂ ਹੋ ਗਿਆ, ਅਖੀਰਲੇ ਹਫਤੇ ਜਦੋਂ ਲਿਬਰਲਾਂ ਦਾ ਅੰਕੜਾ ਸਰਵਿਆਂ ਵਿੱਚ ਕਨਸਰਵੇਟਿਵਾਂ ਨੂੰ ਕੱਟ ਗਿਆ ਤਾਂ ਐਨ ਡੀ ਪੀ ਬਾਰੇ ਸੋਚਣ ਵਾਲੀ ਬਹੁਤੀ ਵੋਟ ਲਿਬਰਲਾਂ ਵੱਲ ਝੁਕ ਗਈ। ਬਹੁਤੀਗੈਰ-ਫੈਸਲਾਕੁਨ ਵੋਟ ਵੀ ਆਖਰੀ ਦੋ ਦਿਨਾ ਵਿੱਚ ਲਿਬਰਲਾਂ ਦਾ ਪੱਲਾ ਫੜ ਗਈ ਜਿਸ ਕਾਰਨ ਉਨਾਂ ਇਨਾ ਹੈਰਾਨੀ ਜਨਕ ਬਹੁਮੱਤ ਦਾ ਅੰਕੜਾ ਪਾਰ ਕਰ ਲਿਆ, ਜਿਸ ਦੀ ਕਿ ਕਿਸੇ ਵੀਸਰਵੇ ਨੇ ਕਿਆਸ ਰਾਈ ਨਹੀਂ ਕੀਤੀ ਸੀ।

ਲਿਬਰਲ ਲੀਡਰ ਸਾਰੇ ਚੋਣ ਪ੍ਰਚਾਰ ਦੌਰਾਨ ਆਪਣੇ ਹਰ ਸਟੈਂਡ ਤੇ ਪੂਰੀ ਤਰਾਂ ਪਹਿਰਾ ਦਿੰਦਾ ਰਿਹਾ। ਪੰਜੇ ਬਹਿਸਾਂ ਦਾ ਉਸ ਨੇ ਬਹੁਤ ਅੱਛੇ ਢੰਗ ਨਾਲ, ਪੂਰੇ ਭਰੋਸੇ ਅਤੇ ਦਲੇਰੀ ਨਾਲ ਸਾਹਮਣਾ ਕੀਤਾ। ਕਈ ਵਿਵਾਦਗ੍ਰਸਤ ਮੁੱਦਿਆਂ ਤੇ ਵੀ ਉਸ ਨੇ ਬਹੁਤ ਸਪਸ਼ਟਤਾ ਨਾਲ ਜਵਾਬ ਦਿੱਤਾ। ਖਾਸ ਤੌਰ ਤੇ ਕਾਨੂੰਨ ਸੀ-24 ਅਤੇ ਸੀ-51 ਤੇ ਵੀ ਦ੍ਰਿੜਤਾ ਨਾਲ ਆਪਣਾ ਪੱਖ ਰੱਖਿਆ। ਸੀ-51 ਦਾ ਪਾਰਲੀਮੈਂਟ ਵਿੱਚ ਸਮਰਥਨ ਕਰਕੇ ਲਿਬਰਲ ਭਾਵੇਂ ਬਹੁਤ ਘਿਰੇ ਘਿਰੇ ਮਹਿਸੂਸ ਕਰਦੇ ਸਨ ਪਰ ਬਾਅਦ ਵਿੱਚ ਉਨਾਂ ਦੁਆਰਾ ਇਹ ਸਪਸ਼ਟੀਕਰਨ ਦੇਣਾ ਕਿ ਸਰਕਾਰ ਬਣਨ ਤੇ ਉਹ ਉਸ ਨੂੰ ਬਦਲ ਦੇਣਗੇ,ਲੋਕਾਂ ਨੇ ਪ੍ਰਵਾਨ ਕਰ ਲਿਆ। ਸੀ-24 ਨੂੰ ਰੱਦ ਕਰਨ ਬਾਰੇ ਦਿੱਤੇ ਬਿਆਨਾ ਨੇ ਇਮੀਗਰੈਂਟ ਵਸੋਂ ਦਾ ਜਸਟਿਨ ਟਰੂਡੋ ਵਿੱਚ ਭਰੋਸਾ ਹੋਰ ਵਧਾ ਦਿੱਤਾ। ਟਰੂਡੋਨੇ ਦਲੇਰੀ ਨਾਲ ਇਹ ਕਿਹਾ ਕਿ ਕੈਨੇਡਾ ਦਾ ਅਪਰਾਧੀ ਨਾਗਰਿਕ, ਕੈਨਡਾ ਦਾ ਹੀ ਨਾਗਰਿਕ ਹੈ, ਉਸ ਨੂੰ ਇਥੇ ਹੀ ਸਜਾ ਮਿਲਣੀ ਚਾਹੀਦੀ ਹੈ, ਉਸ ਨੂੰ ਉਸ ਦੀ ਨਾਗਰਿਕਤਾ ਰੱਦ ਕਰਕੇ ਉਸ ਦੇ ਪਹਿਲੇ ਦੇਸ਼ ਵਿੱਚ ਨੂੰ ਵਾਪਸ ਭੇਜਣਾ ਸਹੀ ਨਹੀਂ ਹੈ।

ਲਿਬਰਲਾਂ ਨੇ ਬੁਢਾਪਾ ਪੈਨਸ਼ਨ ਦੀ ਉਮਰ ਹੱਦ ਮੁੜ 65 ਸਾਲ ਕਰਨ ਦੇ ਵਾਅਦੇ ਨੇ 55 ਤੋਂ 64 ਸਾਲ ਦੀ ਉਮਰ ਦੀ ਤਕਰੀਬਨ 16-17 ਫੀ ਸਦੀ ਵਸੋਂ ਨੂੰ ਵੀ ਆਪਣੇ ਵੱਲ ਆਕ੍ਰਸ਼ਤ ਕੀਤਾ ਹੈ। ਇਨ੍ਹਾਂ ਵਿੱਚੋਂ ਕਈ ਗੱਲਾਂ ਐਨ ਡੀ ਪੀ ਦੇ ਪਲੇਟਫਾਰਮ ਵਿੱਚ ਵੀ ਸਨ ਪਰ ਲੋਕਾਂ ਨੇ ਕਨਸਰਵੇਟਿਵ ਪਾਰਟੀ ਨੂੰ ਹਰਾਉਣ ਲਈ ਲਿਬਰਲਾਂ ਦੀ ਹਮਾਇਤ ਕਰਨੀ ਹੀ ਠੀਕ ਸਮਝੀ।

ਜਸਟਿਨ ਟਰੂਡੋ ਅਤੇ ਲਿਬਰਲ ਪਾਰਟੀ ਦੁਆਰਾ ਗੈਂਗ ਵਾਰ ਅਤੇ ਵਧ ਰਿਹਾ ਅਪਰਾਧ ਖਤਮ ਕਰਨ ਲਈ ਕੁਝ ਸ਼ਰਤਾਂ ਅਧੀਨ ਮੈਰੂਵਾਨਾ ਨੂੰ ਲੀਗਲ ਅਤੇ ਨਿਯਮਬੱਧ ਕਰਨ ਨੂੰ ਵੀ ਸਪਸ਼ਟ ਰੂਪ ਵਿੱਚ ਪ੍ਰਚਾਰਿਆ ਗਿਆ। ਕਨਸਰਵੇਟਿਵਾਂ ਨੇ ਇਸ ਵਿਰੁੱਧ ਪ੍ਰਚਾਰ ਵੀ ਕੀਤਾ, ਪਰ ਵੋਟਰਾਂ ਨੇ ਲਿਬਰਲਾਂ ਦੀ ਸਕੀਮ ਨਾਲ ਸਹਿਮਤੀ ਪ੍ਰਗਟ ਕੀਤੀ ਹੈ। ਲਿਬਰਲ ਪਾਰਟੀ ਦਾ ਪਲੇਟਫਾਰਮ ਬਹੁਤ ਸਪਸ਼ਟ ਵਿਖਾਈ ਦਿੰਦਾ ਹੈ, ਜਿਸ ਵਿੱਚ ਹਰ ਗੱਲ ਤੇ ਪੂਰੀ ਵਿਸਥਾਰ ਨਾਲ ਯੋਜਨਾ ਦਰਸਾਈ ਹੋਈ ਹੈ ਅਤੇ ਨਾਲ ਹੀ ਖਰਚੇ ਅਤੇ ਸਾਧਨਾ ਦਾ ਜ਼ਿਕਰ ਹੈ। ਕਨਸਰਵੇਟਿਵ ਅਤੇ ਐਨ ਡੀ ਪੀ ਜਿਥੇ ਸਾਵੇਂ ਬੱਜਟ ਦੀ ਰਟ ਲਾ ਰਹੇ ਸਨ, ਲਿਬਰਲਾਂ ਨੇ ਤਿੰਨ ਸਾਲ ਲਈ ਘਾਟੇ ਵਾਲੇ ਬੱਜਟ ਪੇਸ਼ ਕਰਨ ਦੀ ਦਲੇਰੀ ਵਿਖਾਈ। ਪੂੰਜੀ ਨਿਵੇਸ਼ ਕਰਨ ਲਈ ਅਮੀਰਾਂ ਤੇ ਇੱਕ ਫੀ ਸਦੀ ਟੈਕਸ ਵਧਾਉਣ ਅਤੇ ਨੌਕਰੀਆਂ ਪੈਦਾ ਕਰਨ ਨੂੰ ਤਰਜੀਹ ਦੇਣ ਦੀ ਗੱਲ ਕਹੀ। ਉਨਾਂ ਕਨਸਰਵੇਟਿਵਾਂ ਦੀ ਤਰਾਂ ਖਰਚੇ ਕੱਟ ਕਰਨ ਦੀ ਗੱਲ ਨਹੀਂ ਕਹੀ। ਇਸ ਤਰਾਂ ਵਿਕਾਸ ਦਾ ਆਪਣਾ ਨਵਾਂ ਫਾਰਮੂਲਾ ਲੋਕਾਂ ਸਾਹਮਣੇ ਪੇਸ਼ ਕੀਤਾ, ਜੋ ਲੋਕਾਂ ਨੇ ਪ੍ਰਵਾਨ ਵੀ ਕੀਤਾ।

ਇਸ ਚੋਣ ਵਿੱਚ ਕਨਸਰਵੇਟਿਵ ਪਾਰਟੀ ਦੀ ਹਾਰ ਨੇ ਭੱਖਿਖ ਲਈ ਇਹ ਟਰੈਂਡ ਵੀ ਸੈਟ ਕਰ ਦਿੱਤਾ ਹੈ ਕਿ ਕੋਈ ਪਾਰਟੀ ਇਥੇ ਨਸਲੀ ਮੁੱਦੇ ਅਤੇ ਡਰ ਪੈਦਾ ਕਰਕੇ ਬਹੁ-ਗਿਣਤੀ ਭਾਈਚਾਰ ਦੀਆਂ ਵੋਟਾਂ ਨਹੀਂ ਵਟੋਰ ਸਕਦੀ। ਕੈਨੇਡਾ ਦੀ ਸ਼ਾਤੀ ਅਤੇ ਏਕਤਾ ਲਈ ਇਹ ਬਹੁਤ ਸ਼ਲਾਘਾਯੋਗ ਪ੍ਰਵਿਰਤੀ ਹੈ।

ਜਸਟਿਨ ਟਰੂਡੋ ਅੱਗੇ ਬਹੁਤ ਚਣੌਤੀਆਂ ਹਨ। ਯੂਰਪ ਦਾ ਆਰਥਕ ਮੰਦਵਾੜਾ ਕੈਨੇਡਾ ਲਈ ਵੀ ਡਰ ਪੈਦਾ ਕਰ ਰਿਹਾ ਹੈ। ਪਿਛਲੇ ਮਹਿਨਿਆਂ ਵਿੱਚ ਕੈਨੇਡਾ ਦੀਦਰਾਮਦ ਅਤੇ ਬਰਾਮਦ ਵਿੱਚ ਭਾਰੀ ਗਿਰਾਵਟ ਆਈ ਹੈ। ਨੌਕਰੀਆਂ ਵਿੱਚ ਭਾਰੀ ਕਮੀ ਆਈ ਹੈ। ਟਰਾਂਸ ਪੈਸੇਫਿਕ ਪਾਰਟਨਰਸ਼ਿਪ ਵਪਾਰ ਸਮਝੌਤਾ ਵੀ ਲਾਗੂ ਕਰਨਾ ਹੈ। ਉਤਪਾਦਨ ਅਤੇ ਵਿਕਾਸ ਦਰ ਵੀ ਵਧਾਉਣੀ ਹੈ। ਵਾਤਾਵਰਣ ਦੀਆਂ ਵੀ ਕਈ ਚਣੌਤੀਆਂ ਹਨ। ਨੌਜਵਾਨ ਟਰੂਡੋ ਨੂੰ ਭਰੋਸਾ ਹੈ ਕਿ ਉਹ ਕੈਨੇਡਾ ਨੂੰ ਉੱਨਤੀ ਦੇ ਰਾਹ ਤੇ ਲੈ ਜਾਵੇਗਾ। ਇਥੋਂ ਦੇ ਸਭ ਭਾਈਚਾਰਿਆਂ ਵਿੱਚ ਆਪਸੀ ਏਕਤਾ ਅਤੇ ਸਦਭਾਵਨਾ ਦਾ ਮਹੌਲ ਬਣਾਕੇ, ਆਪਣੇ ਪਿਤਾ ਵੱਲੋਂ ਸ਼ੁਰੂ ਕੀਤੇ ਬਹੁ-ਭਾਤੀ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰੇਗਾ।

1-604-653-7889
pssohi57@yahoo.com

Canada Federal Elections 2015

# Liberal's victory by building castle of words, time for real show



Dr. Hardeep Singh, Guelph (Ontario)

Recent vote was a massive expression against Prime Minister Stephen Harper and his decade-old Conservative government. The Conservatives lost more than 60 seats, with many cabinet ministers, including Finance Minister Joe Oliver, going down to personal defeat. Canada's government under Harper implemented the largest social spending cuts in Canadian history and handed tens of billions in savings to big business and the financial elite through massive corporate, capital-gains and personal-income tax cuts. The Liberals were the beneficiaries of mass opposition to the Conservative government, which imposed sweeping austerity measures, further integrated Canada into the military-strategic offensives of US imperialism, and attacked democratic and workers' rights. Under Justin Trudeau, the son of former Liberal Prime Minister Pierre Trudeau, the Liberals made major gains in virtually all parts of the country, including the Atlantic Provinces, Quebec, Ontario, Manitoba, and British Columbia. Harper owned the responsibility and announced he was stepping aside as Conservative leader.

For years the unions and NDP have been working for the replacement of Harper by a "progressive" government in which the Liberals would play a leading role. Since last fall, the unions have been spearheading an "Anybody but Harper" campaign, pouring millions of dollars into third-party anti-Conservative ad and protest campaigns. The Liberals' ability to portray themselves as the agents of "real" and "progressive" change was entirely due to the right-wing politics of the trade unions and the social-democratic New Democratic Party (NDP).




The capitalist elite under conditions of a deepening economic crisis in Canada, driven by the sharp fall in oil and commodity prices and anemic growth internationally, as well as mounting tensions between the major powers, will try to make use of the Liberal government to step up the assault on workers' rights at home and to more aggressively assert Canadian imperialism's predatory interests abroad. This will include adoption of the Trans-Pacific Partnership (TPP) trade agreement, a central component of the United States' drive to strategically isolate and militarily encircle China. Previous Canadian history expressed that Liberals have a very long record of making "progressive appeals during election campaigns, only to impose the policy prescriptions of their avowedly more right-wing opponents when they take office, but this time Liberals should act in real words. In 1993, the Liberals swept to power under Jean Chretien after nine years of Progressive Conservative rule. Chretien ran a "progressive" campaign, pledging to end the Conservatives' "fixation" on the deficit so as to focus on "jobs, jobs, jobs" and to renegotiate the North American Free Trade Agreement (NAFTA). His government went on to spearhead the dismantling of public services and unemployment insurance, making savage cuts that are still held up by the IMF as an austerity model for governments around the world.

All Canadians are having hopes from Liberals to keep promises according to the aspiration of majority working class. These promised reforms should be time framed. That's why it's important to stay focused on the progressive policies that can be implemented rapidly (i.e., within 100 days), since many initiatives will take longer to put in place.

1. Lift seniors and children out of poverty.

Implementing the lower end of the proposed Canada Child Benefit would lift more than 315,000 children out of poverty, according to the Liberal platform. Improving the singles portion of the Guaranteed Income Supplement would likely lift at least 100,000 seniors out of poverty. Both of these changes could be implemented immediately.

2. Set greenhouse gas emission reduction targets and a climate plan for the Paris talks.

STAR ★ TUTORING
MATH & SCIENCE
GRADE 6 TO 12
ONTARIO CERTIFIED TEACHER
Punjabi Classes Also Available
647-891-8500

The Liberal platform is a little vague on GHG targets. A 35% reduction in GHG emissions below 2005 levels by 2025 is likely a good start. Targets are nothing without a plan, which will need to be roughly sketched and brought to the important climate change meetings in Paris in November.

3. Establish a commission of inquiry on missing and murdered Indigenous women and girls.

This is long overdue, and although such a commission wouldn't likely report for a year or two, it could be set up and running relatively quickly. (On October 20 Trudeau announced he is talking with Indigenous groups about setting up a commission as soon as possible.)

4. Return the age of eligibility of Old Age Security to 65.

Moving the OAS age of eligibility back to 65 would prevent thousands of low-income seniors from waiting until age 67 before they can receive OAS benefits. Because this wouldn't come into force until 2023, there are no immediate fiscal implications.

5. Restore Veterans Affairs offices, coast guard stations, food safety inspectors, EI quality of service, and other public services.

Years of departmental cutbacks resulted in service degradation and office closures of federal public services. It will take some time to re-open and re-staff these offices; the government should move quickly.

6. Boost EI coverage.

Roughly 40% of unemployed Canadians can currently access EI benefits. Boosting this coverage rate by reducing both the waiting time and the number of hours worked to receive EI can help Canadians who've lost their jobs access the benefits to which they're entitled.

7. Restore health care for refugees.

The Interim Federal Health Program pays for temporary health care for refugees. It was cut by the Harper government, resulting in the costs of refugee health care being downloaded to the provinces. The program's full reinstatement will allow refugees to receive the health care they deserve.

8. Implement fair tax policies to reduce income inequality.

Income inequality has become a substantial issue in Canada. Several proposed measures could help reduce it through the tax system. A new top tax bracket for those making over $200,000 will slightly offset large gains that group has otherwise made. The cancellation of income splitting and the capping of Tax Free Savings Accounts will help to make sure that loopholes for the wealthy stay closed.

9. Policy review of our foreign, defence, and security needs and goals.

We need to rethink Canada's guiding principles and considerations for intervention in military operations abroad. The government should also take a hard look at the appropriate balance between military and criminal justice responses to the challenges posed by terrorism. A policy review with broad consultation would help inform these goals.

10. Repeal Bills C-51, C-377 and C-24.

Bill C-51 on security, Bill C-24 on revoking immigrant citizenship, and the anti-labour bill C-377 should be repealed. In fairness, the Liberal platform states they would like to fix problems with C-51 and introduce a better oversight regime for Canada's security agencies, but either way these changes could be done quickly.

There's much more we could say about climate change policy (beyond GHG targets), infrastructure, education, health care, etc. The Canadian majority working class has great expectations from young energetic Prime Minister Justin Trudeau, the blue print put forward by the Liberals for the future has been announced to win mind of voters, it should be reality now.

**Balkar Bajwa**
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

# World Health Organization describes Cuba's health system as exemplary



Margaret Chan, general director of the World Health Organization (WHO), described Cuba's public healthcare system as an example to be followed, emphasizing its sustainability and ability to respond to emergency situations GENEVA.— Margaret Chan, general director of the World Health Organization (WHO), described Cuba's public healthcare system as an example to be followed, emphasizing its sustainability and ability to respond to emergency situations, during an assembly meeting of the Interparliamentary Union, yesterday, October 20.

Chan highlighted Cuba's spirit of solidarity, especially the country's contribution to training healthcare professionals from Third World countries, and the important role played by Cuban professionals in combating Ebola in West Africa.

Leading the Cuban delegation to the event was National Assembly deputy Yolanda Ferrer, who commented that it was gratifying to hear the praise expressed by Chan, adding that Cuba's health care system has been capable of offering its best to those in need around the world, while maintaining and consolidating the population's health, despite the impact of the U.S. blockade.

# ਪੰਜਾਬੀ ਪੱਤਰਕਾਰੀ ਦਾ ਬਾਲ ਜਰਨੈਲ ਸੀ-ਸਰਾਭਾ



ਰਣਦੀਪ ਸੰਗਤਪੁਰਾ

ਭਾਰਤ ਦੇ ਆਜ਼ਾਦੀ ਸੰਗ੍ਰਾਮ ਦੇ ਇਤਿਹਾਸ ਵਿੱਚ 'ਗ਼ਦਰ ਲਹਿਰ' ਸੁਨਹਿਰੀ ਅੱਖਰਾਂ 'ਚ ਲਿਖਿਆ ਹੋਇਆ ਕਾਂਡ ਹੈ । ਗ਼ਦਰੀਆਂ ਦਾ ਸੰਗ੍ਰਾਮ ਸੱਚੇ ਅਰਥਾਂ ਵਿੱਚ ਆਜ਼ਾਦੀ ਲਈ ਪਹਿਲੀ ਜਨਤਕ ਲੜਾਈ ਸੀ । ਗ਼ਦਰ ਲਹਿਰ ਨੂੰ ਹੁਲਾਰਾ ਦੇਣ ਵਿੱਚ ਨੌਜਵਾਨ ਗ਼ਦਰੀ ਇਨਕਲਾਬੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਗ਼ਦਰ ਪਾਰਟੀ ਦੀ ਜਿੰਦ-ਜਾਨ, ਚੜ੍ਹਦੀ ਜਵਾਨੀ ਵੇਲੇ ਫਾਂਸੀ ਦੇ ਫੰਦੇ ਨੂੰ ਗਲ ਵਿੱਚ ਪਾਉਣ ਵਾਲਾ ਕਰਤਾਰ ਸਿੰਘ ਸਰਾਭਾ 19 ਵਰਿਆਂ ਦਾ ਨੌਜਵਾਨ ਸੀ। ਕਰਤਾਰ ਸਿੰਘ ਸਰਾਭਾ ਕੈਲੀਫੋਰਨੀਆ ਦੀਬਰਕਲੇ ਯੂਨੀਵਰਸਿਟੀ ਵਿੱਚ ਉਚੇਰੀ ਸਿੱਖਿਆ ਲਈ ਪੜ੍ਹਨ ਗਿਆ ਸੀ। 21 ਅਪ੍ਰੈਲ 1913 ਨੂੰ ਪ੍ਰਵਾਸੀ ਭਾਰਤੀਆਂ ਨੇ ਅਮਰੀਕਾ ਦੇਸ਼ ਹਿਰਆਸਟਰੀਆ 'ਚ 'ਹਿੰਦੀ ਐਸ਼ੋਸੀਏਸ਼ਨ ਆਫ ਪੈਸੇਫਿਕੋਸਟ' ਨਾਂਅ ਦੀ ਜਥੇਬੰਦੀ ਦੀ ਸਥਾਪਨਾ ਕੀਤੀ। ਇਸ ਜਥੇਬੰਦੀ 'ਚ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਉਪ ਪ੍ਰਧਾਨ ਕੇਸਰਸਿੰਘ, ਜਨਰਲ ਸਕੱਤਰ ਲਾਲਾ ਹਰਦਿਆਲ ਜੁਆਇੰਟ ਸਕੱਤਰ ਠਾਕਰ ਦਾਸ ਧੂਰਾ ਅਤੇ ਵਿੱਤ ਸਕੱਤਰ ਕਾਂਸੀ ਰਾਮ ਮੜੌਲੀ ਚੁਣੇ ਗਏ ।

ਬਹੁਤ ਜਲਦ ਸਰਾਭਾ ਵੀ ਇਸ ਜਥੇਬੰਦੀ ਦਾ ਹਿੱਸਾ ਬਣ ਗਿਆ। ਉਸਵਿੱਚ ਲੀਡਰਸ਼ਿਪ ਦਾ ਗੁਣ ਸ਼ੁਰੂ ਤੋਂ ਹੀ ਸੀ ।

ਗ਼ਦਰ ਲਹਿਰ ਦੇ ਉਦੇਸ਼ ਦੀ ਪੂਰਤੀ ਲਈ ਪ੍ਰਚਾਰ ਹਿੱਤ ਇੱਕ ਹਫਤਾਵਰੀ ਅਖਬਾਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ, ਅਖਬਾਰ ਦਾ ਨਾਂਅ 'ਗ਼ਦਰ' ਰੱਖ ਲਿਆ ਗਿਆ। ਜਿਸ ਦਾ ਪਹਿਲਾ ਅੰਕ ਉਰਦੂ ਭਾਸ਼ਾ ਵਿੱਚ 1 ਨਵੰਬਰ 1913 ਨੂੰ ਜਥੇਬੰਦੀ ਦੇ ਮੁੱਖ ਦਫਤਰ 'ਯੁਗਾਂਤਰਆਸ਼ਰਮ' 436 ਹਿੱਲਸਟਰੀਟ, ਸਾਨਫਰਾਂਸਿਸਕੋ ਤੋਂ ਜਾਰੀ ਹੋਇਆ ।ਜਿਸ ਦੇ ਮੁੱਖ ਸੰਪਾਦਕ ਲਾਲਾ ਹਰਦਿਆਲ ਸਨ। ਗ਼ਦਰ ਅਖਬਾਰ ਦੇ ਨਾਮ ਤੋਂ ਹੀ ਇਹ ਜਥੇਬੰਦੀ ਹੁਣ ਗ਼ਦਰ ਪਾਰਟੀ ਬਣ ਗਈ । ਇਹ ਅਖਬਾਰ ਅਮਰੀਕਾ ਤੋਂ ਬਾਹਰ ਭਾਰਤ, ਕੈਨੇਡਾ, ਚੀਨ, ਜਪਾਨ, ਪਨਾਮਾ, ਫਿਲਪਾਈਨ, ਮਲਾਇਆ, ਅਰਜਨਟਾਈਨਾ ਆਦਿ ਦੇਸ਼ਾਂ 'ਚ ਵਸਦੇ ਹਿੰਦੋਸਤਾਨੀ ਲੋਕਾਂ ਤੱਕ ਪਹੁੰਚਾਇਆ ਜਾਂਦਾ ਸੀ, ਡਾਕ ਰਾਹੀਂ ਭੇਜਣ ਦਾ ਕੰਮ ਸਰਾਭਾ ਕਰਦਾ ਹੁੰਦਾ ਸੀ, ਕੁੱਝ ਅੰਕਾਂ ਬਾਅਦ ਹੀ 'ਗ਼ਦਰ' ਅਖਬਾਰ ਦੀਆਂ ਅੱਖਾਂ ਦਾ ਰੋੜਾ ਬਣਗਿਆ।

ਕਰਤਾਰ ਸਿੰਘ ਸਰਾਭਾ ਮਿਹਨਤੀ ਅਤੇ ਪ੍ਰਤਿਭਾਸ਼ੀਲ ਨੌਜਵਾਨ ਸੀ।

ਜਨਵਰੀ 1914 'ਚ ਗ਼ਦਰ' ਦਾ ਪੰਜਾਬੀ ਭਾਸ਼ਾਈ ਅੰਕ ਵੀ ਪ੍ਰਕਾਸ਼ਿਤ ਸ਼ੁਰੂ ਕਰ ਦਿੱਤਾ ਗਿਆ ।ਕਰਤਾਰ ਸਿੰਘ ਸਰਾਭਾ ਪੰਜਾਬੀ ਅੰਕ ਦੇ ਸੰਪਾਦਕ ਬਣੇ।

ਉਸ ਸਮੇਂ ਅਖਬਾਰ 'ਸਾਈਕਲੋਸਟਾਈਲ' ਮਸ਼ੀਨ 'ਤੇ ਛਾਪਿਆ ਜਾਂਦਾ ਸੀ, ਜਿਸ ਦਾ ਸਮੁੱਚਾ ਕੰਮ ਸਰਾਭਾ ਖੁਦ ਹੱਥੀਂ ਕਰਦਾ ਸੀ।

ਉਸ ਕੋਲ ਛਪਾਈ ਦੇ ਨਾਲ ਕਵਿਤਾਵਾਂ ਲਿਖਣ, ਅਨੁਵਾਦ ਕਰਨ ਅਤੇ ਵਾਰਤਕ ਵਿੱਚ ਵੀ ਚੰਗਾ ਤਜਰਬਾ ਸੀ।

ਇਸ 'ਗ਼ਦਰ' ਅਖਬਾਰ ਦੀ ਮੁੱਖ ਜਿੰਮੇਵਾਰੀ ਸਰਾਭੇ ਕੋਲ ਪੈ ਜਾਣ ਕਾਰਨ, ਉਹ 'ਗ਼ਦਰ ਪਾਰਟੀ' ਦੇ ਮੁੱਖ ਆਗੂਆਂ ਵਿੱਚ ਸ਼ਾਮਲ ਹੋ ਗਿਆ। ਸਰਾਭੇ ਨੇ 'ਗ਼ਦਰ' ਦੇ ਪਹਿਲੇ ਪੰਜਾਬੀ ਅੰਕ ਵਿੱਚ ਮਸ਼ਹੂਰ ਨਜ਼ਮ 'ਪਗੜੀ ਸੰਭਾਲ ਜੱਟਾ' ਛਾਪੀ ਸੀ।

ਗ਼ਦਰ ਅਖਬਾਰ ਦੇ ਪਹਿਲੇ ਸਫੇ ਤੇਲਿਖਿਆ ਹੁੰਦਾ ਸੀ ,

ਜੇ ਤਉ ਪ੍ਰੇਮ ਖੇਲਨ ਕਾ ਚਾਉ, ਸਿਰ ਧਰਤ ਲੀ ਗਲੀ ਮੇਰੀ ਆਉ। ਕਰਤਾਰ ਸਿੰਘ ਸਰਾਭਾ ਆਪਣੇ ਕੰਮ ਪ੍ਰਤੀ ਮਿਹਨਤੀ ਅਤੇ ਜਿੰਮੇਵਾਰ ਸੀ। ਅਖਬਾਰ ਦੀ ਕਰੀਬ 2500 ਕਾਪੀ ਛਪਦੀ ਸੀ । ਪ੍ਰੈਸ ਦਾ ਕੰਮ ਕਰਦਿਆਂ ਜਦੋਂ ਉਹ ਥੱਕ ਜਾਂਦਾ ਤਾਂ ਅਕਸਰਇਹ ਗੀਤ ਗੁਣ ਗੁਣਾਇਆ ਕਰਦਾ ਸੀ,

ਸੇਵਾ ਦੇਸ਼ ਦੀ ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ
ਜਿਹਨਾਂ ਦੇਸ਼ ਸੇਵਾ ਵਿੱਚ ਪੈਰ ਪਾਇਆ
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਉਹ ਮਾਤ ਭਾਸ਼ਾ ਦਾ ਮਹੱਤਵ ਸਵੀਕਾਰਦਾ ਸੀ।

'ਗ਼ਦਰ' ਅਖਬਾਰ' ਵਿੱਚ ਛਪਦੀਆਂ ਕਵਿਤਾਵਾਂ ਵਿੱਚੋਂ ਜਿਆਦਾਤਰ ਕਵਿਤਾਵਾਂ ਉਸਦੀਆਂ ਆਪਣੀਆਂ ਹੀ ਰਚਨਾਵਾਂ ਹੁੰਦੀਆਂ, ਬੇਸ਼ਕ ਉਹ ਗੁੰਮਨਾਮ ਛਪਦੀਆਂ ਸਨ। ਉਸ ਦੀ ਕਵਿਤਾ ਤੋਂ ਪ੍ਰੇਰਨਾ ਲੈ ਕੇ ਹੋਰਨਾਂ ਗ਼ਦਰੀਆਂ ਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ।

ਉਸ ਦੇ ਇਸ ਕੰਮ ਕਰਕੇ ਭਗਤ ਸਿੰਘ ਵੀ ਉਸਨੂੰ ਆਪਣਾ ਪ੍ਰੇਰਨਾ ਸ੍ਰੋਤ ਮੰਨਦਾ ਸੀ। ਬਾਬਾ ਸੋਹਣ ਸਿੰਘ ਭਕਨਾ ਉਸ ਨੂੰ 'ਬਾਲ ਜਰਨੈਲ' ਕਹਿੰਦੇ ਹੁੰਦੇ ਸਨ। ਗ਼ਦਰੀ ਬਾਬਾ ਗੁਰ ਮੁੱਖ ਸਿੰਘ ਲਲਤੋਂ ਲਿਖਦੇ ਹਨ,



ਕਰਤਾਰ ਸਿੰਘ ਸਰਾਭਾ ਜਵਾਨੀ ਦੀ ਉਰਜਾ ਨਾਲ ਭਰਿਆ ਹੋਇਆ ਸੀ। ਉਸ ਨੂੰ ਕੰਮ ਦਾ ਸੁਦਾ ਅਸੀ । ਤੇ ਕਿੰਨੇ ਵੀ ਔਖੇ ਕੰਮ ਲਈ ਉਹ ਖੁਦ ਨੂੰ ਸਭ ਤੋਂ ਪਹਿਲਾਂ ਪੇਸ਼ ਕਰਦਾ ਸੀ। ਬਰਕਲੇ ਦੀ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਉਸਨੇ ਵਿਦਿਆਰਥੀਆਂ ਦਾ ਇੱਕ ਪ੍ਰਤੀਬੱਧ ਟੋਲਾ ਤਿਆਰ ਕੀਤਾ। ਜਦੋਂ ਲਾਲਾ ਹਰਦਿਆਲ ਅਮਰੀਕਾ ਪੁੱਜਾ, ਸਰਾਭੇ ਨੇ ਉਸ ਨੂੰ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਬੁਲਾਇਆ ਆਪਣੇ ਅਮਰੀਕੀ ਦੌਰੇ ਦੌਰਾਨ ਉਹ ਭਾਈ ਪਰਮਾਨੰਦ ਨੂੰ ਵੀ ਮਿਲਿਆ ਸੀ।

ਗ਼ਦਰ ਪਾਰਟੀ 1913 ਵਿੱਚ ਅਮਰੀਕਾ ਵਿੱਚ ਬੁਲਾਈ ਗਈ ਸੀ ਤੇ ਇਸ ਨੇ ਫਰਾਂਸੀਸੀ ਇਨਕਲਾਬ ਦੇ ਆਜ਼ਾਦੀ, ਭਾਈਚਾਰਾ ਅਤੇ ਬਰਾਬਰੀ ਦੇ ਨਾਅਰਿਆਂ ਨੂੰ ਅਪਨਾਇਆ ਸੀ। ਕਰਤਾਰ ਸਿੰਘ ਸਰਾਭਾ ਵੀ ਪੂਰੇ ਜੋਸ਼ ਨਾਲ ਖੁਸ਼ੀ-ਖੁਸ਼ੀ ਇਸ ਦੀਆਂ ਸਰਗਰਮੀਆਂ ਵਿੱਚ ਸ਼ਾਮਿਲ ਹੋ ਗਿਆ। ਗ਼ਦਰ-ਪਾਰਟੀ ਦੇ ਹਫਤਾਵਾਰੀ ਪਰਚੇ 'ਗ਼ਦਰ' ਦੀ ਪ੍ਰਕਾਸ਼ ਨਦਾ ਪੂਰਾ ਕੰਮ ਵਿਦਿਆਰਥੀਆਂ ਨੇ ਸਾਂਭ ਲਿਆ ਤੇ ਇੱਥੋ ਹੀ ਉਸ ਦੀ ਸ਼ਾਨਦਾਰ ਜਥੇਬੰਦਕ ਸਮਰੱਥਾ ਸਭ ਦੇ ਸਾਹਮਣੇ ਆਈ । ਉਸ ਨੇ ਕਵਿਤਾਵਾਂ ਲਿਖੀਆਂ, ਪ੍ਰੈਸ ਵਿੱਚ ਕੰਮ ਕੀਤਾ ਅਤੇ ਦੂਰ-ਦੁਰਾਜ ਦੇ ਦੇਸ਼ਾਂ ਵਿੱਚ ਪਰਚਾ ਭੇਜਣ ਦੇ ਕੰਮ ਵਿੱਚ ਜੁਟਿਆ ਰਿਹਾ। ਉਸਦੀ ਇੰਜੀਨੀਅਰਿੰਗ ਦੀ ਜਾਣਕਾਰੀ ਦੇਖਦਿਆਂ ਗ਼ਦਰ ਪਾਰਟੀ ਨੇ ਉਸ ਨੂੰ ਜਹਾਜ ਉਡਾਣ ਦੀ ਸਖਲਾਈ ਲੈਣ ਲਈ ਚੁਣਿਆ।

ਭਾਰਤ ਆ ਕੇ ਵੀ ਉਹ ਗ਼ਦਰੀ ਸਾਹਿਤ ਛਾਪਕੇ ਵੰਡਣ ਦਾ ਕੰਮ ਕਰਦਾ ਰਿਹਾ ਉਸਨੇ 'ਗ਼ਦਰ', 'ਗ਼ਦਰ ਦੀ ਗੂੰਜ' ਅਤੇ 'ਐਲਾਨ ਏ ਜੰਗ' ਹੋਰ ਪੈਂਫਲਿਟ ਛਪਵਾਕੇ ਵੰਡੇ॥

ਗ੍ਰਿਫਤਾਰੀ ਸਮੇਂ ਵੀ ਉਹ ਇੱਕੱਠੇ ਹੋਏ ਲੋਕਾਂ ਨੂੰ 'ਗ਼ਦਰ ਦੀ ਗੂੰਜ' ਵਿੱਚੋਂ ਕਵਿਤਾਵਾਂ ਸੁਣਾ ਰਿਹਾ ਸੀ।

ਜਿਸ ਦਿਨ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਹੋਈ ਸੀ ਸਵੇਰੇ ਨਾਲ ਵਾਲੀ ਕੋਠੜੀ ਤੋਂ ਪੰਡਿਤ ਪਰਮਾਨੰਦ ਝਾਂਸੀ ਦੇ ਇਹ ਪੁੱਛਣ ਤੇ ਕਿ 'ਕਰਤਾਰ ਸਿੰਘ ਕੀ ਕਰ ਰਿਹਾ ਹੈਂ ?"

"ਇਕ ਕਵਿਤਾ ਲਿਖ ਰਿਹਾ ਹਾਂ"। ਸਰਾਭੇ ਨੇ ਜਵਾਬ ਦਿੱਤਾ।

ਇਸ ਤਰ੍ਹਾਂ ਉਹ ਆਪਣੇ ਜਿੰਦਗੀ ਦਾ ਹਰ-ਪਲ ਦੇਸ਼ ਦੇ ਲੇਖੇ ਲਾਉਣਾ ਚਾਹੁੰਦਾ ਸੀ।

ਗ਼ਦਰ ਅਖਬਾਰ ਅਤੇ ਹੋਰ ਸਾਹਿਤ ਛਾਪਣ ਵਿੱਚ ਕਰਤਾਰ ਸਿੰਘ ਦਾ ਵਡਮੁੱਲਾ ਯੋਗਦਾਨ ਸੀ।

ਉਹ ਨਾ ਸਿਰਫ ਗ਼ਦਰ ਲਹਿਰ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਸੀ, ਸਗੋਂ ਪੰਜਾਬੀ ਪੱਤਰਕਾਰੀ ਦਾ ਵੀ ਪਹਿਲਾ ਸ਼ਹੀਦ ਸੀ।

ਅੱਜ ਜਦੋਂ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸਤਾਬਦੀ ਮੌਕੇ ਅਸੀਂ ਉਸ ਨੂੰ ਯਾਦ ਕਰ ਰਹੇ ਹਾਂ, ਤਾਂ ਨੌਜਵਾਨ ਪੀੜ੍ਹੀ ਨੂੰ ਬਦਲਵੀਆਂ ਹਾਲਤਾਂ 'ਚ ਗ਼ਦਰੀ ਸੂਰਵੀਰਾਂ ਦੀ ਵਚਨਬੱਧਤਾ, ਕੁਰਬਾਨੀ, ਸਾਦਗੀ ਤੇ ਲਗਾਤਾਰ ਵਿਕਸਤ ਹੁੰਦੀ ਰਹੀ ਲੋਕਪੱਖੀ ਵਿਚਾਰਧਾਰਾ ਨੂੰ ਮਨਾਂ ਵਿੱਚ ਵਸਾਉਣਾ ਚਾਹੀਦਾ ਹੈ।

ਜੇ ਕੋਈ ਪੁਛੇ ਕਿ ਕੌਨ ਹੋ ਤੁਮ,
ਤੋ ਕਹਿ ਦੋ ਨਾ ਬਾਗੀ ਹੈ ਨਾਮ ਅਪਨਾ
ਜੁਲਮ ਮਿਟਾਨਾ ਹਮਾਰਾ ਪੇਸ਼ਾ,
ਗ਼ਦਰ ਕਰਨਾ ਹੈ ਕਾਮ ਅਪਨਾ।
ਨਮਾਜ ਸੰਧਿਆ ਜਿਹੀ ਹਮਾਰੀ
ਔਰ ਪੂਜਾ ਪਾਠ ਸਭੀ ਯਹੀ ਹੈ,
ਧਰਮ ਕਰਮ ਯਹੀ ਹੈ ਹਮਾਰਾ,
ਯਹੀ ਖੁਦਾ ਹੈ ਔਰ ਰਾਮ ਅਪਨਾ।

98556-95905



# ਮਾਓਵਾਦੀ ਆਗੂ ਕਾ. ਹਰਭਿੰਦਰ ਜਲਾਲ ਨੂੰ ਤਿੰਨ ਸਾਲ ਦੀ ਕੈਦ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੀ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਪੰਜਾਬ ਵਿਚ ਮਾਓਵਾਦੀ ਲਹਿਰ ਨੂੰ ਖੜ੍ਹੀ ਕਰਨ ਦੇ ਦੋਸ਼ਾਂ ਦੇ ਮਾਮਲੇ ਦਾ ਨਿਬੇੜਾ ਕਰਦਿਆਂ ਕਾ. ਹਰਭਿੰਦਰ ਜਲਾਲ ਨੂੰ ਸੀ.ਪੀ.ਆਈ. (ਮਾਓਵਾਦੀ) ਦਾ ਮੈਂਬਰ ਐਲਾਨਦਿਆਂ ਅਸਲਾ ਐਕਟ ਅਧੀਨ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਨਾਲ ਹੀ 10,000 ਰੁ. ਜੁਰਮਾਨਾ ਵੀ ਕੀਤਾ ਹੈ। ਅਗਾਂਹ ਹੋਈਕੋਰਟ ਵਿਚ ਅਪੀਲ ਕਰਨ ਲਈ ਮੌਕੇ 'ਤੇ ਜ਼ਮਾਨਤ ਲੈ ਕੇ ਰਿਹਾਅ ਕਰ ਦਿੱਤਾ ਹੈ। ਜ਼ਿਲ੍ਹਾ ਸੀ. ਆਈ. ਏ. ਸਟਾਫ਼ ਮੁਹਾਲੀ ਵਲੋਂ ਮਈ 2011 ਵਿਚ ਕਾ. ਜਲਾਲ ਨੂੰ ਪਿੰਡ ਘੜੂੰਆ ਨੇੜਿਓਂ ਇਕ ਬੱਸ 'ਚੋਂ ਅਸਲਾ (ਦੇਸੀ 32 ਬੋਰ ਰਿਵਾਲਵਰ) ਅਤੇ ਮਾਓਵਾਦੀ ਸਹਿਤ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਸੀ। ਕਾ. ਜਲਾਲ ਨੂੰ ਜਦ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਸ ਨੇ ਜੱਜ ਸਾਹਮਣੇ ਕਿਹਾ ਕਿ ਮੇਰੇ ਉਪਰ ਅਸਲੇ ਦਾ ਕੇਸ ਝੂਠਾ ਪਾਇਆ ਗਿਆ ਹੈ ਮੈਂ ਪੁਲਿਸ ਵਲੋਂ ਪੇਸ਼ ਕੀਤੇ ਗਏ 32 ਬੋਰ ਰਿਵਾਲਵਰ ਨੂੰ ਹਾਲੇ ਤੱਕ ਵੀ ਛੂਹ ਨੇ ਵੀ ਨਹੀਂ ਦੇਖਿਆ ਪਰ ਬੋਲੀਆਂ ਅਦਾਲਤਾਂ ਅਜਿਹੇ ਬਿਆਨਾਂ ਨੂੰ ਅਣਗੌਲੇ ਕਰ ਦਿੰਦੀਆਂ ਹਨ ਜਾਂ ਫਿਰ ਤਕਨੀਕੀ ਆਧਾਰਾਂ 'ਤੇ ਮੰਨਣੋਂ ਇਨਕਾਰੀ ਹੋ ਜਾਂਦੀਆਂ ਹਨ। ਅਜਿਹੇ ਝੂਠੇ ਦੋਸ਼ਾਂ ਅਧੀਨ ਭਾਰਤ ਦੀਆਂ ਜੇਲ੍ਹਾਂ ਅੰਦਰ ਦਹਿ ਹਜ਼ਾਰਾਂ ਲੋਕ ਜਾਂ ਤਾਂ ਫੈਸਲਿਆਂ ਦੀ ਲੰਬੀ ਉਡੀਕ ਲਾਈਨ 'ਚ ਲੰਮੇ ਹੋਏ ਹਨ ਜਾਂ ਸਜ਼ਾਵਾਂ ਭੁਗਤ ਰਹੇ ਹਨ। ਸਿਤਮ ਦੀ ਗੱਲ ਇਹ ਹੈ ਕਿ ਬਹੁਤ ਵੱਡੀ ਗਿਣਤੀ ਅਜਿਹੇ ਲੋਕਾਂ ਦੀ ਜੇਲ੍ਹ ਵਿਚ ਬੰਦ ਹੈ ਜੋ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ ਪਰ ਰਿਹਾਈ ਨਹੀਂ ਕੀਤੀ ਜਾ ਰਹੀ। ਜਿਵੇਂ ਕਸ਼ਮੀਰ ਮੁਕਤੀ ਲਹਿਰ, ਉਤਰ ਪੂਰਬੀ ਰਾਜਾਂ ਦੀਆਂ ਕੌਮੀਅਤਾਂ ਦੀਆਂ ਲਹਿਰਾਂ, ਖਾਲਿਸਤਾਨੀ ਲਹਿਰ ਅਤੇ ਸਭ ਤੋਂ ਵੱਧ ਗਿਣਤੀ ਵਿਚ ਮਾਓਵਾਦੀ ਲਹਿਰ ਨਾਲ ਸਬੰਧਤ ਲੋਕ ਹਨ। ਅਜਿਹੇ ਲੋਕਾਂ ਵਿਚ ਬੇਹੱਦ ਗਰੀਬ ਲੋਕ ਜੋ ਛੋਟੇ ਮੋਟੇ ਜੁਰਮਾਂ ਵਿਚ ਜੇਲ੍ਹ ਗਏ ਤੇ ਸਜ਼ਾ ਭੁਗਤ ਚੁੱਕੇ ਹਨ ਪਰ ਰਿਹਾਈ ਦੇ ਗੁੰਝਲਦਾਰ ਅਮਲ ਦੀ ਪੈਰਵਈ ਨਹੀਂ ਕਰ ਸਕਦੇ। ਅਣਮਿਥੇ ਸਮੇਂ ਲਈ ਜੇਲ੍ਹ ਵਿਚ ਸੜ ਰਹੇ ਹਨ। ਸਮਾਜ ਦੇ ਸੂਝਵਾਨ ਤੇ ਅੱਗੇ ਵਧੂ ਹਿੱਸਿਆਂ ਸਾਹਮਣੇ ਉਕਤ ਸਾਰੀਆਂ ਕਿਸਮਾਂ ਦੇ ਲੋਕਾਂ ਦੀ ਰਿਹਾਈ ਦਾ ਮਾਮਲਾ ਦਰਪੇਸ਼ ਹੈ।

ਕਾ. ਜਲਾਲ ਦੇ ਮਾਮਲੇ ਵਿਚ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ 1967 ਅਧੀਨ ਮਾਮਲਾ ਦਰਜ ਕੀਤਾ ਗਿਆ ਸੀ। ਕੇਸ ਦੀ ਸੁਣਵਾਈ ਦੌਰਾਨ ਵਕੀਲਾਂ ਸ੍ਰੀ ਰਾਜਵਿੰਦਰ ਸਿੰਘ ਬੈਂਸ ਅਤੇ ਸਾਥੀਆਂ ਨੇ ਅਣਥੱਕ ਮਿਹਨਤ ਕੀਤੀ। ਕਾ. ਹਰਭਿੰਦਰ 'ਤੇ ਦਰਜ ਇਸ ਨਜਾਇਜ਼ ਕੇਸ ਵਿਚ ਕਾ. ਹਰਭਿੰਦਰ ਦੇ ਪੱਖ ਨੂੰ ਅਦਾਲਤ ਵਿਚ ਬਹੁਤ ਜ਼ੋਰ ਨਾਲ ਪੇਸ਼ ਕੀਤਾ ਪਰ ਸਬੰਧਤ ਜੱਜ ਜੋ ਕਿ ਇਥੇ ਲੋਕ ਵਿਚੋਂ ਸਿਸਟਮ ਦਾ ਅੰਗ ਹੈ, ਨੇ ਬਹੁਤ ਸਾਰੀਆਂ ਦਲੀਲਾਂ ਨੂੰ ਅਣਸੁਣਿਆ ਕਰਕੇ ਜਿੰਨੀ ਵੀ ਵੱਧ ਤੋਂ ਵੱਧ ਸੰਭਵ ਸਜ਼ਾ ਹੋ ਸਕਦੀ ਸੀ, ਉਹ ਸੁਣਾਈ ਹੈ। ਜੇਕਰ ਇਸ ਕੇਸ ਦੀ ਬਾਰੀਕੀ ਨਾਲ ਘੋਖ ਕਰੀਏ ਤਾਂ ਇਸ ਕੇਸ ਵਿਚ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ 1967 ਦੀ ਧਰਾਵਾਂ, ਅਸਲਾ ਐਕਟ ਦੀਆਂ ਧਾਰਾਵਾਂ, ਧੋਖਾਧੜੀ ਅਤੇ ਸਰਕਾਰ ਵਿਰੁੱਧ ਹਥਿਆਰਬੰਦ ਬਗਾਵਤ ਖੜ੍ਹੀ ਕਰਨ ਦੀਆਂ ਧਰਾਵਾਂ ਲਾਈਆਂ ਗਈਆਂ ਹਨ। ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਲਾ ਕਾਨੂੰਨ ਦੇਸ਼ ਤੋਂ ਵੱਧ ਹੋਣ ਦੀ ਮੁਦਈ ਲਹਿਰਾਂ ਖਿਲਾਫ਼ ਬਣਾਇਆ ਗਿਆ ਕਾਨੂੰਨ ਹੈ ਪਰ ਹੁਣ ਇਹ ਮਾਓਵਾਦੀਆਂ, ਦਲਿਤਾਂ ਤੇ ਆਦਿਵਾਸੀਆਂ ਖਿਲਾਫ਼ ਜ਼ੋਰ-ਸ਼ੋਰ ਨਾਲ ਵਰਤਿਆ ਜਾ ਰਿਹਾ ਹੈ। ਹਾਲਾਂਕਿ ਇਸ ਕਾਨੂੰਨ ਦੀ ਧਾਰਨਾ ਅਨੁਸਾਰ ਵੀ ਇਹ ਹਿੱਸੇ ਇਸ ਕਾਨੂੰਨ ਦੀ ਮਾਰ ਹੇਠ ਨਹੀਂ ਆਉਣੇ ਚਾਹੀਦੇ। ਕਾ. ਜਲਾਲ ਇਸ ਕਾਨੂੰਨ ਦੀ ਗ੍ਰਿਫ਼ਤ 'ਚੋਂ ਇਸ ਕਾਰਨ ਨਿਕਲ ਗਿਆ ਕਿ ਪੁਲਿਸ ਨੇ ਇਸ ਕਾਨੂੰਨ ਤਹਿਤ ਕੇਸ ਚਲਾਉਣ ਲਈ ਗ੍ਰਹਿ ਵਿਭਾਗ ਤੋਂ ਜੋ ਮਨਜ਼ੂਰੀ ਹਾਸਲ ਕੀਤੀ ਸੀ ਉਹ ਅਦਾਲਤ ਵਿਚ ਗਲਤ ਸਾਬਤ ਹੋ ਗਈ ਕਿਉਂਕਿ ਮਨਜ਼ੂਰੀ ਨਿਸਚਿਤ ਸਮੇਂ ਦੇ ਅੰਦਰ ਹਾਸਲ ਕਰਨੀ ਹੁੰਦੀ ਹੈ। ਪੁਲਿਸ ਅਜਿਹਾ ਨਾ ਕਰ ਸਕੀ। ਤਾਂ ਗ੍ਰਹਿ ਵਿਭਾਗ ਨੇ ਬਿਨਾਂ ਤਾਰੀਕ ਤੋਂ ਹੀ ਮਨਜ਼ੂਰੀ ਦੀ ਚਿੱਠੀ ਜਾਰੀ ਕਰ ਦਿੱਤੀ ਜਿਸ ਕਾਰਨ ਇਹ ਧਰਾਵਾਂ ਟੁੱਟ ਗਈਆਂ। ਕਾ. ਹਰਭਿੰਦਰ ਤੇ ਅਗਲਾ ਦੋਸ਼ ਜਾਅਲੀ ਵੋਟਰ ਸ਼ਨਾਖਤੀ ਕਾਰਡ ਰੱਖਣ ਦਾ ਲਾਇਆ ਗਿਆ ਸੀ ਤੇ ਧੋਖਾਧੜੀ ਦੀਆਂ ਧਰਾਵਾਂ ਮੜੀਆਂ ਗਈਆਂ ਸਨ। ਪਰ ਅਦਾਲਤ ਵਿਚ ਇਹ ਕਾਰਡ ਸਬੰਧਤ ਦਫ਼ਤਰ ਵਲੋਂ ਜਾਰੀ ਹੋਇਆ ਸਾਬਤ ਹੋ ਗਿਆ। ਅਗਲਾ ਦੋਸ਼ ਮਾਓਵਾਦੀ ਸਹਿਤ ਫੜੇ ਜਾਣ ਦਾ ਸੀ। ਕਾਨੂੰਨ ਮੁਤਾਬਕ ਪੁਲਿਸ ਨੇ ਇਹਸਾਰਾ ਰਿਕਾਰਡ ਦੀ ਨਕਲ ਦੋਸ਼ ਪੱਤਰ ਨਾਲ ਲਾ ਕੇ ਅਦਾਲਤ ਵਿਚ ਪੇਸ਼ ਕਰਦਾ ਸੀ। ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਜੱਜ ਨੇ ਪੁਲਿਸ ਦਾ ਪੱਖ ਪੂਰਦਿਆਂ ਸੁਣਵਾਈ ਦੌਰਾਨ ਇਹ ਨਕਲ ਪੇਸ਼ ਕਰਨ ਦੀ ਆਗਿਆ ਦੇ ਦਿੱਤੀ। ਫਿਰ ਵੀ ਪੁਲਿਸ ਨੇ ਫੋਟੋ ਸਟੇਟ ਨਕਲਾਂ ਤਾਂ ਪੇਸ਼ ਕਰ ਦਿੱਤੀਆਂ ਪਰ ਇਲੈਕਟ੍ਰੋਨਿਕ ਡੈਟਾ ਨਾ ਪੇਸ਼ ਕਰ ਸਕੀ। ਪੁਲਿਸ ਕਿਸੇ ਵੀ ਦਸਤਾਵੇਜ਼ ਬਾਰੇ ਸਾਬਤ ਨਹੀਂ ਕਰ ਸਕੀ। ਇਹ ਪਾਬੰਦੀਸ਼ੁਦਾ ਦਸਤਾਵੇਜ਼ ਹੈ ਫਿਰ ਵੀ ਜੱਜ ਨੇ ਕਾ. ਜਲਾਲ ਨੂੰ ਇਸੇ ਰਿਕਾਰਡ ਦੇ ਆਧਾਰ 'ਤੇ ਪਾਬੰਦੀਸ਼ੁਦਾ ਸੰਗਠਨ ਸੀ.ਪੀ.ਆਈ. (ਮਾਓਵਾਦੀ) ਦਾ ਮੈਂਬਰ ਕਰਾਰ ਦੇ ਦਿੱਤਾ। ਬੇਸ਼ੱਕ ਜੱਜ ਇਸ ਆਧਾਰ 'ਤੇ ਕੋਈ ਸਜ਼ਾ ਸੁਣਾਉਣ ਦੀ ਹਾਲਤ ਵਿਚ ਨਹੀਂ ਸੀ। ਕਿਉਂਕਿ ਕਾਨੂੰਨ ਅਨੁਸਾਰ ਪਾਬੰਦੀਸ਼ੁਦਾ ਸੰਗਠਨ ਦਾ ਮੈਂਬਰ ਜੇਕਰ ਹਿੰਸਕ ਵਾਰਦਾਤਾਂ ਵਿਚ ਸ਼ਾਮਲ ਨਹੀਂ ਜਾਂ ਕਿਸੇ ਨੂੰ ਹਿੰਸਕ ਵਾਰਦਾਤਾਂ ਕਰਨ ਲਈ ਉਕਸਾਉਂਦਾ ਨਹੀਂ ਤਾਂ ਉਹ ਦੋਸ਼ੀ ਨਹੀਂ ਮੰਨਿਆ ਜਾ ਸਕਦਾ। ਇਹ ਸੁਪਰੀਮ ਕੋਰਟ ਦਾ ਫੈਸਲਾ ਹੈ। ਜੋ ਲੋਕਪੱਖੀ ਵਕੀਲਾਂ ਦੀ ਅਣਥੱਕ ਮਿਹਨਤ ਦਾ ਸਿੱਟਾ ਹੈ।

ਅਗਲਾ ਦੋਸ਼ ਹਥਿਆਰਬੰਦ ਬਗਾਵਤ ਖੜ੍ਹੀ ਕਰਨ ਦਾ ਸੀ ਜੋ ਕਿ ਸਾਬਤ ਨਹੀਂ ਹੋ ਸਕਿਆ। ਅਸਲਾ ਐਕਟ ਵਿਚ ਮਹਿਜ ਇਸ ਆਧਾਰ 'ਤੇ ਸਜ਼ਾ ਸੁਣਾਈ ਗਈ ਕਿ ਪੁਲਿਸ ਕਹਿ ਰਹੀ ਹੈ ਕਿ ਉਸ ਨੇ ਕਾ. ਜਲਾਲ ਦੇ ਕਬਜ਼ੇ 'ਚੋਂ 32 ਬੋਰ ਦਾ ਰਿਵਾਲਵਰ ਫੜਿਆ ਹੈ। ਪੁਲਿਸ ਨੇ ਇਹ ਕਦੇ ਚਲਾ ਕੇ ਟੈਸਟ ਨਹੀਂ ਕੀਤਾ। ਕੋਈ ਪੁਲਿਸ ਤੋਂ ਬਿਨਾਂ ਪ੍ਰਾਈਵੇਟ ਗਵਾਹੀ ਨਹੀਂ ਹੋਈ। ਪ੍ਰਾਈਵੇਟ ਗਵਾਹ ਪੁਲਿਸ ਨੇ ਖੁਦ ਕਟਵਾ ਦਿੱਤਾਸੀ ਪਰ ਫਿਰ ਵੀ ਜੱਜ ਨੇ ਪ੍ਰਾਈਵੇਟ ਗਵਾਹ ਵਲੋਂ ਦਿੱਤੇ ਪਹਿਲੇ ਬਿਆਨ ਨੂੰ ਹੀ ਸੱਚ ਮੰਨ ਲਿਆ। ਇਹ ਬਿਆਨ ਪੁਲਿਸ ਵਲੋਂ ਲਿਖਿਆ ਗਿਆ ਸੀ ਅਤੇ ਗਵਾਹ ਨੇ ਕਦੇ ਵੀ ਅਦਾਲਤ ਵਿਚ ਪੇਸ਼ ਹੋ ਕੇ ਇਸ ਗਵਾਹੀ ਦੇ ਸੱਚੇ ਹੋਣ ਦੀ ਗੱਲ ਨਹੀਂ ਕੀਤੀ ਤੇ ਦਾ ਹੀ ਬਚਾਅ ਪੱਖ ਨੂੰ ਉਸ ਗਵਾਹ ਤੋਂ ਕੋਈ ਸਵਾਲ ਪੁੱਛਣ ਦਾ ਮੌਕਾ ਮਿਲਿਆ।

ਸੋ ਸੂਝਵਾਨ ਤੇ ਸੰਘਰਸ਼ਸ਼ੀਲ ਲੋਕਾਂ ਸਾਹਮਣੇ ਇਸ ਜਾਬਰ ਨਿਆਂਪ੍ਰਣਾਲੀ ਵਿਰੁੱਧ ਲੜਨ ਦੀ ਵੱਡੀ ਲੋੜ ਖੜ੍ਹੀ ਹੈ। ਅੱਜ ਜਦੋਂ ਆਰਥਿਕ ਸੰਕਟ ਸਿਖਰਾਂ 'ਤੇ ਹੈ ਲੋਕ ਵਿਰੋਧੀ ਨੀਤੀਆਂ ਕਾਰਨ ਲੋਕ ਬੇਰੁਜ਼ਗਾਰੀ, ਭੁਖਮਰੀ ਅਤੇ ਘੋਰ ਸਮਾਜਿਕ ਵਿਤਕਰਿਆਂ ਦੇ ਦੌਰ 'ਚੋਂ ਲੰਘ ਰਹੇ ਹਨ ਤਾਂ ਸੰਘਰਸ਼ਾਂ ਦੇ ਪਿੜ ਵੀ ਮਘੇ ਹੋਏ ਹਨ। ਜਾਬਰ ਹਕੂਮਤਾਂ ਹਰ ਤਰ੍ਹਾਂ ਦੇ ਵਿਰੋਧ ਨੂੰ ਕੁਚਲਣ ਲਈ ਉਤਾਰੂ ਹਨ। ਭਾਰਤੀ ਹਾਕਮ ਜਮਾਤਾਂ ਨੇ ਬ੍ਰਾਹਮਣਵਾਦ ਨੂੰ ਸਦੀਆਂ ਤੋਂ ਆਪਣੀ ਵਿਚਾਰਧਾਰਾ ਦੇ ਤੌਰ 'ਤੇ ਅਪਣਾਇਆ ਹੋਇਆ ਹੈ। ਐਨੀ ਹਕੂਮਤ ਆਉਣ ਤੋਂ ਪਿਛੋਂ ਹਿੰਦੂ ਫਾਸੀਵਾਦੀਆਂ ਦੀਆਂ ਚੜ੍ਹ ਸੱਚੀਆਂ ਹਨ। ਬੁੱਧੀਜੀਵੀਆਂ, ਲੇਖਕਾਂ ਤੋਂ ਲੈ ਕੇ ਮਹਾਂ ਦਲਿਤਾਂ ਤੱਕ ਸਭ ਸੰਘਰਸ਼ਾਂ ਦੇ ਮੈਦਾਨ 'ਚ ਹਨ। ਅਜਿਹੇ ਸਮੇਂ ਦਹਿ ਹਜ਼ਾਰ ਲੋਕ ਆਗੂ ਜੇਲ੍ਹ ਵਿਚ ਬੰਦ ਹਨ ਤੇ ਇਹ ਗਿਣਤੀ ਵਧਣੀ ਹੈ। ਇਸ ਕਰਕੇ ਝੂਠੇ ਕੇਸ, ਜੇਲ੍ਹਾਂ ਅੰਦਰ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਤੇ ਜਿਉਣ ਯੋਗ ਹਾਲਤਾਂ ਲਈ ਸੰਘਰਸ਼, ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਦੀ ਰਿਹਾਈ, ਜੇਲ੍ਹਾਂ ਅੰਦਰੋਂ ਸਿਆਸੀ ਸੰਘਰਸ਼ ਵੱਡੇ ਮੁੱਦੇ ਬਣੇ ਗਏ ਹਨ। ਹਰ ਚਿੰਤਨਸ਼ੀਲ ਅਤੇ ਸੰਵੇਦਨਸ਼ੀਲ ਮਨੁੱਖ ਦੀ ਚੇਤਨਾ ਦਾ ਹਿੱਸਾ ਇਹ ਮਸਲੇ ਬਣਕੇ ਚਾਹੀਦੇ ਹਨ। ਸਿੱਖ ਕੈਦੀਆਂ ਦੀ ਰਿਹਾਈ ਦੇ ਸੰਘਰਸ਼ ਨੂੰ ਵੀ ਇਸ ਪ੍ਰਸੰਗ ਵਿਚ ਦੇਖਣ ਦੀ ਲੋੜ ਹੈ।

**ਸੁਖਵਿੰਦਰ ਕੌਰ**
**ਸੂਬਾ ਕਮੇਟੀ ਮੈਂਬਰ, ਲੋਕ ਸੰਗਰਾਮ ਮੰਚ ਪੰਜਾਬ, ਆਰ.ਡੀ.ਐਫ.**
94782-39056

ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

Tri-City
Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis

Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

# ਸੌੜੀ ਸਿਆਸਤ ਨੇ ਡੰਗਿਆ ਪੰਜਾਬ

ਬੂਟਾ ਸਿੰਘ

ਲਗਭਗ ਪਿਛਲੇ ਦੋ ਹਫ਼ਤਿਆਂ ਤੋਂ ਪੰਜਾਬ ਇਕ ਵਾਰ ਧਾਰਮਿਕ ਭੜਕਾਹਟ ਦੀ ਲਪੇਟ ਵਿਚ ਹੈ। ਕਈ ਦਿਨ ਤੋਂ ਬਾਦਲ ਸਰਕਾਰ ਵਿਰੁੱਧ ਲਗਾਤਾਰ ਹੋ ਰਹੇ ਰੋਸ-ਵਿਖਾਵਿਆਂ ਦੀ ਤੀਬਰਤਾ ਭਾਵੇਂ ਮੱਠੀ ਪੈ ਗਈ ਹੈ ਪਰ ਸੱਤਾਧਾਰੀ ਧਿਰ ਤੋਂ ਨਾਬਰ ਪੰਜ ਪਿਆਰਿਆਂ ਵਲੋਂ ਤਖ਼ਤਾਂ ਦੇ ਜਥੇਦਾਰਾਂ ਨੂੰ ਬਰਖ਼ਾਸਤ ਕਰ ਦਿੱਤੇ ਜਾਣ ਦਾ ਹੁਕਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਣ ਨਾਲ ਅਤੇ ਸਰਕਾਰ ਦੀਆਂ ਕੁਲ ਪੇਸ਼ਬੰਦੀਆਂ ਨੂੰ ਨਾਕਾਮ ਬਣਾਉਂਦੇ ਹੋਏ 25 ਅਕਤੂਬਰ ਦੇ ਸ਼ੋਕ ਸਮਾਗਮ ਵਿਚ ਸਰਕਾਰ ਨੂੰ ਘੇਰਨ ਲਈ ਸਰਕਾਰ ਵਿਰੋਧੀ ਸਿਖ ਹਿੱਸਿਆਂ ਵਲੋਂ ਨੌਂ ਮਤੇ ਪਾਸ ਕੀਤੇ ਜਾਣ ਨਾਲ ਸੱਤਾਧਾਰੀਆਂ ਲਈ ਬਹੁਤ ਹੀ ਕਸੂਤੀ ਹਾਲਤ ਪੈਦਾ ਹੋ ਗਈ ਹੈ। ਇਨ੍ਹਾਂ ਮਤਿਆਂ 'ਤੇ ਅਧਾਰਤ ਅਗਲੇ ਐਕਸ਼ਨ-ਪ੍ਰੋਗਰਾਮ ਅਤੇ 13 ਨਵੰਬਰ ਨੂੰ ਕਈ ਸਿੱਖ ਧਿਰਾਂ ਵਲੋਂ ਮਿਲਕੇ 'ਸਰਬਤ ਖ਼ਾਲਸਾ' ਸੱਦਣ ਦਾ ਐਲਾਨ ਸੱਤਾਧਾਰੀ ਧਿਰ ਨੂੰ ਹੋਰ ਵੀ ਅਲੱਗ-ਥਲੱਗ ਕਰਨ ਦਾ ਕਾਰਨ ਬਣ ਸਕਦੇ ਹਨ। ਹੁਣ ਦੇਖਣਾ ਇਹ ਹੈ ਕਿ 'ਪੰਥ-ਰਤਨ' ਦਾ ਸ਼ਾਤਰ ਦਿਮਾਗ ਇਸ ਹਾਲਤ ਉਪਰ ਕਾਬੂ ਪਾਉਣ ਲਈ ਅਗਲਾ ਮਨਸੂਬਾ ਕੀ ਘੜਦਾ ਹੈ।

ਹੁਕਮਰਾਨਾਂ ਦਾ ਦੋਹਰਾ ਕਿਰਦਾਰ ਅਤੇ ਲੋਕ ਦੁਸ਼ਮਣੀ ਮੂੰਹ ਚੜ੍ਹ ਬੋਲ ਰਹੇ ਹਨ। ਪਹਿਲੀ ਜੂਨ ਨੂੰ ਬਰਗਾੜੀ ਇਲਾਕੇ ਦੇ ਇਕ ਪਿੰਡ ਬੁਰਜ ਜਵਾਹਰ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋਈ। ਪ੍ਰਸ਼ਾਸਨ ਵਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਇਸ ਨੂੰ ਹੱਲ ਕਰਨ ਦਾ ਕੋਈ ਯਤਨ ਨਹੀਂ ਕੀਤਾ ਗਿਆ। ਚਾਰ ਮਹੀਨੇ ਪੁਲਿਸ ਤੇ ਸਿਵਲ ਅਧਿਕਾਰੀ ਅੱਖਾਂ ਮੀਟਕੇ ਬੈਠੇ ਰਹੇ। ਫਿਰ ਇਕ ਖ਼ਾਸ ਹਾਲਾਤ ਵਿਚ ਇਕ ਘਿਣਾਉਣੀ ਸਾਜ਼ਿਸ਼ ਸਾਹਮਣੇ ਆਈ? ਜਦੋਂ ਗੁਰਮੀਤ ਰਾਮ ਰਹੀਮ ਸਿੰਘ ਨਾਲ ਸਮਝੌਤਾ ਕਰਨ ਲਈ ਬਾਦਲਾਂ ਵਲੋਂ ਅਖ਼ਤਿਆਰ ਕੀਤੇ ਢੰਗ ਨੂੰ ਲੈ ਕੇ ਕੱਟੜਵਾਦੀ ਸਿੱਖ ਭਾਵਨਾਵਾਂ ਭੜਕੀਆਂ ਹੋਈਆਂ ਸਨ। ਜਦੋਂ ਨਸ਼ਿਆਂ ਦੀ ਭਰਮਾਰ, ਹਕੂਮਤੀ ਪੁਸ਼ਤ-ਪਨਾਹੀ ਵਾਲੀ ਗੁੰਡਾਗਰਦੀ, ਲੋਕਾਂ ਦੇ ਵੱਖ-ਵੱਖ ਹਿੱਸਿਆਂ ਦੇ ਸੰਘਰਸ਼ਾਂ ਉਪਰ ਲੰਮੇ ਸਮੇਂ ਤੋਂ ਬੇਤਹਾਸ਼ਾ ਸਰਕਾਰੀ ਜਬਰ ਅਤੇ ਹੋਰ ਲੋਕ-ਦੁਸ਼ਮਣ ਨੀਤੀਆਂ ਕਾਰਨ ਆਮ ਲੋਕ ਗੁੱਸੇ ਨਾਲ ਭਰੇ ਪੀਤੇ ਹੋਏ ਸਨ। ਜਦੋਂ 'ਚਿੱਟਾ ਮੱਛਰ' ਦੀ ਮਹਾਂਮਾਰੀ ਸਬੰਧੀ ਖੇਤੀਬਾੜੀ ਮੰਤਰੀ ਤੋਤਾ ਸਿੰਘ ਵਲੋਂ ਕਰਵਾਏ ਕੀਟਨਾਸ਼ਕ ਘੁਟਾਲੇ 'ਤੇ ਪਰਦਾ ਪਾਉਣ ਦੇ ਸਾਰੇ ਹੀਲੇ-ਵਸੀਲੇ ਨਾਕਾਮ ਰਹਿ ਰਹੇ ਸਨ। ਜਦੋਂ ਸੂਬੇ ਵਿਚ ਕਿਸਾਨਾਂ-ਮਜ਼ਦੂਰਾਂ ਦਾ ਹਾਲੀਆ ਅੰਦੋਲਨ ਪੂਰੇ ਜ਼ੋਰਾਂ 'ਤੇ ਸੀ। ਜਦੋਂ ਇਕ ਹਫ਼ਤਾ ਰੇਲਾਂ ਜਾਮ ਰੱਖਣ ਪਿੱਛੋਂ ਵੀ ਜਥੇਬੰਦੀਆਂ ਦੀ ਮੁੱਖ ਮੰਤਰੀ ਨਾਲ ਮੀਟਿੰਗ ਬੇਸਿੱਟਾ ਰਹੀ। ਜਦੋਂ ਮੁੱਖ ਮੰਤਰੀ ਵਲੋਂ ਪੂਰੀ ਤਰ੍ਹਾਂ ਜਾਇਜ਼ ਮੰਗਾਂ ਮੰਨਣ ਤੋਂ ਇਨਕਾਰੀ ਹੋਣ ਕਾਰਨ ਕਿਸਾਨ-ਮਜ਼ਦੂਰ ਜਥੇਬੰਦੀਆਂ ਵਲੋਂ ਆਪਣੇ ਸੰਘਰਸ਼ ਨੂੰ ਜਾਰੀ ਰੱਖਦੇ ਹੋਏ 23 ਅਕਤੂਬਰ ਨੂੰ ਮੰਤਰੀਆਂ, ਵਿਧਾਇਕਾਂ ਦੇ ਘਰਾਂ ਦੇ ਘਿਰਾਉ ਕਰਨ ਦਾ ਐਲਾਨ ਕਰ ਦਿੱਤਾ ਗਿਆ ਤਾਂ ਇਸ ਸਰਕਾਰ ਵਿਰੋਧੀ ਮਾਹੌਲ ਦੌਰਾਨ ਅਚਾਨਕ ਹੀ ਬਰਗਾੜੀ ਇਲਾਕੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਖਿੱਲਰੇ ਹੋਏ ਮਿਲੇ। ਜਿਸ ਨੂੰ ਲੈਕੇ ਸਿੱਖ ਭਾਈਚਾਰੇ ਵਿਚ ਵਿਆਪਕ ਰੋਹ ਫੈਲ ਗਿਆ। ਕੋਟਕਪੂਰਾ ਤੇ ਬਹਿਵਲਪੁਰ ਵਿਚ ਪੁਲਿਸ ਵਲੋਂ ਢਾਹੇ ਜ਼ੁਲਮ ਨੇ ਰੋਹ ਨੂੰ ਹੋਰ ਭੜਕਾ ਦਿੱਤਾ। ਨਤੀਜਾ ਸਾਡੇ ਸਾਹਮਣੇ ਹੈ। ਪੂਰੇ ਪੰਜਾਬ ਦੀ ਹਾਲਤ ਬਹੁਤ ਤਣਾਓਪੂਰਨ ਹੋ ਗਈ। 14 ਅਕਤੂਬਰ ਤੋਂ ਲੈਕੇ ਇਕ ਹਫ਼ਤੇ ਤੋਂ ਵੱਧ ਸਮਾਂ ਸਾਰੇ ਪੰਜਾਬ ਦੀ ਸੜਕੀ ਆਵਾਜਾਈ ਪੂਰੀ ਤਰ੍ਹਾਂ ਠੱਪ ਰਹੀ। ਅੰਮ੍ਰਿਤਸਰ-ਦਿੱਲੀ ਹਾਈਵੇਜ਼ ਉਪਰ 59 ਅਤੇ ਸਟੇਟ ਹਾਈਵੇਜ਼ ਉਪਰ 103 ਥਾਂਵਾਂ ਉਪਰ ਰੋਸ ਵਿਖਾਵਿਆਂ ਨਾਲ ਜਾਮ ਹੋਈ ਆਵਾਜਾਈ ਨਾਲ ਸਰਕਾਰ ਬੁਰੀ ਤਰ੍ਹਾਂ ਹਿੱਲ ਗਈ। ਰੋਹ 'ਚ ਆਏ ਵਿਖਾਵਾਕਾਰੀਆਂ ਨੇ ਕੁਝ ਥਾਈਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਕੁਟਾਪਾ ਚਾੜ੍ਹਿਆ ਅਤੇ ਰੋਸ-ਇਕੱਠਾਂ ਵਿਚ ਬਾਦਲਾਂ, ਇਨ੍ਹਾਂ ਦੇ ਪਿਛਲੱਗ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵਿਖਾਵਾਕਾਰੀਆਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਛ ਥਾਈਂ ਧੱਕੇ ਨਾਲ ਦੁਕਾਨਾਂ ਬੰਦ ਕਰਾਉਣ, ਆਮ ਨਾਗਰਿਕਾਂ ਨਾਲ ਬਦਤਮੀਜ਼ੀ ਅਤੇ ਉਨ੍ਹਾਂ ਦੀ ਕੁੱਟਮਾਰ ਕਰਨ, ਨੰਗੀਆਂ ਤਲਵਾਰਾਂ ਲਹਿਰਾਕੇ ਦਹਿਸ਼ਤ ਦਾ ਮਾਹੌਲ ਬਣਾਉਣ ਦੀਆਂ ਰਿਪੋਰਟਾਂ ਵੀ ਹਨ। ਹੁਣ ਉਹ ਤਾਕਤਾਂ ਵੀ ਸਿੱਖ ਜਗਤ ਦੇ ਇਸ ਰੋਸ ਨੂੰ ਆਪਣੇ ਸਿਆਸੀ ਏਜੰਡਿਆਂ ਵਿਚ ਢਾਲਣ ਲਈ ਇਨ੍ਹਾਂ ਰੋਸ ਵਿਖਾਵਿਆਂ ਵਿਚ ਸਰਗਰਮ ਹੋ ਚੁੱਕੀਆਂ ਹਨ ਜਿਨ੍ਹਾਂ ਦੀ ਖ਼ਾਲਿਸਤਾਨ ਦੀ ਸਿਆਸਤ ਨੂੰ ਲੋਕ ਹਮਾਇਤ ਨਹੀਂ ਸੀ ਮਿਲ ਰਹੀ ਅਤੇ ਉਹ ਐਸੀਆਂ ਘਟਨਾਵਾਂ ਮੌਕੇ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਦਾ ਲਾਹਾ ਲੈ ਕੇ ਆਪਣੇ ਲਹਿਰ ਨੂੰ ਦੁਬਾਰਾ ਜਿਉਂਦੀ ਕਰਨਾ ਚਾਹੁੰਦੀਆਂ ਹਨ। ਸੱਤਾਧਾਰੀ ਧਿਰ ਦੇ ਕੁਛ ਲੋਕ ਆਪਣੀ ਵੁੱਕਤ ਬਣਾਉਣ ਲਈ ਅਸਤੀਫ਼ੇ ਦੇ ਰਹੇ ਹਨ।

ਬਾਦਲਾਂ ਵਲੋਂ ਇਸ ਸੰਕਟ ਵਿੱਚੋਂ ਨਿਕਲਣ ਲਈ ਇਕ ਪਿੱਛੋਂ ਇਕ ਸ਼ਾਤਰ ਚਾਲਾਂ ਖੇਡੀਆਂ ਜਾ ਰਹੀਆਂ ਹਨ ਪਰ ਹਰ ਬਾਜ਼ੀ ਉਲਟੀ ਪੈ ਰਹੀ ਹੈ। ਬੀੜ ਚੋਰੀ ਹੋਣ ਤੋਂ ਸਾਢੇ ਚਾਰ ਮਹੀਨੇ ਬਾਦ ਸਿੱਖ ਜਗਤ ਦੇ ਭਾਰੀ ਰੋਹ ਅਤੇ ਰੋਸ ਨਾਲ ਤਪੇ ਮਾਹੌਲ ਨੂੰ ਠੰਡਾ ਕਰਨ ਲਈ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਹੇਜ ਜਾਗਿਆ। ਮੀਡੀਆ ਵਿਚ ਇਸ਼ਤਿਹਾਰ ਜਾਰੀ ਕਰਕੇ "ਘੁੱਗ ਵਸਦੇ ਪੰਜਾਬ ਅੰਦਰ ਅਮਨ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ" ਦਾ ਵਾਸਤਾ ਲੋਕਾਂ ਨੂੰ ਪਾਇਆ ਗਿਆ, ਜਿਵੇਂ ਲੋਕ ਹੀ ਬਦਅਮਨੀ ਦੇ ਜ਼ਿੰਮੇਵਾਰ ਹੋਣ। ਜਿਸ ਸੂਬੇ ਵਿਚ ਸਰਕਾਰ ਦੀਆਂ ਨੀਤੀਆਂ ਕਾਰਨ ਹਰ ਮਿਹਨਤਕਸ਼ ਤਬਕੇ ਵਿਚ ਸਾਲਾਂ ਤੋਂ ਹਾਹਾਕਾਰ ਮੱਚੀ ਹੋਈ ਹੈ ਅਤੇ ਵਿਆਪਕ ਆਰਥਕ ਸੰਕਟ 'ਚ ਘਿਰੇ ਬੇਵੱਸ ਕਿਸਾਨ, ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ, ਬੇਰੋਜ਼ਗਾਰ ਜਵਾਨੀ ਜਾਂ ਤਾਂ ਸੜਕਾਂ ਉਪਰ ਧੱਕੇ ਖਾ ਰਹੀ ਹੈ ਜਾਂ ਇਨ੍ਹਾਂ ਹੀ ਸੱਤਾਧਾਰੀਆਂ ਵਲੋਂ ਵਗਾਏ ਨਸ਼ਿਆਂ ਦੇ ਦਰਿਆ ਵਿਚ ਬੁਰੀ ਤਰ੍ਹਾਂ ਡੁੱਬ ਚੁੱਕੀ ਹੈ ਉਥੇ ਧਨਾਢ ਜਮਾਤਾਂ ਨੂੰ ਛੱਡਕੇ ਕਿਹੜਾ ਪੰਜਾਬ ਵਾਸੀ 'ਘੁੱਗ ਵੱਸਦਾ' ਸੀ ਜਿਸ ਦੇ ਦਾਅਵੇ ਮੁੱਖ ਮੰਤਰੀ ਪੂਰੀ ਬੇਸ਼ਰਮੀ ਨਾਲ ਕਰ ਰਿਹਾ ਹੈ!

ਬਾਦਲਾਂ ਵਲੋਂ ਪੁਲਿਸ ਦੇ ਵਹਿਸ਼ੀ ਕਾਰੇ ਵਿਰੁੱਧ ਸਿੱਖਾਂ ਦੇ ਰੋਹ ਨੂੰ ਸ਼ਾਂਤ ਕਰਨ ਲਈ ਵਿਖਾਵਾਕਾਰੀਆਂ ਵਿਰੁੱਧ ਦਰਜ ਸਾਰੇ ਮਾਮਲੇ ਵਾਪਸ ਲੈਣ ਦਾ ਐਲਾਨ ਕੀਤਾ ਗਿਆ। ਸਿੱਖ ਭਾਈਚਾਰੇ ਦੇ ਵਿਆਪਕ ਵਿਰੋਧ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੂੰ ਵੀ ਦੀਵਾਲੀ ਮੌਕੇ ਸੋਗ ਮਨਾਉਣ ਅਤੇ ਬਾਗ਼ੀ ਹੋਏ ਪੰਜ ਪਿਆਰਿਆਂ ਨੂੰ ਮੁੜ ਬਹਾਲ ਕਰਨ ਦੇ ਥੁੱਕਕੇ ਚੱਟਣ ਦੇ ਐਲਾਨ ਵੀ ਕਰਨੇ ਪਏ ਹਨ। ਹਾਲਤ ਦਾ ਇਕ ਦਿਲਚਸਪ ਮੋੜ ਇਹ ਵੀ ਹੈ ਕਿ ਜਥੇਦਾਰਾਂ ਕੋਲੋਂ ਸਰਸੇ ਵਾਲੇ ਨੂੰ ਮਾਫ਼ੀ ਦੇਣ ਦਾ ਪਹਿਲਾ 'ਗੁਰਮਤਾ' ਰੱਦ ਕਰਵਾਕੇ ਪਹਿਲੀ ਮਾਫ਼ੀ ਵਾਪਸ ਲੈ ਲਈ ਗਈ ਹੈ ਅਤੇ ਇਸ ਤਰ੍ਹਾਂ ਸਰਸੇ ਵਾਲੇ ਪੈਰੋਕਾਰਾਂ ਤੇ ਸਿੱਖ ਭਾਈਚਾਰੇ ਦਰਮਿਆਨ ਸਮਾਜਿਕ ਤਣਾਓ ਨੂੰ ਵਧਾਉਣ ਲਈ ਨਵਾਂ ਸੇਹ ਦਾ ਤੱਕਲਾ ਵੀ ਗੱਡ ਦਿੱਤਾ ਗਿਆ ਹੈ। ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ 'ਪਛਤਾਵੇ' ਵਜੋਂ 21 ਤੋਂ 23 ਅਕਤੂਬਰ ਤਕ ਜ਼ਿਲ੍ਹਾ ਪੱਧਰਾਂ 'ਤੇ ਅਖੰਡ ਪਾਠ ਕਰਵਾਉਣ ਦਾ ਐਲਾਨ ਕੀਤਾ ਗਿਆ ਸੀ। ਫਿਰ ਬਹਿਵਲ ਕਲਾਂ ਵਾਲੇ ਸਮਾਗਮ ਦੇ ਮੱਦੇਨਜ਼ਰ ਇਸ ਦੀ ਤਰੀਕ ਬਦਲਕੇ 23 ਤੋਂ 25 ਅਕਤੂਬਰ ਕਰ ਦਿੱਤੀ ਗਈ ਤਾਂ ਜੋ ਉਸ ਇਕੱਠ ਤੋਂ ਸਿੱਖ ਭਾਈਚਾਰੇ ਨੂੰ ਦੂਰ ਰੱਖਿਆ ਜਾ ਸਕੇ। ਇਸ ਬਹਾਨੇ ਸਿੱਖ ਭਾਈਚਾਰੇ ਦੀ ਸ਼ਰਧਾ ਭਾਵਨਾ ਦਾ ਸ਼ੋਸ਼ਣ ਕਰਕੇ ਉਨ੍ਹਾਂ ਨੂੰ ਸਰਗਰਮ ਰੋਸ-ਵਿਖਾਵਿਆਂ ਤੋਂ ਅਖੰਡਪਾਠਾਂ ਵੱਲ ਨੂੰ ਮੋੜਿਆ ਜਾ ਸਕਦਾ ਸੀ।

ਇਸ ਦੌਰਾਨ ਅੰਮ੍ਰਿਤਸਰ, ਲੁਧਿਆਣਾ, ਸੰਗਰੂਰ, ਬਠਿੰਡਾ ਸਮੇਤ ਸੱਤ ਥਾਂਵਾਂ ਉਪਰ ਗੁਰੂ ਗ੍ਰੰਥ ਦੀ ਬੇਹੁਰਮਤੀ ਦੇ ਮਾਮਲੇ ਵੀ ਸਾਹਮਣੇ ਆਏ ਅਤੇ ਹੁਣ ਵੀ ਆ ਰਹੇ ਹਨ। ਇਹ ਸਪਸ਼ਟ ਹੈ ਕਿ ਇਹ ਸ਼ਰਾਰਤੀ ਅਨਸਰਾਂ ਦੇ ਕਾਰੇ ਹਨ ਅਤੇ ਇਨ੍ਹਾਂ ਦਾ ਬਰਗਾੜੀ ਵਿਚ ਬੇਅਦਬੀ ਦੀ ਮੁੱਖ ਸਾਜ਼ਿਸ਼ ਨਾਲ ਕੋਈ ਸਬੰਧ ਨਹੀਂ। ਫਿਰ ਪੁਲਿਸ ਵਲੋਂ ਇਨ੍ਹਾਂ ਵਾਰਦਾਤਾਂ ਦੇ ਦੋਸ਼ੀਆਂ ਦੀ ਪਛਾਣ ਕਰਨ ਦੇ ਐਲਾਨਾਂ ਦਾ ਸਿਲਸਿਲਾ ਚੱਲ ਪਿਆ। ਪ੍ਰੈੱਸ ਕਾਨਫਰੰਸ ਕਰਕੇ ਪੁਲਿਸ ਮੁਖੀ ਅਤੇ ਸੁਖਬੀਰ ਬਾਦਲ ਵਲੋਂ ਐਲਾਨ ਕੀਤੇ ਗਏ ਕਿ ਪੁਲਿਸ ਨੇ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿਛੇ ਕੰਮ ਕਰਦੇ ਦੋਸ਼ੀਆਂ ਅਤੇ ਉਨ੍ਹਾਂ ਪਿੱਛੇ ਮੌਜੂਦ 'ਬਦੇਸ਼ੀ ਹੱਥ' ਦਾ ਪਤਾ ਲਾ ਲਿਆ ਹੈ। ਆਖ਼ਿਰ ਪੰਜ ਗਰਾਈਂ ਖ਼ੁਰਦ (ਮੋਗਾ) ਦੇ ਦੋ ਨੌਜਵਾਨਾਂ ਨੂੰ ਮੁਜਰਿਮ ਐਲਾਨ ਦਿੱਤਾ ਗਿਆ। ਇਹ ਸਭ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਮੁੱਖ ਸਾਜ਼ਿਸ਼ ਤੋਂ ਧਿਆਨ ਹਟਾਉਣ ਦੀ ਚਾਲ ਸੀ। ਇਸ ਮਨਘੜਤ ਕਹਾਣੀ ਦਾ ਝੂਠ ਤੁਰੰਤ ਨੰਗਾ ਹੋ ਗਿਆ ਜਦੋਂ ਪੁਲਿਸ ਜਬਰ ਨਾਲ ਫੱਟੜ ਹੋਏ ਨੌਜਵਾਨਾਂ ਨੂੰ ਆਸਟ੍ਰੇਲੀਆ ਅਤੇ ਦੁਬਈ ਤੋਂ ਮਾਇਕ ਸਹਾਇਤਾ ਭੇਜਣ ਵਾਲੇ ਨੌਜਵਾਨਾਂ ਨੇ ਅੱਗੇ ਆਕੇ ਅਤੇ ਆਪਣੇ ਨਾਂ-ਪਤੇ, ਭੇਜੀ ਗਈ ਸਹਾਇਤਾ ਦੀਆਂ ਰਸੀਦਾਂ ਤੇ ਹੋਰ ਵੇਰਵੇ ਨਸ਼ਰ ਕਰਕੇ ਖ਼ੁਲਾਸਾ ਕੀਤਾ ਕਿ ਉਨ੍ਹਾਂ ਦਾ ਪੈਸੇ ਭੇਜਣ ਦਾ ਮਨੋਰਥ ਕੀ ਸੀ। ਇਸ ਖ਼ੁਲਾਸੇ ਪਿੱਛੋਂ ਆਹਲਾ ਪੁਲਿਸ ਅਧਿਕਾਰੀਆਂ ਅਤੇ ਸੱਤਾਧਾਰੀਆਂ ਨੇ ਚੁੱਪ ਵੱਟ ਲਈ ਹੈ ਅਤੇ ਆਪਣੇ ਚਹੇਤੇ ਬਹੁਤ ਹੀ ਬਦਨਾਮ ਪੁਲਿਸ ਮੁਖੀ ਸੁਮੇਧ ਸੈਣੀ ਨੂੰ ਹਟਾਕੇ ਨਵਾਂ ਚਿਹਰਾ ਸਾਹਮਣੇ ਲਿਆਂਦਾ ਗਿਆ ਹੈ।

ਘੋਰ ਸਿਆਸੀ ਸੰਕਟ ਵਿੱਚੋਂ ਨਿਕਲਣ ਲਈ ਅਜਿਹੇ ਹੱਥਕੰਡੇ ਸੱਤਾਧਾਰੀ ਬਾਦਲ ਦਲ ਦੀ ਵੱਡੀ ਲੋੜ ਹਨ। ਵਿਧਾਨ-ਸਭਾ ਦੀਆਂ ਚੋਣਾਂ ਵਿਚ 15 ਕੁ ਮਹੀਨੇ ਹੀ ਬਾਕੀ ਰਹਿ ਗਏ ਹਨ। ਸਮਾਜ ਦੇ ਹਰ ਹਿੱਸੇ ਵਿਚ ਸਰਕਾਰ ਦਾ ਜ਼ਬਰਦਸਤ ਵਿਰੋਧ ਬਾਦਲਕਿਆਂ ਲਈ ਵੱਡੀ ਪ੍ਰੇਸ਼ਾਨੀ ਬਣਿਆ ਹੋਇਆ ਹੈ। ਸਮੇਂ ਦੇ ਹੁਕਮਰਾਨਾਂ ਦਾ ਮਿਹਨਤਕਸ਼ ਲੋਕਾਂ ਦਾ ਧਿਆਨ ਆਪਣੇ ਹੱਕਾਂ ਅਤੇ ਜ਼ਿੰਦਗੀ ਦੀ ਬਿਹਤਰੀ ਲਈ ਸੰਘਰਸ਼ਾਂ ਤੋਂ ਹਟਾਕੇ ਕੁਰਾਹੇ ਪਾਉਣ ਲਈ ਘਟੀਆ ਤੋਂ ਘਟੀਆ ਹੱਥਕੰਡੇ ਇਸਤੇਮਾਲ ਦਾ ਲੰਮਾ ਇਤਿਹਾਸ ਹੈ। ਮੋਗਾ ਰੀਗਲ ਸਿਨੇਮਾ ਕਾਂਡ ਵਿਰੁੱਧ ਲੋਕ ਰੋਹ ਨੂੰ ਸੱਟ ਮਾਰਨ ਲਈ ਤੱਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਾਉਣ ਦਾ ਧਾਰਮਿਕ ਹਥਿਆਰ ਇਸਤੇਮਾਲ ਕੀਤਾ ਸੀ। ਜਦੋਂ ਪਿਛੇ ਜਹੇ ਮੋਗਾ ਵਿਚ ਬਾਦਲਾਂ ਦੀ ਔਰਬਿਟ ਟਰਾਂਸਪੋਰਟ ਦੇ ਮੁਲਾਜ਼ਮਾਂ ਵਲੋਂ ਨੌਜਵਾਨ ਕੁੜੀ ਨੂੰ ਚਲਦੀ ਬੱਸ ਵਿੱਚੋਂ ਧੱਕਾ ਦੇ ਕੇ ਮਾਰ ਦਿੱਤੇ ਜਾਣ ਦੇ ਵਿਰੋਧ ਵਿਚ ਅਵਾਮੀ ਜਥੇਬੰਦੀਆਂ ਦਾ ਸੰਘਰਸ਼ ਪੂਰੇ ਜ਼ੋਰਾਂ 'ਤੇ ਸੀ ਅਤੇ ਸਿੱਖ ਬੰਦੀਆਂ ਦੀ ਰਿਹਾਈ ਦੇ ਮੁੱਦੇ ਉਪਰ ਵੀ 'ਪੰਥਕ' ਸਰਕਾਰ ਕੜਿੱਕੀ ਵਿਚ ਫਸੀ ਹੋਈ ਸੀ ਓਦੋਂ ਵੀ ਬਾਦਲਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਦੀ ਯਾਤਰਾ ਸ਼ੁਰੂ ਕਰਵਾਕੇ ਲੋਕਾਂ ਦੇ ਗੁੱਸੇ ਨੂੰ ਲੀਹੋ ਲਾਹੁਣ ਦੀ ਚਾਲ ਖੇਡੀ ਗਈ ਸੀ। ਸਿੱਖ ਜਗਤ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਅਤੇ ਅੰਗਰੇਜ਼ ਰਾਜ ਦੀਆਂ ਧੱਕੇਸ਼ਾਹੀਆਂ ਵਿਰੁੱਧ







ਸੰਘਰਸ਼ 'ਚੋਂ ਉਭਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲ ਅਕਸਰ ਹੀ ਆਪਣੇ ਜੇਬੀ ਜਥੇਦਾਰਾਂ ਦੇ ਕਬਜ਼ੇ ਵਿਚ ਰੱਖਦੇ ਹਨ ਤਾਂ ਜੋ ਸੰਕਟ ਮੌਕੇ ਉਨ੍ਹਾਂ ਕੋਲੋਂ ਸਿੱਖ ਭਾਈਚਾਰੇ ਨੂੰ ਫ਼ਤਵੇ ਜਾਰੀ ਕਰਵਾਏ ਜਾ ਸਕਣ। ਆਪਣੇ ਸਿਆਸੀ ਵੋਟ ਬੈਂਕ ਨੂੰ ਖ਼ੋਰਾ ਲਗਦਾ ਵੇਖਕੇ ਜੇਬੀ 'ਜਥੇਦਾਰਾਂ' ਕੋਲੋਂ ਸਿੱਖ ਧਰਮ ਦੇ ਨਾਂ 'ਤੇ ਮਨਮਰਜ਼ੀ ਦੇ ਹੁਕਮਨਾਮੇ ਜਾਰੀ ਕਰਵਾ ਲਏ ਜਾਂਦੇ ਹਨ। ਜਿਸ ਦੀ ਇਕ ਵੱਡੀ ਮਿਸਾਲ ਕੁੜੀਮਾਰ ਬੀਬੀ ਜਗੀਰ ਕੌਰ ਦੀ ਹੈ ਜਿਸ ਨੂੰ 'ਪੰਥ' ਵਿੱਚੋਂ ਛੇਕ ਦੇਣ ਦੇ ਗਿਆਨੀ ਪੂਰਨ ਸਿੰਘ ਦੇ ਐਲਾਨ ਦੀ ਫੂਕ ਕੱਢਣ ਲਈ ਬਾਦਲਾਂ ਨੇ ਉਸਨੂੰ ਅਹੁਦੇ ਤੋਂ ਹਟਾਕੇ ਉਸ ਦੀ ਥਾਂ ਜੋਗਿੰਦਰ ਸਿੰਘ ਵੇਦਾਂਤੀ ਨੂੰ ਜਥੇਦਾਰ ਥਾਪਕੇ ਉਸ ਤੋਂ ਮਨਮਰਜ਼ੀ ਦੇ ਐਲਾਨ ਕਰਵਾ ਲਏ ਸਨ।


ਸਿਰਸਾ ਵਾਲੇ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨਾਲ ਰਿਸ਼ਤੇ 'ਚ ਫੇਰਬਦਲ ਬਾਦਲਾਂ ਦੇ ਸੌੜੇ ਸਿਆਸੀ ਹਿਤ ਦੇ ਬਦਲ ਰਹੇ ਤਕਾਜ਼ਿਆਂ 'ਚੋਂ ਨਿਕਲਿਆ ਪੈਂਤੜਾ ਹੈ। ਉਸ ਨੂੰ ਸਬਕ ਸਿਖਾਉਣ ਲਈ ਬਾਦਲਾਂ ਵਲੋਂ ਵਿਛਾਏ ਜਾਲ ਬਾਰੇ ਸਿਆਸੀ ਸੂਝ ਰੱਖਦੇ ਹਲਕਿਆਂ ਨੂੰ ਪਹਿਲਾਂ ਵੀ ਕੋਈ ਸ਼ੱਕ ਨਹੀਂ ਸੀ। 2007 'ਚ ਇਸ ਡੇਰੇ ਦੇ ਪੈਰੋਕਾਰਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ ਸਨ। ਬਾਦਲਾਂ ਦੀ ਹੈਂਕੜ ਨੂੰ ਡੇਰਾ-ਪ੍ਰੇਮੀਆਂ ਦੀ ਇਹ 'ਨਾਬਰੀ' ਹਜ਼ਮ ਨਹੀਂ ਸੀ ਹੋ ਸਕਦੀ। ਇਕ ਖ਼ਾਸ ਭੜਕਾਊ ਮਾਹੌਲ ਤਿਆਰ ਕਰਕੇ ਡੇਰਾ ਪ੍ਰੇਮੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਪ੍ਰਸੰਗ ਵਿਚ ਸਾਬਕਾ ਪੁਲਿਸ ਅਧਿਕਾਰੀ ਸ਼ਸ਼ੀਕਾਂਤ ਦਾ ਦਾਅਵਾ ਗ਼ੌਰਤਲਬ ਹੈ। ਸ਼ਸ਼ੀਕਾਂਤ ਅਨੁਸਾਰ ਸਿਰਸੇ ਵਾਲੇ ਡੇਰੇ ਦੇ ਮੁਖੀ ਵਲੋਂ 2007 'ਚ ਗੁਰੂ ਗੋਬਿੰਦ ਸਿੰਘ ਵਰਗਾ ਲਿਬਾਸ ਪਹਿਨਕੇ ਸਲਾਬਤਪੁਰ ਡੇਰੇ ਵਿਚ ਰਚਿਆ 'ਜਾਮੇ-ਇਸਾਂ' ਸਮਾਗਮ ਸਰਕਾਰੀ ਏਜੰਸੀਆਂ ਵਲੋਂ ਕਰਵਾਇਆ ਨਾਟਕ ਸੀ। ਸ਼ਸ਼ੀਕਾਂਤ ਤਾਂ ਇੱਥੋਂ ਤਕ ਦਾਅਵਾ ਕਰਦਾ ਹੈ ਕਿ ਉਹ ਪੁਸ਼ਾਕ ਵੀ ਸੁਖਬੀਰ ਬਾਦਲ ਨੇ ਤਿਆਰ ਕਰਵਾਕੇ ਭੇਜੀ ਸੀ ਜੋ ਸਰਸੇ ਵਾਲੇ 'ਧਰਮ ਗੁਰੂ' ਨੇ ਉਸ ਮੌਕੇ ਪਹਿਨੀ ਹੋਈ ਸੀ। ਸਰਕਾਰੀ ਏਜੰਸੀਆਂ ਨੇ ਹੀ ਸਮਾਗਮ ਦੀਆਂ ਤਸਵੀਰਾਂ ਖਿਚਕੇ ਅਜੀਤ ਸਮੇਤ ਪੰਜਾਬੀ ਅਖ਼ਬਾਰਾਂ ਵਿਚ ਛਪਵਾਈਆਂ ਸਨ ਤੇ ਵੱਡੇ-ਵੱਡੇ ਇਸ਼ਤਿਹਾਰਾਂ ਦੇ ਬਿਲਾਂ ਦੀ ਅਦਾਇਗੀ ਵੀ ਏਜੰਸੀਆਂ ਦੇ ਪੈਸੇ ਨਾਲ ਕੀਤੀ ਗਈ ਸੀ। ਇਹ ਦਾਅਵਾ ਕਿੱਥੋਂ ਤਕ ਸੱਚ ਹੈ ਇਹ ਵੱਖਰੀ ਬਹਿਸ ਦਾ ਮੁੱਦਾ ਹੋ ਸਕਦਾ ਹੈ ਪਰ ਇਕ ਗੱਲ ਤੈਅ ਹੈ ਕਿ ਇਸ ਦੇ ਬਹਾਨੇ ਸਿਰਸੇ ਵਾਲੇ ਦੇ ਖ਼ਿਲਾਫ਼ ਮਾਹੌਲ ਭੜਕਾਕੇ ਅਤੇ ਅਕਾਲ ਤਖ਼ਤ ਦੇ ਨਾਦਰਸ਼ਾਹੀ ਫਰਮਾਨਾਂ ਦੀ ਦਹਿਸ਼ਤ ਨਾਲ ਡੇਰਾ ਸ਼ਰਧਾਲੂਆਂ ਦੀ ਕਿਸੇ ਵੀ ਧਾਰਮਿਕ ਮੱਤ ਨੂੰ ਮੰਨਣ ਦੀ ਆਜ਼ਾਦੀ ਨੂੰ ਕੁਚਲਿਆ ਗਿਆ ਅਤੇ ਬਾਦਲਾਂ ਨੇ ਡੇਰੇ ਦੀ ਬਾਂਹ ਮਰੋੜਕੇ ਉਸ ਨੂੰ ਅਹਿਸਾਸ ਕਰਵਾ ਦਿੱਤਾ ਕਿ ਕਾਂਗਰਸ ਦੀ ਇਕਤਰਫ਼ਾ ਹਮਾਇਤ ਕਰਨ ਦੀ ਖੇਡ ਉਸ ਨੂੰ ਕਿੰਨੀ ਮਹਿੰਗੀ ਪਵੇਗੀ। ਇਸ ਸਾਧ ਨੂੰ ਇਸ ਦਬਾਅ ਤੋਂ ਜ਼ਿਆਦਾ ਰਾਹਤ ਓਦੋਂ ਮਿਲੀ ਜਦੋਂ ਇਸਦਾ ਸੰਘ ਪਰਿਵਾਰ ਨਾਲ ਸਮਝੌਤਾ ਹੋ ਗਿਆ।

ਸੰਘ ਪਰਿਵਾਰ ਵਲੋਂ 2014 ਦੀਆਂ ਲੋਕ-ਸਭਾ ਚੋਣਾਂ ਅਤੇ ਹਰਿਆਣਾ ਤੇ ਦਿੱਲੀ ਦੀਆਂ ਚੋਣਾਂ ਵਿਚ ਡੇਰਾ ਸਰਸਾ ਤੇ ਡੇਰਾ ਬਿਆਸ ਦੀ ਹਮਾਇਤ ਲੈਣ ਦੀ ਚੋਣ ਰਣਨੀਤੀ ਅਤੇ ਚੋਣਾਂ ਜਿੱਤਣ ਤੋਂ ਬਾਦ ਬਾਦਲ ਗੁੱਟ ਦੀਆਂ ਮਨਮਾਨੀਆਂ ਨੂੰ ਚੁਣੌਤੀ ਦੇਣ ਦਾ ਪੈਂਤੜਾ ਅਖ਼ਤਿਆਰ ਕਰਨ ਨਾਲ ਅਤੇ ਸੰਘ ਪਰਿਵਾਰ ਵਲੋਂ ਬਾਦਲਾਂ ਉਪਰ ਦਬਾਅ ਪਾਏ ਜਾਣ ਨਾਲ ਉਨ੍ਹਾਂ ਲਈ ਆਪਣੇ ਪਹਿਲੇ ਪੈਂਤੜੇ ਨੂੰ ਬਦਲਣਾ ਜ਼ਰੂਰੀ ਹੋ ਗਿਆ। ਬਾਦਲਾਂ ਨੂੰ ਡੇਰਾ ਸਰਸਾ ਨਾਲ ਅੰਦਰਖਾਤੇ ਸਮਝੌਤਾ ਕਰਨ ਦੀ ਲੋੜ ਮਹਿਸੂਸ ਹੋਈ। ਆਮ ਲੋਕਾਂ, ਖ਼ਾਸ ਕਰਕੇ ਕਿਸਾਨੀ ਵਿਚ ਸਰਕਾਰ ਵਿਰੁੱਧ ਰੋਹ ਵੀ ਬਾਦਲਾਂ ਉਪਰ ਆਪਣੀ ਚੋਣ ਰਣਨੀਤੀ ਵਿਚ ਫੇਰਬਦਲ ਕਰਨ ਅਤੇ ਲੰਮੇ ਦਾਈਏ ਤੋਂ ਲੋਕ ਸੰਘਰਸ਼ ਨੂੰ ਰੋਕਣ ਲਈ ਇਕ ਵੱਡਾ ਦਬਾਅ ਬਣਿਆ। ਇਹ ਆਮ ਚਰਚਾ ਹੈ ਕਿ ਲੰਘੇ ਸਤੰਬਰ ਮਹੀਨੇ ਸੁਖਬੀਰ ਬਾਦਲ ਵਲੋਂ ਸਰਸੇ ਵਾਲੇ ਨਾਲ ਮੁੰਬਈ ਵਿਚ ਖ਼ੁਫ਼ੀਆ ਮੀਟਿੰਗ ਕਰਕੇ ਇਕ ਸਮਝੌਤਾ ਕੀਤਾ ਗਿਆ ਜਿਸ ਤਹਿਤ 24 ਸਤੰਬਰ ਨੂੰ ਅਕਾਲ ਤਖ਼ਤ ਦੇ ਜਥੇਦਾਰ ਨੇ ਬਾਦਲਾਂ ਦੇ ਇਸ਼ਾਰੇ 'ਤੇ ਸਿਰਸੇ ਵਾਲੇ ਨੂੰ ਮਾਫ਼ੀ ਦੇਣ ਦਾ ਐਲਾਨ ਕੀਤਾ ਗਿਆ। ਇਸ 'ਗੁਰਮਤੇ' ਬਾਰੇ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦੀ ਅਸਹਿਮਤੀ ਦੇ ਝਲਕਾਰੇ ਵੀ ਨਾਲ ਹੀ ਪੈਣੇ ਸ਼ੁਰੂ ਹੋ ਗਏ। ਦਿਲਚਸਪ ਗੱਲ ਇਹ ਵੀ ਹੋਈ ਕਿ ਮਾਫ਼ੀ ਬਾਰੇ ਬਿਨਾ ਦਸਤਖ਼ਤਾਂ ਤੋਂ ਜਾਰੀ ਕੀਤੇ ਗਏ ਪ੍ਰੈੱਸ ਨੋਟ ਦੀ ਇਬਾਰਤ ਹੋਰ ਸੀ ਅਤੇ ਅਕਾਲ ਤਖ਼ਤ ਦੇ ਲੈਟਰ ਪੈਡ ਉਪਰ 'ਸਿੰਘ ਸਾਹਿਬਾਨ' ਦੇ ਦਸਤਖ਼ਤਾਂ ਹੇਠ ਜਾਰੀ ਕੀਤੇ ਗਏ 'ਗੁਰਮਤੇ' ਦੀ ਹੋਰ। ਡੇਰਾ ਮੁਖੀ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਉਸ ਅੱਗੇ ਦਸਤਖ਼ਤ ਕਰਨ ਲਈ ਜੋ ਕਾਗਜ਼ ਰੱਖਿਆ ਉਸਨੇ ਉਸ ਉਪਰ ਦਸਤਖ਼ਤ ਕਰ ਦਿੱਤੇ। ਜ਼ਾਹਿਰ ਹੈ, ਡੇਰਾ ਮੁਖੀ ਤਾਂ ਚਾਹੁੰਦਾ ਹੀ ਸੀ ਕਿਸੇ ਵੀ ਸੂਰਤ 'ਚ ਟਕਰਾਅ ਗਲੋਂ ਲਹਿ ਜਾਵੇ। ਇਨ੍ਹਾਂ ਹਾਲਾਤ ਵਿਚ ਪਹਿਲੇ ਟਕਰਾਅ ਨੂੰ ਦੇਖਦੇ ਹੋਏ ਸਰਸੇ ਵਾਲਾ ਡੇਰਾ ਜਾਂ ਇਸ ਦੇ ਸ਼ਰਧਾਲੂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਅੰਜਾਮ ਦੇਣ ਦਾ ਜੋਖ਼ਮ ਨਹੀਂ ਲੈ ਸਕਦੇ।

ਪਿਛਲੇ ਅੱਠ ਸਾਲਾਂ ਵਿਚ ਜਿਸ ਕਦਰ ਬਾਦਲ ਦਲ ਵਲੋਂ ਡੇਰਾ ਸਿਰਸਾ ਵਿਰੁੱਧ ਆਮ ਸਿੱਖਾਂ ਦੇ ਧਾਰਮਿਕ ਜਜ਼ਬਾਤ ਭੜਕਾਏ ਗਏ, ਸਿੱਖ ਕੱਟੜਪੰਥੀ ਤਾਕਤਾਂ ਦੇ ਪ੍ਰਭਾਵ ਨੂੰ ਰੋਕਣ ਲਈ ਉਨ੍ਹਾਂ ਨੂੰ ਵਡਿਆਉਣ ਦੀ ਨੀਤੀ ਅਖ਼ਤਿਆਰ ਕੀਤੀ ਗਈ ਅਤੇ ਕੱਟੜਵਾਦੀ ਤਾਕਤਾਂ ਨੂੰ ਇਸ ਦਾ ਲਾਹਾ ਲੈਣ ਦੇ ਮੌਕੇ ਮੁਹੱਈਆ ਕੀਤੇ ਗਏ ਉਸ ਮਾਹੌਲ ਵਿਚ ਇਸ 'ਮਾਫ਼ੀ' ਅਤੇ ਸਰਸੇ ਵਾਲੀ ਦੀ ਫਿਲਮ ਸਿਨਮਿਆਂ ਵਿਚ ਲੱਗਣ ਦੀ ਖੁੱਲ੍ਹ ਦੇਣ ਦਾ ਪੈਂਤੜਾ ਕੱਟੜਪੰਥੀਆਂ ਨੂੰ ਹਜ਼ਮ ਨਹੀਂ ਸੀ ਹੋ ਸਕਦਾ। ਹਮਾਇਤ ਦੀ ਥਾਂ ਸਗੋਂ ਇਸ ਵਿਰੁੱਧ ਰੋਸ ਹੋਰ ਭੜਕ ਉੱਠਿਆ ਜੋ ਕਿ ਉਕਾ ਹੀ ਹੈਰਾਨੀਜਨਕ ਨਹੀਂ। ਆਪਣੀ ਚਾਲ ਪੁੱਠੀ ਪਈ ਦੇਖਕੇ ਇਕ ਪਾਸੇ ਸਿੱਖ ਭਾਈਚਾਰੇ ਦੀ ਇਸ ਵਿਆਪਕ ਬੇਚੈਨੀ ਅਤੇ ਦੂਜੇ ਪਾਸੇ ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ ਨੂੰ ਮੋੜਾ ਦੇਣ ਤੇ ਲੋਕਾਂ ਵਿਚ ਪਾਟਕ ਪਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਐਲਾਨ ਕਰਦੇ ਭੜਕਾਊ ਇਸ਼ਤਿਹਾਰ ਸੁੱਟਵਾਉਣ ਅਤੇ ਫਿਰ ਬਰਗਾੜੀ ਵਿਚ ਧਾਰਮਿਕ ਗ੍ਰੰਥ ਦੇ ਪੱਤਰੇ ਸੁਟਵਾਉਣ ਦਾ ਮੁਜਰਮਾਨਾ ਕਾਰਾ ਕਰਵਾਇਆ ਜਾਪਦਾ ਹੈ। ਜਦੋਂ ਫਿਰ ਸਿੱਖ ਅਵਾਮ 'ਚ ਫੈਲੇ ਰੋਹ ਨੂੰ ਕਾਬੂ ਕਰਨਾ ਮੁਸ਼ਕਲ ਹੋ ਗਿਆ ਅਤੇ ਉਲਟਾ ਲੈਣੇ ਦੇ ਦੇਣੇ ਪੈ ਗਏ ਤਾਂ ਕੋਟਕਪੂਰਾ ਤੇ ਬਹਿਬਲਪੁਰ ਕਲਾਂ ਧਰਨਿਆਂ 'ਚ ਜੁੜੇ ਸਿੱਖ ਹਜੂਮ ਉਪਰ ਪੁਲਿਸ ਕੋਲੋਂ ਅੰਨ੍ਹੇਵਾਹ ਫਾਇਰਿੰਗ ਕਰਵਾਕੇ ਦੋ ਨੌਜਵਾਨ ਬੇਰਹਿਮੀ ਨਾਲ ਕਤਲ ਕਰਵਾ ਦਿੱਤੇ ਗਏ ਅਤੇ ਸੈਂਕੜੇ ਜ਼ਖ਼ਮੀ ਹੋਏ। ਹੋਰ ਥਾਈਂ ਵੀ ਜਬਰ ਢਾਹਿਆ ਗਿਆ। ਇਸ ਨਾਲ ਇਕ ਵਾਰ ਫਿਰ ਇਹ ਸਾਬਤ ਹੋ ਗਿਆ ਕਿ ਬਾਦਲ ਦਲ ਇਕੱਲਾ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਸੰਘਰਸ਼ਾਂ ਦਾ ਹੀ ਦੁਸ਼ਮਣ ਨਹੀਂ। ਇਹ ਹਰ ਰੋਸ-ਵਿਖਾਵੇ ਦਾ ਦੋਖੀ ਹੈ ਜੋ ਇਸਦੇ ਸੌੜੇ ਹਿਤਾਂ ਦੇ ਖ਼ਿਲਾਫ਼ ਜਾਂਦਾ ਹੋਵੇ। ਮਾਰਚ 2012 'ਚ ਰਾਜੋਆਣਾ ਨੂੰ ਫਾਂਸੀ ਦਿੱਤੇ ਜਾਣ ਦੇ ਐਲਾਨ ਦੇ ਵਿਰੁੱਧ ਉੱਠੇ ਰੋਸ ਨੂੰ ਕੁਚਲਣ ਲਈ ਪੁਲਿਸ ਨੇ ਇਸੇ 'ਪੰਥਕ' ਸਰਕਾਰ ਦੇ ਇਸ਼ਾਰੇ 'ਤੇ ਇਸੇ ਨਮੂਨੇ 'ਤੇ ਗੁਰਦਾਸਪੁਰ ਵਿਚ ਇਕ ਬੇਕਸੂਰ ਨੌਜਵਾਨ ਨੂੰ ਕਤਲ ਕਰ ਦਿੱਤਾ ਸੀ ਅਤੇ ਇਕ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਸੀ। ਇਥੇ ਹੀ ਬਸ ਨਹੀਂ ਬਾਦ ਵਿਚ ਇਨ੍ਹਾਂ ਹੀ ਬਾਦਲਾਂ ਨੇ ਤੱਤਕਾਲੀ ਐੱਸ.ਐੱਸ.ਪੀ. ਅਤੇ ਡੀ.ਐੱਸ.ਪੀ. ਵਿਰੁੱਧ ਕਤਲ ਦੇ ਮਾਮਲੇ ਦੇ ਇਲਜ਼ਾਮ ਵੀ ਵਾਪਸ ਲੈ ਲਏ ਸਨ।

ਕਿਉਂਕਿ ਸਰਕਾਰ ਵਲੋਂ ਬੇਅਦਬੀ ਕਾਂਡ ਕਰਨ ਵਾਲੇ ਅਸਲ ਮੁਜਰਿਮਾਂ ਨੂੰ ਸਾਹਮਣੇ ਲਿਆਉਣ ਦਾ ਕੋਈ ਗੰਭੀਰ ਯਤਨ ਅਤੇ ਇਰਾਦਾ ਨਜ਼ਰ ਹੀ ਨਹੀਂ ਆ ਰਿਹਾ ਇਸ ਲਈ ਜ਼ਿਆਦਾਤਰ ਇਹੀ ਸੰਭਾਵਨਾ ਹੈ ਕਿ ਇਹ ਸਰਕਾਰੀ ਏਜੰਸੀਆਂ ਦੀ ਸ਼ਰਾਰਤ ਸੀ। ਸਰਕਾਰਾਂ ਸਮੇਤ ਸਮੁੱਚਾ ਰਾਜਤੰਤਰ ਲੋਕ-ਦੁਸ਼ਮਣ ਅਤੇ ਬੇਈਮਾਨ ਹੋਣ ਕਾਰਨ ਇਸ ਤਰ੍ਹਾਂ ਦੀਆਂ ਸਾਜ਼ਿਸ਼ਾਂ ਦਾ ਅਸਲ ਸੱਚ ਕਦੇ ਵੀ ਸਾਹਮਣੇ ਨਹੀਂ ਆਉਂਦਾ। ਸੱਤਾਧਾਰੀਆਂ ਦੇ ਇਸ਼ਾਰੇ 'ਤੇ ਏਜੰਸੀਆਂ ਵਲੋਂ ਕੀਤੀਆਂ ਜਾਂਦੀਆਂ ਜਾਂ ਹੋਰ ਅਨਸਰਾਂ ਨੂੰ ਮੋਹਰੇ ਬਣਾਕੇ ਕਰਵਾਈਆਂ ਜਾਂਦੀਆਂ ਇਸ ਤਰ੍ਹਾਂ ਦੀਆਂ ਸਾਜ਼ਿਸ਼ਾਂ ਨੂੰ ਬੇਨਕਾਬ ਕਰਨਾ ਲੋਕਪੱਖੀ ਤਾਕਤਾਂ ਲਈ ਹਮੇਸ਼ਾ ਹੀ ਇਕ ਮੁਸ਼ਕਲਾਂ ਤੇ ਚੁਣੌਤੀਆਂ ਭਰਿਆ ਕੰਮ ਹੁੰਦਾ ਹੈ। 1978 'ਚ ਸਿੱਖਾਂ ਤੇ ਨਿਰੰਕਾਰੀਆਂ ਦੇ ਝਗੜੇ, ਅਤੇ ਮੰਦਰਾਂ ਵਿਚ ਗਊਆਂ ਦੀਆਂ ਪੂਛਾਂ ਤੇ ਗੁਰਦਵਾਰਿਆਂ ਵਿਚ ਸਿਗਰਟਾਂ, ਬੀੜੀਆਂ ਸੁੱਟਣ ਦੀਆਂ ਸਾਜ਼ਿਸ਼ਾਂ ਦੇ ਅਸਲ ਮੁਜਰਿਮ ਕਦੇ ਨੰਗੇ ਨਹੀਂ ਕੀਤੇ ਗਏ। ਹਾਲਾਂਕਿ ਪੰਜਾਬ ਦੀ ਫ਼ਿਜ਼ਾ ਵਿਚ ਜੋ ਜ਼ਹਿਰ ਘੋਲਿਆ ਗਿਆ, ਜਿਵੇਂ ਦਰਿਆਈ ਪਾਣੀਆਂ, ਚੰਡੀਗੜ੍ਹ ਅਤੇ ਪੰਜਾਬੀ ਬੋਲੀ ਵਰਗੇ ਜਮਹੂਰੀ ਮੁੱਦਿਆਂ ਨੂੰ ਫਿਰਕੂ ਰੰਗਤ ਦੇਕੇ ਇਨ੍ਹਾਂ ਨੂੰ ਸੌੜੇ ਸਿਆਸੀ ਮੁਫ਼ਾਦਾਂ ਲਈ ਵਰਤਿਆ ਗਿਆ, ਉਸ ਦਾ ਖ਼ਮਿਆਜ਼ਾ ਪੂਰਾ ਇਕ ਦਹਾਕਾ ਪੰਜਾਬ ਅਤੇ ਪੰਜਾਬ ਤੋਂ ਬਾਹਰ ਆਮ ਲੋਕਾਂ ਨੇ ਭੁਗਤਿਆ। ਪਰ ਚਿੰਗਾੜੀਆਂ ਨੂੰ ਭਾਂਬੜ ਬਣਾਉਣ ਵਾਲੇ, ਖ਼ਾਸ ਕਰਕੇ ਇਸ ਦੀ ਮੁੱਖ ਮੁਜਰਿਮ ਕਾਂਗਰਸ ਅਤੇ ਦੂਜੇ ਮੁਜਰਿਮ ਅਕਾਲੀ ਆਗੂ, ਦਹਿ-ਹਜ਼ਾਰਾਂ ਪਰਿਵਾਰਾਂ ਨੂੰ ਤਬਾਹ ਤੇ ਬਰਬਾਦ ਕਰਵਾਕੇ ਆਪਣੇ ਲਈ ਸੱਤਾ ਯਕੀਨੀ ਬਣਾਉਣ 'ਚ ਕਾਮਯਾਬ ਹੋ ਗਏ। ਉਸ ਵਕਤ ਆਮ ਲੋਕਾਂ ਨੂੰ ਇਕ ਹੋਰ ਵੀ ਵੱਡਾ ਮੁੱਲ ਤਾਰਨਾ ਪਿਆ। ਸਮਾਜ ਦੇ ਬੁਨਿਆਦੀ ਤੇ ਅਸਲ ਮੁੱਦਿਆਂ ਲਈ ਜਮਹੂਰੀ ਲੜਾਈ ਦੇ ਬਹੁਤ ਹੀ ਕਮਜ਼ੋਰ ਪੈ ਜਾਣ ਨਾਲ ਹੁਕਮਰਾਨ ਜਮਾਤਾਂ ਲਈ ਆਪਣੀਆਂ ਬੇਰਹਿਮ ਲੋਟੂ ਨੀਤੀਆਂ ਨੂੰ ਆਮ ਲੋਕਾਂ ਉਪਰ ਥੋਪਣਾ ਹੋਰ ਵੀ ਸੁਖਾਲਾ ਹੋ ਗਿਆ। ਇਨ੍ਹਾਂ ਲੋਕ-ਦੁਸ਼ਮਣ ਨੀਤੀਆਂ ਕਾਰਨ ਪੰਜਾਬ ਦੇ ਮਿਹਨਤਕਸ਼ ਲੋਕ ਖ਼ੁਦਕੁਸ਼ੀਆਂ ਲਈ ਮਜਬੂਰ ਹੋਏ।

ਪੰਥ ਦੀਆਂ ਨੁਮਾਇੰਦਾ ਹੋਣ ਦੀਆਂ ਦਾਅਵੇਦਾਰ ਧਿਰਾਂ ਦੇ ਸੌੜੇ ਏਜੰਡਿਆਂ, ਆਪਸੀ ਪਾਟੋਧਾੜ, ਖਿੱਚਧੂਹ ਅਤੇ ਗੰਭੀਰ ਮੱਤਭੇਦਾਂ ਨੂੰ ਦੇਖਦੇ ਹੋਏ 'ਸਰਬਤ ਖ਼ਾਲਸਾ' ਕੋਈ ਇਕਜੁੱਟ ਫ਼ੈਸਲਾ ਲੈਕੇ ਸਿੱਖ ਭਾਈਚਾਰੇ ਨੂੰ ਬਾਦਲਾਂ ਵਿਰੁੱਧ ਕੋਈ ਸਾਰਥਕ ਸੇਧ ਦੇ ਸਕੇਗਾ ਇਸ ਦੀ ਸੰਭਾਵਨਾ ਨਹੀਂ ਲੱਗਦੀ, ਹਾਂ ਲੋਕਾਂ ਦੀ ਭਾਈਚਾਰਕ ਸਾਂਝ ਤੇ ਸਦਭਾਵਨਾ ਵਾਲੇ ਮਾਹੌਲ ਵਿਚ ਨਫ਼ਰਤ ਤੇ ਟਕਰਾਅ ਵਧਣ ਦੇ ਆਸਾਰ ਜ਼ਿਆਦਾ ਹਨ। ਇਨ੍ਹਾਂ ਹਾਲਾਤ ਨੂੰ ਹਾਂਪੱਖੀ ਪਾਸੇ ਨੂੰ ਮੋੜਾ ਦੇਣ ਅਤੇ ਲੋਕਵਿਰੋਧੀ ਨੀਤੀਆਂ ਦੇ ਬੇਰੋਕ ਹਮਲੇ ਨੂੰ ਠੱਲਣ ਲਈ ਸਾਡੇ ਸਮਾਜ ਦੀ ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਨੂੰ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਪਰ ਇਹ ਵੀ ਯਾਦ ਰਹੇ ਕਿ ਸਦਭਾਵਨਾ ਦੇ ਸੱਦੇ ਅਤੇ 'ਅਮਨ-ਮਾਰਚ' ਕਾਫ਼ੀ ਨਹੀਂ। ਇਹ ਢੌਂਗ ਤਾਂ ਸਰਕਾਰ ਅਤ ਹੋਰ ਵੋਟ-ਬਟੋਰੂ ਪਾਰਟੀਆਂ ਵੀ ਬਥੇਰਾ ਕਰ ਰਹੀ ਹਨ। ਲੋਕਪੱਖੀ ਤਾਕਤਾਂ, ਖ਼ਾਸ ਕਰਕੇ ਕਮਿਊਨਿਸਟ ਧਿਰਾਂ ਵਲੋਂ ਸਦਭਾਵਨਾ ਦੇ ਸੱਦਿਆਂ ਤੋਂ ਅੱਗੇ ਜਾਕੇ ਕੋਟਕਪੂਰਾ ਤੇ ਬਹਿਵਲਪੁਰ ਵਿਚ ਢਾਹੇ ਪੁਲਿਸ



ਦੇ ਜ਼ੁਲਮ ਵਿਰੁੱਧ ਆਪਣੇ ਸਿਆਸੀ ਤੇ ਜਨਤਕ ਮੰਚਾਂ ਤੋਂ ਕੋਈ ਸਰਗਰਮੀ ਨਾ ਕਰਨਾ ਬਹੁਤ ਹੀ ਅਫਸੋਸਨਾਕ ਹੈ। ਆਪਣੀ ਇਸ ਭੂਮਿਕਾ ਬਾਰੇ ਕਮਿਊਨਿਸਟਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਆਮ ਸਿੱਖਾਂ ਉਪਰ ਇਸ ਜਬਰ ਬਾਰੇ ਉਹ ਸੰਘਰਸ਼ ਕਿਉਂ ਨਹੀਂ ਕਰਦੇ। ਅਕਾਲ ਤਖ਼ਤ ਦੇ ਅਖਾਉਤੀ ਜਥੇਦਾਰਾਂ ਅਤੇ ਉਨ੍ਹਾਂ ਸਾਰੀਆਂ ਤਾਕਤਾਂ ਦੇ ਘ੍ਰਿਣਤ ਕਿਰਦਾਰ ਬਾਰੇ ਵੀ ਲੋਕਾਂ ਨੂੰ ਜਾਗਰੂਕ ਕਰਨਾ ਜ਼ਰੂਰੀ ਹੈ ਜੋ ਸਿੱਖ ਭਾਈਚਾਰੇ ਦੇ ਧਾਰਮਿਕ ਜਜ਼ਬਾਤਾਂ ਨਾਲ ਖੇਡਕੇ ਉਨ੍ਹਾਂ ਨੂੰ ਬਲਦੀ ਦੇ ਬੂਥੇ ਦਿੰਦੀਆਂ ਹਨ। ਕਾਂਗਰਸੀ ਆਗੂਆਂ ਅਤੇ ਹੋਰ ਸਿਆਸੀ ਧਿਰਾਂ ਦੇ ਸਿਆਸੀ ਨਾਟਕ ਨੂੰ ਵੀ ਬੇਪਰਦ ਕਰਨਾ ਜ਼ਰੂਰੀ ਹੈ ਜੋ ਬਾਦਲ ਹਕੂਮਤ ਵਿਰੁੱਧ ਲੋਕ ਰੋਹ ਨੂੰ ਆਪੋ-ਆਪਣੇ ਵੋਟ ਬੈਂਕ ਵਿਚ ਢਾਲਣਾ ਚਾਹੁੰਦੇ ਹਨ। ਅੱਜ ਹਾਲਾਤ ਪਹਿਲਾਂ ਦੇ ਮੁਕਾਬਲੇ ਇਸ ਕਰਕੇ ਵੀ ਵਧੇਰੇ ਚਿੰਤਾਜਨਕ ਹਨ ਕਿ ਹੁਣ ਹੱਦ ਦਰਜੇ ਦੀ ਘਿਣਾਉਣੀ ਅਤੇ ਬਹੁਤ ਹੀ ਜਥੇਬੰਦ ਦਹਿਸ਼ਤਗਰਦ ਤਾਕਤ ਆਰ.ਐੱਸ.ਐੱਸ. ਪੰਜਾਬ ਵਿਚ ਪੈਰ ਪਸਾਰ ਚੁੱਕੀ ਹੈ ਜੋ ਭਾਈਚਾਰਕ ਸਾਂਝ ਨੂੰ ਤਹਿਸ਼-ਨਹਿਸ਼ ਕਰਨ ਦਾ ਵਿਆਪਕ ਏਜੰਡਾ ਲੈ ਕੇ ਸਰਗਰਮੀ ਨਾਲ ਕੰਮ ਕਰ ਰਹੀ ਹੈ। ਇਨ੍ਹਾਂ ਕੁਲ ਚੁਣੌਤੀਆਂ ਨਾਲ ਟੱਕਰ ਲੈਣ ਲਈ ਸਾਰੀਆਂ ਹੀ ਅਗਾਂਹਵਧੂ ਜਮਹੂਰੀ ਤਾਕਤਾਂ ਨੂੰ ਧੜੱਲੇ ਨਾਲ ਲੋਕ ਏਜੰਡੇ ਨੂੰ ਉਭਾਰਨਾ ਚਾਹੀਦਾ ਹੈ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਐਕਟਰਾਂ ਦੇ ਮਨਸੂਬਿਆਂ ਨੂੰ ਨਾਕਾਮ ਬਣਾਉਂਦੇ ਹੋਏ ਇਕ ਵਾਰ ਫਿਰ ਪੰਜਾਬ ਦੇ ਅਸਲ ਮਸਲਿਆਂ ਉਪਰ ਸੰਘਰਸ਼ ਨੂੰ ਸਿਆਸੀ ਦ੍ਰਿਸ਼ ਦੇ ਕੇਂਦਰ ਵਿਚ ਲਿਆਉਣਾ ਚਾਹੀਦਾ ਹੈ। ਸਭ ਤੋਂ ਵੱਡੀ ਜ਼ਿੰਮੇਵਾਰੀ ਇਨਕਲਾਬੀ ਤਾਕਤਾਂ ਦੀ ਹੈ – ਉਹ ਆਪਣੇ ਰਾਜਸੀ ਏਜੰਡੇ ਨੂੰ ਠੋਸ ਰੂਪ ਦਿੰਦੇ ਹੋਏ ਮੁਤਬਾਦਲ ਇਨਕਲਾਬੀ ਸਿਆਸਤ ਦਾ ਖ਼ਰਾ ਬਦਲ ਪੇਸ਼ ਕਰਨ।

# ਪੂਰਨ ਇਨਸਾਫ਼ ਬਗੈਰ ਨਵੰਬਰ '84 ਭੁਲਾਉਣਾ ਅਸੰਭਵ

**ਤਲਵਿੰਦਰ ਸਿੰਘ ਬੁੱਟਰ**

ਇਤਿਹਾਸਕ ਰੂਪ 'ਚ 1984 ਦਾ ਸਿੱਖ ਵਿਰੋਧੀ ਕਤਲੇਆਮ ਵੀ ਉਸੇ ਤਰ੍ਹਾਂ ਸਿੱਖ ਮਾਨਸਿਕਤਾ 'ਚ ਘੱਲੂਘਾਰਾ ਬਣ ਕੇ ਵੱਸ ਚੁੱਕਾ ਹੈ। ਉਪਲਬਧ ਅੰਕੜਿਆਂ ਅਨੁਸਾਰ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 6 ਨਵੰਬਰ 1984 ਤਕ ਦਿੱਲੀ ਸਮੇਤ ਦੇਸ਼ ਦੇ 18 ਸੂਬਿਆਂ ਦੇ 110 ਦੇ ਲਗਪਗ ਸ਼ਹਿਰਾਂ ਵਿੱਚ 7000 ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਜਾਂ ਕੋਹ ਕੋਹ ਕੇ ਮਾਰ ਦਿੱਤਾ ਗਿਆ ਸੀ। ਹਜ਼ਾਰਾਂ ਧੀਆਂ ਭੈਣਾਂ ਦੀ ਬੇਪਤੀ ਕੀਤੀ ਗਈ। ਕਰੋੜਾਂ ਦੀ ਸੰਪਤੀ ਲੁੱਟੀ ਅਤੇ ਸਾੜ ਦਿੱਤੀ ਗਈ। ਇੱਕ ਦਰਜਨ ਦੇ ਕਰੀਬ ਜਾਂਚ ਕਮਿਸ਼ਨ, 3600 ਤੋਂ ਵਧੇਰੇ ਗਵਾਹ, 31 ਸਾਲ ਦਾ ਵਕਫ਼ਾ ਅਤੇ ਅਦਾਲਤਾਂ 'ਚ ਇਨਸਾਫ਼ ਲਈ ਪੀੜਤਾਂ ਦੀਆਂ ਪੁਕਾਰਾਂ ਹਾਲੇ ਵੀ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕਰ ਸਕੀਆਂ। ਇਕੱਲੇ ਨਵੀਂ ਦਿੱਲੀ 'ਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿੱਚੋਂ ਸਿਰਫ਼ 11 ਮਾਮਲਿਆਂ ਵਿੱਚ 30 ਵਿਅਕਤੀਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ, ਜਿਨ੍ਹਾਂ ਵਿੱਚ ਕਤਲੇਆਮ ਦੇ ਕਿਸੇ ਵੀ ਮੁੱਖ ਸਾਜ਼ਿਸ਼ਕਾਰੀ ਅਤੇ ਅਗਵਾਈ ਕਰਨ ਵਾਲੇ ਵੱਡੇ ਆਗੂ ਨੂੰ ਸਜ਼ਾ ਨਹੀਂ ਮਿਲੀ। ਸਿੱਖਾਂ ਦੀ ਜਾਇਦਾਦ ਦੀ ਸਾੜ-ਫੂਕ ਅਤੇ ਲੁੱਟਮਾਰ ਦੀਆਂ ਇਕੱਲੇ ਨਵੀਂ ਦਿੱਲੀ ਵਿੱਚ ਹੀ 10,897 ਘਟਨਾਵਾਂ ਵਾਪਰੀਆਂ ਪਰ ਇੰਨੀਆਂ ਘਟਨਾਵਾਂ ਬਦਲੇ ਜੇਕਰ ਤੁਛ ਗਿਣਤੀ ਬੰਦਿਆਂ ਨੂੰ ਹੀ ਕੇਵਲ ਮਾਮੂਲੀ ਸਜ਼ਾਵਾਂ ਹੋਈਆਂ ਅਤੇ ਉਹ ਤੁਰੰਤ ਜ਼ਮਾਨਤੀ ਰਿਹਾਅ ਹੋ ਗਏ। ਇਸ ਦੇ ਮੁਕਾਬਲਤਨ ਜੇ ਦੇਖਿਆ ਜਾਵੇ ਤਾਂ ਸਾਲ 2002 'ਚ ਗੁਜਰਾਤ ਕਤਲੇਆਮ ਦੌਰਾਨ 1100 ਦੇ ਲਗਪਗ ਮੁਸਲਮਾਨਾਂ ਦੇ ਕਤਲੇਆਮ ਦੇ ਦੋਸ਼ ਵਿੱਚ ਹੁਣ ਤਕ 130 ਦੋਸ਼ੀਆਂ ਨੂੰ ਉਮਰ ਕੈਦ,



10 ਦੋਸ਼ੀਆਂ ਨੂੰ ਫ਼ਾਂਸੀ ਅਤੇ ਇੱਕ ਤਤਕਾਲੀ ਮੰਤਰੀ ਮਾਇਆ ਕੋਡਨਾਨੀ ਨੂੰ 28 ਸਾਲ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ ਭਾਵੇਂ ਕਿ ਇਨ੍ਹਾਂ ਦੰਗਿਆਂ ਦੇ ਸਰਪ੍ਰਸਤ ਤੇ ਸਾਜ਼ਿਸ਼ਕਾਰ ਹਾਲੇ ਵੀ ਕਾਨੂੰਨ ਦੀ ਗ੍ਰਿਫਤ ਤੋਂ ਬਾਹਰ ਹਨ। ਸਿੱਖ ਕਤਲੇਆਮ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ 'ਚ ਅਜਿਹੀ ਸ਼ਿੱਦਤ ਕਿਉਂ ਨਹੀਂ ਦਿਖਾਈ ਗਈ? ਕਪੂਰ-ਮਿੱਤਲ ਕਮੇਟੀ ਵੱਲੋਂ 1990 'ਚ ਆਪਣੀ ਰਿਪੋਰਟ ਵਿੱਚ ਸਿੱਖ ਕਤਲੇਆਮ ਲਈ ਏਸੀ.ਪੀ. ਤੋਂ ਲੈ ਕੇ ਹੌਲਦਾਰ ਰੈਂਕ ਤਕ ਦੇ 72 ਦੋਸ਼ੀ ਪੁਲੀਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਤੁਰੰਤ ਨੌਕਰੀਆਂ ਤੋਂ ਫ਼ਾਰਗ ਕਰ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ ਪਰ ਇਨ੍ਹਾਂ ਦੋਸ਼ੀ ਪੁਲੀਸ ਵਾਲਿਆਂ ਵਿੱਚੋਂ ਕਿਸੇ ਇੱਕ ਨੂੰ ਵੀ ਨੌਕਰੀ ਤੋਂ ਫ਼ਾਰਗ ਨਹੀਂ ਕੀਤਾ ਗਿਆ। ਸੰਨ 1990 ਵਿੱਚ ਬਣੀ ਜੈਨ ਅਗਰਵਾਲ ਕਮੇਟੀ ਨੇ ਕਾਂਗਰਸੀ ਆਗੂ ਐਚ.ਕੇ.ਐਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਜਗਦੀਸ਼ ਟਾਈਟਲਰ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਸਭ ਤੋਂ ਆਖ਼ਰੀ ਜਾਂਚ ਕਮਿਸ਼ਨ ਨਾਨਾਵਤੀ ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਫ਼ਰਵਰੀ 2004 ਵਿੱਚ ਪੇਸ਼ ਕੀਤੀ ਸੀ। ਕਮਿਸ਼ਨ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਅਤੇ ਐਚ.ਕੇ.ਐਲ. ਭਗਤ ਖ਼ਿਲਾਫ਼ ਸਿੱਖ ਵਿਰੋਧੀ ਕਤਲੇਆਮ ਵੇਲੇ ਹਿੰਸਾ ਨੂੰ ਭੜਕਾਉਣ ਦੇ ਪੁਖਤਾ ਸਬੂਤ ਹੋਣ ਦਾ ਦਾਅਵਾ ਕੀਤਾ ਸੀ। ਇਸ ਦੇ ਨਾਲ ਹੀ ਇਸ ਕਮਿਸ਼ਨ ਨੇ ਦਿੱਲੀ ਪੁਲੀਸ ਦੇ ਤਤਕਾਲੀ ਕਮਿਸ਼ਨਰ ਐਸ.ਸੀ. ਟੰਡਨ ਨੂੰ ਸਿੱਧੇ ਤੌਰ 'ਤੇ ਕਤਲੇਆਮ ਲਈ ਜ਼ਿੰਮੇਵਾਰ ਕਰਾਰ ਦਿੱਤਾ ਸੀ। ਇਸ ਦੇ ਬਾਵਜੂਦ ਅੱਜ ਤਕ ਦੋਸ਼ੀਆਂ ਨੂੰ ਨਿਆਂਪਾਲਿਕਾ ਦੇ ਕਟਹਿਰੇ ਵਿੱਚ ਖੜ੍ਹਾ ਕਰਕੇ ਮਿਸਾਲੀ ਸਜ਼ਾਵਾਂ ਦੇਣ ਦੀ ਥਾਂ ਸਮੇਂ ਸਮੇਂ ਹਰ ਕਿਸਮ ਦੀਆਂ ਰੰਗ ਬਿਰੰਗੀਆਂ ਸਰਕਾਰ ਨੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ ਹੈ। ਇਨਸਾਫ਼ ਮੰਗਣ ਵਾਲੇ ਪੀੜਤਾਂ ਨੂੰ ਧਮਕਾਇਆ ਜਾ ਰਿਹਾ ਹੈ ਅਤੇ ਅਦਾਲਤਾਂ 'ਚ ਖੱਜਲ ਕੀਤਾ ਜਾ ਰਿਹਾ ਹੈ।

ਨਾਨਾਵਤੀ ਕਮਿਸ਼ਨ ਦੀ ਸਿਫ਼ਾਰਿਸ਼ 'ਤੇ ਸਾਲ 2005 'ਚ ਯੂ.ਪੀ.ਏ. ਦੀ ਕੇਂਦਰ ਸਰਕਾਰ ਨੇ ਸਿੱਖ ਕਤਲੇਆਮ ਪੀੜਤਾਂ ਦੇ ਮੁੜ ਵਸੇਬੇ ਲਈ 715 ਕਰੋੜ ਰੁਪਏ ਦਾ ਪੈਕੇਜ ਐਲਾਨਿਆ ਸੀ। ਇਸ ਵਿੱਚੋਂ ਵੱਖ ਵੱਖ ਸੂਬਿਆਂ ਵਿੱਚ ਰਹਿੰਦੇ ਪੀੜਤਾਂ ਲਈ ਰਾਸ਼ੀ ਦੀ ਵੰਡ ਕੀਤੀ ਗਈ ਸੀ ਪਰ ਇਹ ਰਾਹਤ ਰਾਸ਼ੀ ਵੀ ਪੀੜਤਾਂ ਦੀ ਜ਼ਿੰਦਗੀ ਲੀਹ 'ਤੇ ਨਹੀਂ ਲਿਆ ਸਕੀ। ਕਈ ਥਾਵਾਂ 'ਤੇ ਤਾਂ ਅਜੇ ਤਕ ਪੀੜਤਾਂ ਨੂੰ ਰਾਹਤ ਰਾਸ਼ੀ ਮਿਲ ਹੀ ਨਹੀਂ ਸਕੀ। ਜਿਹੜੇ ਉਜੜ ਕੇ ਪੰਜਾਬ ਆ ਗਏ, ਉਨ੍ਹਾਂ ਦੇ ਘਰ-ਘਾਟ, ਕਾਰੋਬਾਰ, ਜਾਇਦਾਦਾਂ ਖੁੱਸ ਗਈਆਂ। ਕੁਝ ਕੁ ਹਾਲੇ ਵੀ, ਦੋ ਵੇਲੇ ਦੀ ਰੋਟੀ ਨੂੰ ਵੀ ਤਰਸ ਰਹੇ ਹਨ। ਦਿੱਲੀ 'ਚ ਰਹਿੰਦੇ ਪੀੜਤਾਂ ਨੂੰ ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਬੇਵਸੀ 31 ਸਾਲ ਪੁਰਾਣੇ ਜ਼ਖ਼ਮਾਂ 'ਤੇ ਅੰਗੂਰ ਨਹੀਂ ਆਉਣ ਦੇ ਰਹੀ। ਅੱਜ ਦੇ ਆਧੁਨਿਕ ਭਾਰਤ ਦੀ ਰਾਜਧਾਨੀ ਦਿੱਲੀ 'ਚ ਸਿੱਖ ਕਤਲੇਆਮ ਪੀੜਤਾਂ ਦੀਆਂ ਕਲੋਨੀਆਂ ਦੀ ਤਸਵੀਰ ਕਿਸੇ 'ਸਲੱਮ ਬਸਤੀ' ਤੋਂ ਚੰਗੀ ਨਹੀਂ ਹੈ। ਸਿੱਖ ਵਿਰੋਧੀ ਕਤਲੇਆਮ ਦੇ ਇਨਸਾਫ਼ ਲਈ ਪੀੜਤ ਮੁਲਕ ਦੀ ਅਦਾਲਤ 'ਚ ਗਏ ਪਰ ਨਿਆਂ ਦੇ ਮੰਦਰਾਂ ਵਿੱਚੋਂ ਇਨਸਾਫ਼ ਨਹੀਂ ਮਿਲ ਸਕਿਆ ਅਤੇ ਸਰਕਾਰਾਂ ਪੀੜਤਾਂ ਦਾ ਪੂਰਨ ਮੁੜ-ਵਸੇਬਾ ਨਹੀਂ ਕਰ ਸਕੀਆਂ। ਦੋਸ਼ੀ ਸੱਤਾ 'ਚ ਬੈਠੇ ਹਨ, ਪੀੜਤ ਦਰ ਦਰ ਠੋਕਰਾਂ ਖਾ ਰਹੇ ਹਨ, ਇਸ ਮਰਹੱਲੇ 'ਚ 1984 ਦੇ ਕਤਲੇਆਮ ਨੂੰ ਕਿਵੇਂ ਭੁੱਲਿਆ ਜਾ ਸਕਦਾ ਹੈ?

ਕਾਂਗਰਸ ਨੂੰ ਬੀਤੇ ਤੋਂ ਸਬਕ ਸਿੱਖਦਿਆਂ ਸਿੱਖ ਹਿਰਦਿਆਂ ਨੂੰ ਸ਼ਾਂਤ ਕਰਨ ਲਈ ਜਿੱਥੇ 'ਸਿੱਖ ਵਿਰੋਧੀ ਕਤਲੇਆਮ' ਦੇ ਦੋਸ਼ ਕਬੂਲਣੇ ਚਾਹੀਦੇ ਹਨ ਉੱਥੇ ਦੋਸ਼ੀਆਂ ਦੀ ਪੁਸ਼ਤ-ਪੁਨਾਹੀ ਬੰਦ ਕਰਨੀ ਹੋਵੇਗੀ। ਵਿਰੋਧੀ ਧਿਰ 'ਚ ਹੁੰਦਿਆਂ ਭਾਜਪਾ ਵੱਲੋਂ ਕਾਂਗਰਸ ਨੂੰ ਸਿੱਖ ਵਿਰੋਧੀ ਕਤਲੇਆਮ ਲਈ ਸਿਆਸੀ ਫਰੰਟ 'ਤੇ ਘੇਰਿਆ ਜਾਂਦਾ ਰਿਹਾ ਹੈ ਪਰ ਹੁਣ ਕੇਂਦਰ 'ਚ ਭਾਜਪਾ ਦੇ ਬਹੁਮਤ ਵਾਲੀ ਸਰਕਾਰ ਨੂੰ ਇਨਸਾਫ਼ ਦੀ ਕਵਾਇਦ 'ਚ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕਰਕੇ ਮਿਸਾਲੀ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਦੇਸ਼ ਦੀ ਪਾਰਲੀਮੈਂਟ ਨੂੰ ਸਰਕਾਰੀ ਸਰਪ੍ਰਸਤੀ ਹੇਠ ਹੋਏ 'ਸਿੱਖ ਵਿਰੋਧੀ ਕਤਲੇਆਮ' ਲਈ ਮੁਆਫ਼ੀ ਮੰਗਣੀ ਮੰਗਣ ਦੇ ਨਾਲ ਨਾਲ ਪੀੜਤਾਂ ਦੇ ਪੂਰਨ ਰੂਪ 'ਚ ਮੁੜ-ਵਸੇਬੇ ਲਈ ਵੱਡੀ ਪਹਿਲਕਦਮੀ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਸਿੱਖਾਂ ਅਤੇ ਪੰਜਾਬ ਦੇ ਉਨ੍ਹਾਂ ਚਿਰੋਕਣੇ ਮਸਲਿਆਂ ਨੂੰ ਵੀ ਫ਼ੌਰੀ ਹੱਲ ਕਰਨਾ ਚਾਹੀਦਾ ਹੈ, ਜਿਹੜੇ 1984 ਦੇ ਘੱਲੂਘਾਰੇ ਦੀ ਪਿੱਠਭੂਮੀ ਨਾਲ ਜੁੜੇ ਹੋਏ ਹਨ।

ਮੋਬਾਈਲ: 98780-70008



GILL
Truck & Trailer Repair and Mobile Service
"Hiring Full and Part Time mechanics"
Open 7 days a week and,
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic


Kulwant Singh Punnu
Sales Representative
416.276.1566
k.pannu@hotmail.com
Century 21
Century 21 Green Realty Inc. Brokerage
Bus : 905.565.9565
Fax : 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated. Trademarks of AIRMILES International Trading B.V. used under license by Loyalty Management Gruop Canada Inc. and Century 21 Canada Ltd. Partnership

**ਮੌਜੂਦਾ ਵਿਸ਼ਵ ਪੂੰਜੀਵਾਦ ਸੰਕਟ**

# ਸਾਮਰਾਜੀ ਪੂੰਜੀ ਦਾ ਤਾਜਾ ਸ਼ਿਕਾਰ- ਸਿਕੰਦਰ ਮਹਾਨ ਦਾ ਦੇਸ਼ ਯੂਨਾਨ



ਨਰਭਿੰਦਰ

ਕਿਸੇ ਵੇਲੇ, ਦੁਨੀਆਂ ਨੂੰ ਜਿੱਤਣ ਦਾ ਸੁਪਨਾ ਸੱਚ ਕਰਣ ਲਈ ਸਾਰੀ ਦੁਨੀਆਂ ਨੂੰ ਵਕਤ ਪਾਉਣ ਵਾਲੇ ਸਿਕੰਦਰ ਮਹਾਨ ਦਾ ਦੇਸ਼ ਯੁਨਾਨ (ਗਰੀਸ),ਅੱਜ ਖੁਦ ਸਾਮਰਾਜੀ ਪੂੰਜੀਵਾਦ ਹਥੋਂ ਮਾਰ ਖਾ ਗਿਆ ਹੈ। ਅੱਜੋਕੇ ਯੁੱਗ ਦੀ ਮਹਾਂਸ਼ਕਤੀ ਪੂੰਜੀਵਾਦ ਆਪਣੇ ਧੜਵੈਲ ਰਵੱਈਏ ਨਾਲ ਸਾਰੇ ਦੇਸ਼ਾਂ ਦੀਆਂ ਹੱਦਬੰਦੀਆਂ ਲੰਘਕੇ ਆਪਣੀ ਨਿਰੰਕੁਸ਼ ਤਾਕਤ ਦਾ ਬੇਖੌਫ ਵਿਖਾਵਾ ਕਰਕੇ ਤਰੱਕੀਜਾਫਤਾ ਅਤੇ ਗਰੀਬ ਦੇਸ਼ਾਂ ਦੀ ਮਿਹਨਤਕਸ਼ ਜਮਾਤ ਲਈ ਮੁਸ਼ਿਕਲਾਂ ਖੜ੍ਹੀਆਂ ਕਰ ਰਿਹਾ ਹੈ। ਇਥੇ ਸਾਮਰਾਜੀ ਪੂੰਜੀ ਦੀ ਸਿੱਧੀ ਦਖਲਅੰਦਾਜੀ ਅਤੇ ਇਸਦਾ ਆਰਥਿਕ ਸੰਕਟ ਦੁਨੀਆਂ ਦੇ ਅਰਥਸ਼ਾਸਤਰੀਆਂ ਵਾਸਤੇ ਅਧਿਅਨ ਯੋਗ ਹੈ । ਕਿਸ ਤਰ੍ਹਾਂ ਸਾਮਰਾਜੀ ਪੂੰਜੀ, ਆਪਣੇ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਰਾਹੀਂ ਕਿਸੇ ਦੇਸ਼ ਵਿਚ ਘੁਸਪੈਠ ਕਰਕੇ ਪੈਰ ਜਮਾਉਂਦੀ ਹੈ, ਫਿਰ ਉਸ ਦੇਸ਼ ਦੀ ਅਰਥ ਵਿਵਸਥਾ ਨੂੰ ਕੰਗਾਲ ਕਰਕੇ ਦੀਵਾਲੀਆ ਬਣਾ ਦਿੰਦੀ ਹੈ, ਅਤੇ ਉਲਟਾ ਉਸੇ ਦੇਸ਼ ਵਿਰੁੱਧ ਦੋਸ਼ ਵੀ ਮੜ੍ਹ ਦਿੰਦੀ ਹੈ ਜਿਵੇਂ ਗਰੀਸ ਸਰਕਾਰ ਉਤੇ ਲਾਇਆ ਹੈ, ਕਿ 'ਗਰੀਸ ਵਾਲੇ ਬਹੁਤ ਲੰਮੇ ਸਮੇਂ ਤੋਂ ਆਪਣੀ ਆਰਥਿਕ ਔਕਾਤ ਤੋਂ ਵੱਧ ਕੇ ਪੈਸਾ ਫੂਕਦੇ ਆਏ ਹਨ। ਕਿੰਨੀ ਢੀਠਤਾਈ ਹੈ ਪੂੰਜੀ ਪ੍ਰਬੰਧ ਦੇ ਚਲਣ 'ਚ। ਪਹਿਲਾਂ ਕਿਸੇ ਦੇਸ਼ ਦੀ ਵੱਸੋਂ ਵਿਚ ਉਪਭੋਗਤਾ ਸੱਭਿਆਚਾਰ ਪੈਦਾ ਕਰੋ, ਫਿਰ ਸਹਿਜੇ ਸਹਿਜੇ ਉਹਦੀ ਅਰਥ ਵਿਵਸਥਾ ਨੂੰ ਕੁਝ ਹੱਥਾਂ 'ਚ ਕੇਂਦਰਤ ਕਰ ਦਿਓ। ਬਹੁਕੌਮੀ ਕਾਰਪੋਰੇਸ਼ਨਾਂ ਨੂੰ ਪੂਰੀ ਮੰਡੀ 'ਚ ਖੁੱਲ੍ਹੀ ਦਖ਼ਲਅੰਦਾਜ਼ੀ ਤੇ ਮਾਲਕੀ ਸਥਾਪਤ ਕਰਕੇ ਸਰਕਾਰਾਂ ਨੂੰ ਨਿਪੁੰਸਕ ਬਣਾ ਦਿਓ। ਜਦੋਂ ਨਤੀਜੇ ਵਜੋਂ ਉਹਦੀ ਅਰਥ ਵਿਵਸਥਾ ਪੂਰੀ ਤਰ੍ਹਾਂ ਖੜ੍ਹੋਤ 'ਚ ਆ ਜਾਵੇ ਤਾਂ ਫਿਰ ਸਾਰੀਆਂ ਕਾਲੀਆਂ ਕਰਤੂਤਾਂ ਤੋਂ ਪੱਲਾ ਝਾੜ ਲਓ। ਉਦਾਰੀਕਰਨ, ਬਾਜ਼ਾਰੀਕਰਨ ਵਾਲੇ ਕਾਰਪੋਰੇਟੀ ਪੂੰਜੀ ਦਾ ਇਹੋ ਕਮੀਨਾ ਚਰਿੱਤਰ ਹੈ ਜਿਹੜਾ ਗਰੀਸ ਆਰਥਿਕ ਸੰਕਟ 'ਚੋਂ ਦੁਨੀਆ ਦੇ ਸਾਹਮਣੇ ਆਇਆ ਹੈ। ਅਜੇ ਵੀ ਕਾਰਪੋਰੇਟੀ ਪੂੰਜੀ ਦੇ ਕੰਧਾੜੇ ਚੜ੍ਹੀਆਂ ਬਾਕੀ ਸੰਸਾਰ ਦੀਆਂ ਸਰਕਾਰਾਂ ਅਤੇ ਅਰਥ ਵਿਵਸਥਾ ਇਸ ਤੋਂ ਸਿੱਖਣ ਦੀ ਕੋਸ਼ਿਸ਼ ਕੀਤੇ ਬਗੈਰ, ਉਸੇ ਭੇਡ-ਚਾਲ ਵਿੱਚ ਸ਼ਾਮਲ ਹੋਕੇ ਅਨ੍ਹੇਖੂਹ ਵੱਲ ਵਧ ਰਹੀਆਂ ਹਨ । ਪਰ ਨਿੱਜੀਕਰਨ ਉਦਾਰੀਕਰਨ ਦਾ ਵਿਰੋਧ ਕਰ ਰਹੇ ਹਨ ਬੁੱਧੀਜੀਵੀਆਂ ਨੂੰ, ਇਸ ਵਿਵਸਥਾ ਦੇ ਮੁਕਬਾਲੇ ਲੋਕ ਪੱਖੀ ਅਰਥ ਵਿਵਸਥਾ ਦਾ ਵਿਸਥਾਰਤ ਮਾਡਲ ਪੇਸ਼ ਕਰਨਾ ਪਵੇਗਾ। ਖ਼ੈਰ ਇਹ ਸਵਾਲ ਨੂੰ ਫੇਰ ਲੈਂਦਿਆਂ ਅਸੀਂ ਪਹਿਲਾਂ ਗਰੀਸ ਦੇ ਸੰਕਟ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

ਸਿਕੰਦਰ ਮਹਾਨ ਵਾਲੇ ਯੁਨਾਨ ਦਾ ਆਧੁਨਿਕ ਗਰੀਸ ਦੇਸ਼ ਪਹਿਲੀ ਸੰਸਾਰ ਜੰਗ ਪਿਛੋਂ ਹੋਂਦ 'ਚ ਆਇਆ। ਇਸ ਦੀ ਕੇਂਦਰੀ ਰਾਜਕੀ ਵਿਵਸਥਾ ਨੇ ਨਾ ਸਿਰਫ਼ ਲੋਕਾਂ ਦਾ ਸਥਾਨਕ ਪੱਧਰ ਉਤੇ ਚੁਣੇ ਪ੍ਰਬੰਧ ਦੀ ਪ੍ਰਭੂ ਸੱਤਾ ਸਥਾਪਤ ਕੀਤੀ, ਸਗੋਂ ਸਿੱਖਿਆ, ਸਿਹਤ, ਆਵਾਜਾਈ ਵਰਗੀਆਂ ਕਈ ਨਾਗਰਿਕ ਜ਼ਿੰਮੇਵਾਰੀਆਂ ਨੂੰ ਆਪਣੇ ਹੱਥ ਲਿਆ ਅਤੇ 1925 'ਚ ਸਕੂਲਾਂ, ਹਸਪਤਾਲਾਂ ਅਤੇ ਦੂਸਰੀਆਂ ਸੰਸਥਾਵਾਂ ਦਾ ਕੌਮੀਕਰਨ ਕੀਤਾ ਅਤੇ ਉਹਦੇ ਸੰਚਾਲਨ ਦਾ ਪ੍ਰਬੰਧ ਟਰੱਸਟ 'ਤੇ ਹੋਰ ਅਦਾਰਿਆਂ ਤੋਂ ਖੋਹ ਕੇ ਕੇਂਦਰੀ ਸਰਕਾਰ ਵਲੋਂ ਨਿਯੁਕਤ ਸਰਕਾਰੀ ਢਾਂਚੇ ਦੇ ਹੱਥਾਂ 'ਚ ਦੇ ਦਿੱਤਾ। ਜਦੋਂ ਕਿ ਇਸ ਤੋਂ ਪਹਿਲਾਂ ਉਥੇ ਅਟੌਮਨ ਹਕੂਮਤ ਦੀ ਪ੍ਰੰਪਰਾ ਕਾਇਮ ਸੀ ਅਤੇ ਅਕੈਕਜ਼ਡਰੀਆਂ, ਉੜੇਸਾ, ਸਾਲੋਨਿਕਾ, ਸਿਮਰਨਾ ਵਰਗੇ ਵਪਾਰਕ ਸ਼ਹਿਰਾਂ ਵਿਚ ਸਕੂਲ, ਹਸਪਤਾਲ ਅਤੇ ਹੋਰ ਸਰਵਜਨਕ ਸੰਸਥਾਵਾਂ ਉਥੋਂ ਦੇ ਸਥਾਨਕ ਸਮੁਦਾਏ ਵਲੋਂ ਚਲਾਏ ਜਾਂਦੇ ਸਨ। ਉਨ੍ਹੀਂ ਦਿਨੀਂ ਗਰੀਸ ਦੇ ਸਥਾਨਕ ਸਮੁਦਾਇਕ ਸੰਗਠਨ ਆਰਥਿਕ ਰਾਜਨੀਤਕ ਤੌਰ 'ਤੇ ਕਾਫ਼ੀ ਤਾਕਤਵਰ ਸਨ ਅਤੇ ਉਨ੍ਹਾਂ ਦੀ ਬੁਨਿਆਦ ਉਤੇ ਹੀ 19ਵੀਂ ਸਦੀ ਦੇ ਅੰਤ ਤੱਕ ਇਹ ਦੇਸ਼, ਦੱਖਣ ਪੂਰਬੀ ਯੂਰਪ ਦੇ ਸਭ ਤੋਂ ਵੱਧ ਸੰਪੰਨ ਰਾਸ਼ਟਰਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ ਸੀ। ਪਰ ਜਿਵੇਂ ਜਿਵੇਂ ਰਾਜ ਦੀਆਂ ਤਾਕਤਾਂ ਕੇਂਦਰਤ ਹੁੰਦੀਆਂ ਗਈਆਂ ਅਤੇ ਇਕ ਕੇਂਦਰੀ ਕਿਰਤ ਗਰੀਸ ਰਾਜ ਦੀਆਂ ਸੀਮਾਵਾਂ ਦਾ ਵਿਸਥਾਰ ਹੁੰਦਾ ਗਿਆ ਅਤੇ ਨਾਗਰਿਕ ਸਹੂਲਤਾਂ ਨੂੰ ਉਪਲਬਧ ਕਰਾਉਣ ਦਾ ਭਾਰ ਸਰਕਾਰ ਉਤੇ ਵਧਦਾ ਗਿਆ ਤਾਂ ਨਿੱਜੀ ਪੂੰਜੀ ਇਸ ਨੂੰ ਬੋਝ ਮੰਨਣ ਲੱਗੀ । ਨਿੱਜੀ ਪੂੰਜੀ ਦੇ ਮੁਨਾਫ਼ੇ ਦੇ ਵਿਸਥਾਰ ਲਈ 1880 ਦੇ ਦਹਾਕੇ 'ਤੇ ਅਖੀਰ ਵਿਚ ਗਰੀਸ ਸਰਕਾਰ ਨੇ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ 'ਚ ਕਟੌਤੀਆਂ ਸ਼ੁਰੂ ਕਰ ਦਿੱਤੀਆਂ ਜਿਸ ਪਿਛੋਂ ਮਜ਼ਦੂਰਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਆਮ ਲੋਕਾਂ ਦਾ ਤਿੱਖਾ ਰੋਹ ਵੱਖ-ਵੱਖ ਸ਼ਕਲਾਂ 'ਚ ਪ੍ਰਗਟ ਹੋਇਆ। ਸ਼ੁਰੂਆਤੀ ਆਰਥਿਕ ਸੰਕਟ ਨਾਲ ਨਿਪਟਣ ਲਈ ਯੂਰਪੀਨ ਸੰਘ ਨੇ ਗਰੀਸ ਸਰਕਾਰ ਨੂੰ ਬਿਨਾਂ ਸ਼ਰਤ ਦਿੱਤੀ ਵਿੱਤੀ ਸਹਾਇਤਾ ਦਿੱਤੀ। ਗਰੀਸ ਸਰਕਾਰ ਨੂੰ ਹੋਰ ਕੌਮਾਂਤਰੀ ਸੰਸਥਾਵਾਂ ਵਲੋਂ ਵੀ ਸਸਤੀਆਂ ਦਰਾਂ ਉਤੇ ਕਰਜ਼ੇ ਮਿਲਣੇ ਸ਼ੁਰੂ ਹੋ ਗਏ ਪਰ ਇਹਦੇ ਬਾਵਜੂਦ ਉਹਦਾ ਆਰਥਿਕ ਸੰਕਟ ਰੁਕਿਆ ਨਹੀਂ ਸਗੋਂ ਵਧਦਾ ਹੀ ਗਿਆ। ਯੂਰਪੀਨ ਸੰਘ ਦੀ ਇਕ ਅੰਕੜਾ ਇਕੱਠਾ ਕਰਨ ਵਾਲੀ ਏਜੰਸੀ 'ਯੂਰੋਸਵੇਵ' ਦੇ ਮੁਤਾਬਕ ਗਰੀਸ ਦੀ ਕੌਮੀ ਆਮਦਨੀ ਵਿਚ ਸਿਵਲ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਵਿਚ ਖਰਚ ਹੋਣ ਵਾਲੀ ਰਾਸ਼ੀ ਸਾਲ 2000 ਵਿਚ ਵੱਧ ਕੇ 38 ਫੀਸਦੀ ਹੋ ਗਈ। ਸਰਕਾਰ ਨੇ ਜਦੋਂ ਇਸ ਖਰਚੇ 'ਚ ਕਟੌਤੀਆਂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਤਨਖਾਹਦਾਰ ਅਤੇ ਪੈਨਸ਼ਨ ਹਾਸਲ ਕਰਨ ਵਾਲਿਆਂ ਵਿਚ ਵਿਆਪਕ ਰੋਹ ਫੈਲ ਗਿਆ। ਸਰਕਾਰੀ ਕਾਮਿਆਂ ਦੇ ਇਸ ਰੋਹ ਤੋਂ ਬਚਨ ਲਈ ਗਰੀਸ ਸਰਕਾਰ 19 ਜੂਨ 2000 ਨੂੰ ਯੂਰਪੀਨ ਯੂਨੀਅਨ ਅਤੇ 1 ਜਨਵਰੀ 2001 ਨੂੰ ਯੂਰੋਜ਼ੋਨ ਵਿਚ ਸ਼ਾਮਲ ਹੋ ਗਈ ਅਤੇ ਉਹਨੇ ਯੂਰੋ (ਯੂਰਪੀਨ ਯੂਨੀਅਨ ਦੀ ਸਾਂਝੀ ਕਰੰਸੀ) ਨੂੰ ਆਪਣੀ ਕਰੰਸੀ ਵਜੋਂ ਅਪਣਾ ਲਿਆ।

ਯੂਰਪੀਨ ਜ਼ੋਨ 'ਚ ਸ਼ਾਮਲ ਹੋਣ ਤੋਂ ਪਿਛੋਂ ਗਰੀਸ ਸਰਕਾਰ ਨੂੰ ਯੂਰਪੀਨ ਸੰਘ ਦੀਆਂ ਸ਼ਰਤਾਂ ਮੁਤਾਬਕ 'ਆਰਥਿਕ ਸੁਧਾਰ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਪਿਆ। ਪਹਿਲੇ ਪੜ੍ਹਾਅ 'ਚ ਗਰੀਸ ਨੇ ਟੈਲੀਕਾਮ (ਟੈਲੀਫੋਨ ਨੈਟਵਰਕ) ਅਤੇ ਬੈਂਕਿੰਗ ਪ੍ਰਬੰਧ ਨੂੰ ਨਵਾਂ


Rush Lube Inc.
Complete Truck Repairs & Truck Wash with Drive Thru Truck Services
Jaskaranjit Singh (Jas)

TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

STARLINE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਰੂਪ ਦਿੱਤਾ। ਯੂਰਪੀਨ ਕੇਂਦਰੀ ਬੈਂਕ ਨੇ ਵਿੱਤੀ ਸਹਾਇਤਾ ਦੇ ਕੇ ਗਰੀਸ ਦੇ ਸ਼ਿਪਿੰਗ ਉਦਯੋਗ (ਮਰਚੈਂਟ ਨੇਵੀ) ਨੂੰ ਵਿਸ਼ਵ ਪੱਧਰ ਦੇ ਮੁਕਾਬਲ ੇਦਾ ਬਣਾ ਦਿੱਤਾ ਅਤੇ ਕਾਰਪੋਰੇਟ ਨਿਗਮਾਂ ਦੇ ਕਾਰੋਬਾਰ ਨੂੰ ਬਾਲਕਾਨ ਖੇਤਰ ਤੱਕ ਫੈਲਾ ਦਿੱਤਾ। ਫੌਰੀ ਤੌਰ 'ਤੇ ਇਹ ਸੁਧਾਰ ਬੜੇ ਲੁਭਾਵੇਂ ਅਤੇ ਦਿਲ ਖਿੱਚਵੇਂ ਸਨ। ਸੋ 2001 ਤੋਂ 2007 ਦਰਮਿਆਨ ਗਰੀਸ ਦਾ ਸ਼ਕਲ ਘਰੇਲੂ ਪੈਦਾਵਾਰ ਵਧ ਕੇ ਸਲਾਨਾ 4.11 ਫੀਸਦੀ ਹੋ ਗਿਆ ਜਿਹੜਾ ਕਿ 1981-1990 ਅਤੇ 1991 ਤੋਂ 2000 ਦੇ ਵਿਚਕਾਰ ਕ੍ਰਮਵਾਰ 0.70 ਅਤੇ 2.36 ਫੀ ਸਦੀ ਹੀ ਸੀ ਪਰ ਜਦੋਂ ਗਰੀਸ ਦਾ ਕਰਜ਼ ਬੌਝਾ ਇੱਕ ਸੀਮਾ ਪਾਰ ਕਰ ਗਿਆ ਅਤੇ ਇਸੇ ਦੌਰਾਨ ਵਿਸ਼ਵ ਦੀ ਅਰਥ ਵਿਵਸਥਾ ਵਿੱਤੀ ਸੰਕਟ ਦੀ ਲਪੇਟ 'ਚ ਆ ਗਈ ਤਾਂ ਇਸ ਨੇ ਗਰੀਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਯੂਰਪੀਨ ਯੂਨੀਅਨ ਅਤੇ ਹੋਰ ਵਿੱਤੀ ਸੰਸਥਾਵਾਂ ਦੇ ਕਰਜ਼ਿਆਂ ਦੀ ਵਾਪਸੀ ਪ੍ਰਭਾਵਿਤ ਹੋਈ। 2008 ਤੋਂ 2011 ਦਰਮਿਆਨ ਗਰੀਸ ਦੀ ਘਰੇਲੂ ਪੈਦਾਵਾਰ (ਜੀ.ਡੀ.ਸੀ.) ਵਿਚ ਸਲਾਨਾ -3.825 ਦੀ ਗਿਰਾਵਟ ਆਈ, ਜਿਹੜੀ 2012 'ਚ ਹੋਰ ਗਿਰਕੇ -7.0 ਫੀਸਦੀ ਤੱਕ ਪਹੁੰਚ ਗਈ ਅਤੇ 2013 ਵਿਚ -3.9 ਫੀਸਦੀ ਰਹੀ 2014 ਵਿਚ ਇਹ ਗਿਰਾਵਟ ਜਾਰੀ ਰਹੀ। ਦੂਸਰੇ ਪਾਸੇ ਸਰਕਾਰੀ ਕਰਜ਼ਿਆਂ ਦੀ ਕੁੱਲ ਫੀਸਦੀ ਕੌਮੀ ਆਮਦਨ ਦੇ ਮੁਕਾਬਲੇ ਵਧਦੀ ਗਈ। ਸਾਲ 2000 ਵਿਚ ਕੁੱਲ ਕੌਮੀ ਆਮਦਨ 'ਚੋਂ 38 ਫੀਸਦੀ ਹਿੱਸਾ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ 'ਚ ਜਾਂਦਾ ਸੀ, 2009 'ਚ ਵਧ ਕੇ 55 ਫੀਸਦੀ ਹੋ ਗਿਆ ਅਤੇ ਬਜਟ ਘਾਟੇ ਦਾ ਦੌਰ ਸ਼ੁਰੂ ਹੋ ਗਿਆ ਜਿਹੜਾ 2013 ਵਿਚ ਕੁੱਲ ਜੀ.ਡੀ.ਪੀ. ਦਾ 12.2 ਫੀਸਦੀ ਸੀ। ਇਸ ਸਭ ਦੇ ਸਿੱਟੇ ਵਜੋਂ ਸਾਲ 2014 ਵਿਚ ਬੇਰੁਜ਼ਗਾਰਾਂ ਦੀ ਗਿਣਤੀ 26 ਫੀਸਦੀ ਤੱਕ ਪਹੁੰਚ ਗਈ ਹਾਲਾਂਕਿ ਜੇ ਇਕੱਲੀ ਬੇਰੁਜ਼ਗਾਰੀ ਦੇ ਤੱਥ ਹੀ ਵਾਚਨੇ ਹੋਣ ਤਾਂ ਇਸ ਵੇਲੇ 65 ਫੀਸਦੀ ਗਰੀਸ ਦੇ ਨੌਜਵਾਨ ਬੇਰੁਜ਼ਗਾਰ ਹਨ। ਆਮ ਲੋਕਾਂ ਲਈ ਰੁਜ਼ਾਗਰ ਲੱਭਣਾ ਇਕ ਵੱਡੀ ਸਮੱਸਿਆ ਬਣ ਗਈ ਹੈ। ਕੰਮ ਕਰ ਰਹੇ ਲੋਕਾਂ ਨੂੰ ਸਮੇਂ ਸਿਰ ਤਨਖਾਹ ਹੀ ਨਹੀਂ ਮਿਲ ਰਹੀ। ਜੇਮਜ਼ ਏਂਜੇਲੋਜ ਦੀ ਕਿਤਾਬ 'ਦਾ ਫੁੱਲ ਕੈਟਾਸਟਰੋਫ : ਟਰੈਵਲ ਅਮੰਗ ਦਾ ਨਿਊ ਗਰੀਕ ਕੂਇਨਸ' ਵਿਚ ਨੋਟ ਕੀਤਾ ਗਿਆ ਹੈ ਕਿ "ਆਰਥਿਕ ਸੰਕਟ ਨਾਲ ਨੌਜਵਾਨ ਪਰਿਵਾਰ ਵਿਸ਼ੇਸ਼ ਤੌਰ 'ਤੇ ਤਬਾਹ ਹੋਏ ਹਨ। ਗਰੀਕ ਦੇ 40 ਫੀਸਦੀ ਬੱਚੇ ਗਰੀਬੀ ਰੇਖਾ ਤੋਂ ਹੇਠਾਂ ਗੁਜ਼ਾਰਾ ਕਰਦੇ ਹਨ। ਗਰੀਸ ਦਾ ਇਹ ਆਰਥਿਕ ਸੰਕਟ ਦਰਅਸਲ ਗਰੀਸ ਦੀ ਆਰਥਿਕਤਾ ਦੇ ਵਿਕਾਸ 'ਚ ਖੜੋਤ ਦਾ ਸੰਕਟ ਨਹੀਂ। ਇਹ ਸੰਕਟ ਗਰੀਸ ਦੀ ਅਰਥ ਵਿਵਸਥਾ ਦਾ ਅਮਰੀਕੀ ਹਿੱਤਾਂ ਦੀ ਬੁਨਿਆਦ ਉਤੇ ਉਸਾਰਿਆ ਜਾਣ ਦੇ ਸਿੱਟੇ ਵਜੋਂ ਪ੍ਰਗਟ ਹੋਇਆ ਹੈ। ਅਮਰੀਕੀ ਅਰਥ ਸ਼ਸਤਰੀ ਬੜੀ ਚਲਾਕੀ ਨਾਲ ਵਿਕਾਸਸ਼ੀਲ ਦੇਸ਼ਾਂ 'ਚ ਸਲਾਹਕਾਰ ਦੇ ਤੌਰ 'ਤੇ ਆਈ. ਐਮ. ਐਫ. ਅਤੇ ਵਿਸ਼ਵ ਬੈਂਕ ਦੀਆਂ ਸੰਸਥਾਵਾਂ ਰਾਹੀਂ ਦਾਖ਼ਲ ਹੁੰਦੇ ਹਨ ਜਿਥੇ ਦਖ਼ਲ ਹੁੰਦੇ ਹਨ ਉਸ ਦੇਸ਼ ਦੀ ਆਰਥਿਕ ਸਰੋਤਾਂ ਦਾ ਗੰਭੀਰ ਅਧਿਐਨ ਕਰਦੇ ਹਨ ਅਤੇ ਉਥੇ ਪੁਰਾਣੀ ਆਰਥਿਕ ਸਰਚਨਾ ਨੂੰ ਸਹਿਜੇ ਸਹਿਜੇ ਭੰਗ ਕਰਦਿਆਂ ਅਮਰੀਕੀ ਪੂੰਜੀ ਦੇ ਵਿਸਥਾਰ ਹੇਤੂ ਅਰਥ ਇਕ ਪੂਰੀ ਪੂੰਜੀਵਾਦੀ ਜਮਾਤ ਵੀ ਖੜ੍ਹੀ ਕਰ ਲੈਂਦੇ ਹਨ ਜਿਹੜੀ ਰਾਜਕੀ ਅਤੇ ਅਫਸਰਸ਼ਾਹੀ ਪ੍ਰਣਾਲੀ ਵਿਚ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਸਦਾ ਤੱਤਪਰ ਰਹਿੰਦੀ ਹੈ। ਅਮਰੀਕੀ (ਮਾਡਲ) ਤਰਜ਼ ਦੀ ਅਰਥ ਵਿਵਸਥਾ ਚਿਰ ਸਥਾਈ ਲੋਕ ਹਿੱਤੂ ਆਰਥਿਕ ਢਾਂਚੇ ਨੂੰ ਖੜ੍ਹਾ ਕਰਨ ਦੀ ਜਮ੍ਹਾਂ, ਵਕਤੀ ਅਤੇ ਮੰਡੀ ਆਧਾਰਤ ਆਰਥਿਕ ਢਾਂਚਾ ਖੜ੍ਹਾ ਕਰਦੀ ਹੈ। ਦੇਸ਼ ਦੇ ਆਰਥਿਕ ਅਤੇ ਮਾਨਵੀ ਕਿਰਤ ਦੇ ਵਿਸਥਾਰ ਦੀ ਥਾਂ, ਮੰਡੀ ਤੇ ਪੂੰਜੀ ਦੇ ਵਿਸਥਾਰ ਦੀ ਚਮਕ ਦਮਕ ਪੈਦਾ ਕਰਦੀ ਦੇਸ਼ ਨੂੰ ਪੂੰਜੀ ਦੀ ਗੁਲਾਮੀ ਅਤੇ ਕੰਗਾਲੀ ਵੱਲ ਧੱਕ ਦਿੰਦੀ ਹੈ। ਇਹੋ ਕਾਰਨ ਕਿ ਗਰੀਸ ਨੇ ਆਰਥਿਕ ਸੁਧਾਰਾਂ ਹੇਠ ਯੂਰਪੀਨ ਸੰਘ, ਯੂਰਪੀਨ ਕੇਂਦਰੀ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੀ ਤਿਕੜੀ ਨੇ ਗਰੀਸ ਦੀ ਅਰਥ ਵਿਵਸਥਾ ਨੂੰ ਬੇਕਿਰਕੀ ਨਾਲ ਕਰਜ਼ੇ ਦੇ ਜਾਲ ਵਿਚ ਫਸਾ ਲਿਆ। ਯੂਰੋ ਸਟੇਟ ਮੁਤਾਬਕ 2009 ਵਿਚ ਗਰੀਸ ਦੇ ਸਿਰ ਉਹਦੀ ਜੀ.ਡੀ.ਪੀ. (ਗਰਾਸ ਘਰੇਲੂ ਉਤਪਾਦ) ਦਾ 126.8 ਫੀਸਦੀ ਸਰਵਜਨਕ ਕਰਜ਼ਾ ਸੀ। ਜਿਹੜਾ ਦਸੰਬਰ 2010 ਵਿਚ ਵਧ ਕੇ 176 ਫੀਸਦੀ ਭਾਵ 315.509 ਬਿਲੀਅਨ ਪੌਂਡ ਹੋ ਗਿਆ। ਜੇ ਗਰੀਸ ਦੇ ਹਰ ਤਰ੍ਹਾਂ ਦੇ ਬਾਹਰੀ ਹੋਰ ਕਰਜ਼ਿਆਂ ਨੂੰ ਜੋੜਿਆ ਜਾਵੇ ਤਾਂ ਇਹ 412.446 ਬਿਲੀਅਨ ਪੌਂਡ ਹੋ ਜਾਵੇਗਾ। ਗਰੀਸ ਦੀ ਅਰਥ ਵਿਵਸਥਾ 'ਚ ਸੇਵਾ ਖੇਤਰ ਦੀ ਹਿੱਸੇਦਾਰੀ 80.6 ਫੀਸਦੀ ਹੈ, ਜਦੋਂ ਕਿ ਉਦਯੋਗ ਅਤੇ ਖੇਤੀ ਖੇਤਰ ਦਾ ਯੋਗਦਾਨ ਕ੍ਰਮਵਾਰ 16 ਫੀਸਦੀ ਅਤੇ 3.4 ਫੀਸਦੀ ਹੀ ਹੈ। ਆਰਥਿਕ ਸੁਧਾਰਾਂ ਦੇ ਇਸ ਵਰਤਾਰੇ ਨੇ ਚੋਹਾਂ ਖੇਤਰਾਂ ਨੂੰ ਹੀ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਸੇਵਾ ਖੇਤਰ ਵਿਚ ਨੌਕਰੀਆਂ ਵਿਚ ਵੱਡੀਆਂ ਕਟੌਤੀਆਂ ਕੀਤੀਆਂ ਗਈਆਂ। ਲਗਭਗ 2,50,000 ਸਰਕਾਰੀ ਨੌਕਰੀਆਂ ਦੇ ਪਦ ਖਤਮ ਕਰ ਦਿੱਤੇ ਗਏ ਅਤੇ ਗਰੀਸ 'ਚ ਰਿਟਾਇਰਮੈਂਟ ਦੀ ਉਮਰ ਵਧ ਕੇ 67 ਸਾਲ ਦੀ ਕਰ ਦਿੱਤੀ ਗਈ। ਸਰਕਾਰੀ ਖਰਚਿਆਂ 'ਚ ਵੱਡੀਆਂ ਕਟੌਤੀਆਂ ਕਰਕੇ ਬਜਟ ਘਾਟੇ ਨੂੰ ਜੀ.ਡੀ.ਪੀ. ਦੇ 15.6 ਫੀ ਸਦੀ ਤੋਂ ਘਟਾ ਕੇ 2.5 ਫੀਸਦੀ ਦਿਖਾ ਦਿੱਤਾ ਪਰ ਲੋਕਾਂ ਦੀ ਜ਼ਿੰਦਗੀ ਵਿਚ ਕੰਗਾਲੀ ਦਾ ਦਖਲ ਹੋਰ ਵਿਆਪਕ ਤੌਰ 'ਤੇ ਪਸਰ ਗਿਆ। ਲੋਕਾਂ ਦੇ ਰਹਿਣ ਸਹਿਣ ਸਬੰਧੀ ਔਸਤਨ ਪ੍ਰਤੀ ਵਿਅਕਤੀ ਖਰਚ ਵਿਚ 30 ਫੀਸਦੀ ਤੱਕ ਗਿਰਾਵਟ ਆਈ ਹੈ। ਭਾਵ ਉਨ੍ਹਾਂ ਦਾ ਸਮਾਜਿਕ ਪੱਧਰ ਉਚੇਰਾ ਹੋਣ ਦੀ ਥਾਂ ਹੋਰ ਹੇਠਾਂ ਡਿੱਗਾ ਹੈ। ਕਿਸੇ ਵੇਲੇ ਗਰੀਸ ਅਜਿਹੇ ਮੁਲਕਾਂ 'ਚੋਂ ਸੀ ਜਿਥੋਂ ਦੇ ਲੋਕ ਕੰਮ ਦੀ ਭਾਲ 'ਚ ਬਾਹਰ ਨਹੀਂ ਜਾਂਦੇ ਸਨ ਸਗੋਂ ਯੂਰਪ ਅਤੇ ਹੋਰ ਦੇਸ਼ਾਂ ਦੇ ਲੋਕਾਂ ਕੰਮ ਲਈ ਇਥੇ ਆਉਂਦੇ ਹਨ। ਹੁਣ ਗਰੀਸ ਛੱਡ ਕੇ ਜਾਣ ਵਾਲਿਆਂ ਦੀ ਗਿਣਤੀ ਵਧ ਗਈ ਹੈ। 2010 ਤੋਂ ਪਿਛੋਂ ਆਏ ਸੰਕਟ ਕਾਰਨ ਵੱਡੀ ਪੱਧਰ ਉਤੇ ਕੰਮ ਦੀ ਭਾਲ 'ਚ ਬਾਹਰ ਜਾਣ ਵਾਲਿਆਂ ਦੀ ਗਿਣਤੀ ਵਧੀ ਹੈ। ਸਟੈਵਿਸਟੀਕਸ ਏਜੰਸੀ ਮੁਤਾਬਕ 2010 ਤੋਂ 2013 ਦਰਮਿਆਨ 218000 ਲੋਕ ਗਰੀਸ ਛੱਡ ਕੇ ਬਾਹਰ ਗਏ ਸਨ। ਇਨ੍ਹਾਂ 'ਚ ਪੜ੍ਹੇ ਲਿਖੇ ਅਤੇ ਪੇਸ਼ਾਵਰ ਡਿਗਰੀਆਂ ਵਾਲਿਆਂ ਸਮੇਤ ਵਿਗਿਆਨੀ ਵੀ ਹਨ ਜਿਹੜੇ ਚੰਗੇ ਮੌਕਿਆਂ ਅਤੇ ਉਚੀ ਤਨਖਾਹ ਕਰਕੇ ਬਾਹਰ ਜਾ ਰਹੇ ਹਨ। ਇਨ੍ਹਾਂ ਵਿਚ ਕਾਲਜ ਪੱਧਰ ਦੀਆਂ ਡਿਗਰੀਆਂ ਵਾਲੇ ਹੀ 135000 ਹਨ। ਇਸ ਉਜਾੜੇ ਨੂੰ ਗਰੀਸ ਦੇ ਆਰਥਿਕ ਮੰਤਰਾਲੇ ਦੇ ਆਰਥਿਕ ਭੂਗੋਲ ਸਾਸ਼ਤਰੀ ਲੋਈ ਲੈਬਰਿਯਾਨਿਡੀਸ ਨੇ 'ਬਹੁਤ ਵੱਡਾ ਜ਼ਖ਼ਮ' ਕਿਹਾ ਹੈ। ਇਹ ਗਰੀਕ ਪ੍ਰਵਾਸੀ ਵੀ ਬਹੁਤ ਜ਼ਿਆਦਾ ਰਕਮ (ਪੂੰਜੀ) ਵਾਪਸ ਗਰੀਸ ਨਹੀਂ ਭੇਜ ਰਹੇ ਅਤੇ ਲਗਦਾ ਨਹੀਂ ਕਿ ਗਰੀਸ ਕਦੇ ਫਿਰ ਅਜਿਹੇ ਮੌਕੇ ਪੈਦਾ ਕਰ ਸਕੇਗਾ ਕਿ ਬੇਹਤਰੀਨ ਪ੍ਰਤਿਭਾਵਾਂ ਮੁੜ ਦੇਸ਼ ਪਰਤ ਸਕਣ। ਗਰੀਸ ਦੇ ਅਮੀਰ ਹੀ ਨਹੀਂ ਮੱਧਵਰਗੀ ਲੋਕ ਵੀ ਆਪਣਾ ਪੈਸਾ ਬੈਂਕਾਂ 'ਚੋਂ ਛੱਡ ਕੇ ਵਿਦੇਸ਼ਾਂ 'ਚ ਲਈ ਜਾ ਰਹੇ ਹਨ। ਦਸੰਬਰ 2014 ਤੋਂ ਜੁਲਾਈ 2015 ਤੱਕ ਗਰੀਸ ਦੇ ਲੋਕਾਂ ਨੇ ਬੈਂਕਾਂ ਵਿਚੋਂ 40 ਅਰਬ ਯੂਰੋ ਡਾਲਰ ਭਾਵ ਲਗਭਗ 44 ਅਰਬ ਡਾਲਰ ਕੱਢਵਾ ਲਏ ਹਨ। (ਇੰਟਰਨੈਸ਼ਨਲ ਨਿਊਯਾਰਕ ਟਾਈਮਜ਼, 1 ਤੇ 2 ਅਗਸਤ 2015)

ਕੌਮਾਂਤਰੀ ਮੁਦਰਾਕੋਸ਼ ਅਤੇ ਯੂਰੋਜੋਨ ਦੇ ਦੇਸ਼ਾਂ ਵਲੋਂ ਪਹਿਲਾਂ ਮਈ 2010 'ਚ 110 ਅਰਬ ਯੂਰੋ ਅਤੇ ਫਿਰ 2011 'ਚ 130 ਅਰਬ ਯੂਰੋ ਦਾ ਬੇਲ ਆਊਟ ਕਰਜ਼ਾ ਦੇਣ ਦੇ ਬਾਵਜੂਦ ਗਰੀਸ ਅਰਥ ਵਿਵਸਥਾ ਦੀ ਹਾਲਤ ਅਜੇ ਵੀ ਬਦਤਰ ਹੈ ਅਤੇ ਕਰਜ਼ੇ ਦੇ ਹੋਰ ਬੋਝ ਹੇਠ ਦਬੀ ਹੈ। ਇਹ ਦੀ ਵਜ੍ਹਾ ਇਹ ਹੈ ਕਿ, ਇਹ 240 ਅਰਬ ਯੂਰੋ ਅਰਥ ਵਿਵਸਥਾ ਦੀ ਦਸ਼ਾ ਸੁਧਾਰਨ ਵਿਚ ਨਹੀਂ ਸਗੋਂ ਬਕਾਇਆ ਕਰਜ਼ਿਆਂ ਅਤੇ ਉਹਦਾ ਵਿਆਜ ਮੋੜਨ ਵਿਚ ਹੀ ਖਪਤ ਹੋ ਗਏ। ਇਨ੍ਹਾਂ ਵਿਚੋਂ 48.2 ਅਰਬ ਯੂਰੋ ਗਰੀਸ ਬੈਂਕਾਂ ਦੀ ਪੂੰਜੀ ਵਧਾਉਣ ਵਿਚ ਗਏ। 120 ਅਰਬ ਯੂਰੋ ਤੋਂ ਵਧੇਰੇ ਬੈਂਕਾਂ ਦਾ ਕਰਜ਼ਾ ਤੇ ਵਿਆਜ 'ਚ ਖਪਤ ਹੋਏ। ਲਗਭਗ 35 ਅਰਬ ਯੂਰੋ ਜਰਮਨੀ ਅਤੇ ਫਰਾਂਸ ਦੇ ਉਨ੍ਹਾਂ ਕਾਰੋਬਾਰੀ ਬੈਂਕਾਂ ਨੂੰ ਅਦਾ ਕਰਨੇ ਪਏ ਜਿਨ੍ਹਾਂ ਦਾ ਗਰੀਸ ਨੂੰ ਕਰਜ਼ਾ ਦੇਣ ਵਿਚ ਨੁਕਸਾਨ ਹੋਇਆ ਸੀ। ਬੈਂਕ ਆਫ਼ ਇੰਟਰਨੈਸ਼ਨਲ ਸੈਟੇਲਮੈਂਟ ਦੇ ਅੰਕੜੇ ਦੱਸਦੇ ਹਨ ਕਿ ਮਾਰਚ 2010 ਵਿਚ ਗਰੀਸ ਕਰਜ਼ੇ ਵਿਚ 32 ਅਰਬ ਯੂਰੋ ਸਨ ਜਰਮਨੀ ਦੇ ਬੈਂਕਾਂ ਦੇ ਅਤੇ 52 ਅਰਬ ਯੂਰੋ ਸਨ ਫਰਾਂਸ ਦੇ ਬੈਂਕਾਂ ਦੇ ਜਿਹੜੇ ਦਸੰਬਰ 2014 ਤੱਕ ਘਟ ਕੇ 10.6 ਅਰਬ ਯੂਰੋ ਅਤੇ 1.3 ਅਰਬ ਯੂਰੋ ਰਹਿ ਗਏ ਸਨ। ਸੋ ਹਕੀਕਤ ਇਹ ਕਿ 240 ਅਰਬ ਯੂਰੋ ਜਿਹੜੇ 2010 ਤੋਂ ਪਿਛੋਂ ਗਰੀਸ ਨੂੰ ਦਿੱਦੇ ਵਿਚ 92 ਫੀਸਦੀ ਪਹਿਲੇ ਕਰਜ਼ਿਆਂ ਅਤੇ ਉਹਦੇ ਵਿਆਜ 'ਚ ਹੀ ਖਪਤ ਹੋਏ। ਅਰਥ ਵਿਵਸਥਾ 'ਚ ਸੁਧਾਰ ਹੋਣਾ ਤਾਂ ਇੱਕ ਪਾਸੇ ਸਗੋਂ ਇਹ ਵਿਆਪਕ ਕਰਜ਼ੇ 'ਚ ਗਰੀਸ ਗ੍ਰਸਿਆ ਗਿਆ। ਇਹਦੇ ਤੋਂ ਬਿਨਾਂ ਯੂਰਪੀਨ ਸੈਂਟਰਲ ਬੈਂਕ ਨੇ ਵੀ ਗਰੀਸ ਦੇ ਬੈਂਕਾਂ ਨੂੰ 130 ਅਰਬ ਡਾਲਰ ਦੇ

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

FOR ALL YOUR REAL ESTATE NEEDS
Contact Long time trusted name in the community
Gurbachan Singh Brar
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates

urban 1A-4101 19 ST N.E, CALGARY, AB T2E 6X8
Ph: 403-590-2233 Fax: 403-776-1942

ਕਰਜ਼ੇ ਦਿੱਤੇ ਸਨ। ਜਿਨ੍ਹਾਂ 'ਚੋਂ 90 ਅਰਬ ਡਾਲਰ ਥੋੜ੍ਹੀ ਮਿਆਦ ਵਾਲੇ ਕਰਜ਼ੇ ਵਜੋਂ ਸਨ। ਇਨ੍ਹਾਂ ਬੈਂਕਾਂ ਵਿਚ ਸਰਕਾਰ ਦੀ ਹਿੱਸੇਦਾਰੀ ਵੀ ਹੈ। ਚਾਰ ਸਭ ਤੋਂ ਵੱਡੇ ਕਰਜ਼ਦਾਤਾ ਬੈਂਕਾਂ ਵਿਚੋਂ ਤਿੰਨਾਂ ਵਿਚ ਸਰਕਾਰ ਦੀ ਵਧੇਰੇ ਹਿੱਸੇਦਾਰੀ ਹੈ। ਗਰੀਸ ਦੇ ਬੈਂਕਾਂ ਨੂੰ ਦਿੱਤੀ ਗਈ ਰਾਸ਼ੀ ਵੀ ਕੋਈ ਤੋਹਫ਼ਾ ਨਹੀਂ ਸੀ। ਉਹ ਵੀ ਕਰਜ਼ਾ ਹੀ ਸੀ। ਇਸ ਲਈ ਗਰੀਸ ਦਾ ਕਰਜ਼ਾ ਅਤੇ ਸੂਦ ਦੀ ਦੇਣਦਾਰੀ ਹੋਰ ਵਧਾਈ ਗਈ। ਇਉਂ ਕਰਜ਼ ਲਾਹੁਣ ਤੇ ਵਿਆਜ ਚੁਕਾਉਣ ਲਈ ਲਿਆ ਕਰਜ਼ਾ ਤੇ ਫਿਰ ਕਰਜ਼ਾ ਇਕ ਐਸੀ ਦਲ-ਦਲ ਹੈ ਜਿਸ 'ਚ ਗਰੀਸ ਹੋਰ ਫਸ ਰਿਹਾ ਹੈ। ਗਰੀਸ ਦਾ ਕਰਜ਼ਾ ਉਹਦੀ ਸਲਾਨਾ ਆਰਥਿਕ ਪੈਦਾਵਾਰ ਭਾਵ ਸ਼ਕਲ ਘਰੇਲੂ ਉਤਪਾਦ ਦਾ ਦੋਗੁਣਾ ਹੋ ਚੁੱਕਾ ਹੈ। ਗਰੀਸ ਦੇ ਹਰ ਨਾਗਰਿਕ ਸਿਰ ਜੂਨ 2015 ਤੱਕ 31000 ਯੂਰੋ ਦਾ ਵਿਦੇਸ਼ੀ ਕਰਜ਼ਾ ਚੜ੍ਹ ਚੁੱਕਿਆ ਹੈ। ਹੁਣੇ ਹੁਣੇ ਜਿਹੜੇ 86 ਅਰਬ ਯੂਰੋ ਦੇ ਜਿਹੜੇ ਕਰਜ਼ੇ ਨੂੰ ਮਨਜ਼ੂਰ ਕੀਤਾ ਗਿਆ ਹੈ ਉਸ ਵਿਚੋਂ 25 ਅਰਬ ਡਾਲਰ ਯੂਰੋ ਗਰੀਸ ਬੈਂਕਾਂ ਨੂੰ ਸੰਕਟ 'ਚੋਂ ਕੱਢਣ ਲਈ ਜਾਣਗੇ ਅਤੇ ਇਉਂ ਪੁਰਾਣਾ ਕਰਜ਼ਾ ਲਾਹੁਣ ਲਈ ਨਵਾਂ ਹੋਰ ਕਰਜ਼ਾ, ਇਸ ਅਟੁੱਟ ਕਰਜ਼ ਜਾਲ੍ਹ ਵਿਚ ਗਰੀਸ ਛਟਪਟਾ ਰਿਹਾ ਹੈ।

ਇਹਦਾ ਇਕ ਹੋਰ ਪੱਖ ਵੀ ਹੈ ਕਿ ਗਰੀਸ ਦੇ ਗਰੀਬ ਲੋਕਾਂ ਦੇ ਪੈਸੇ ਜਰਮਨੀ ਅਤੇ ਫਰਾਂਸ ਦੀਆਂ ਦੌਲਤਮੰਦ ਬਾਂਡ ਜਾਰੀ ਕਰਨ ਵਾਲੀਆਂ ਸੰਸਥਾਵਾਂ ਦੇ ਹਵਾਲੇ ਕਰ ਦਿੱਤੇ ਗਏ ਹਨ। ਭਾਵ ਗਰੀਬ ਲੋਕਾਂ ਵਲੋਂ ਭਵਿੱਖ ਲਈ ਜੋੜੀ ਰਾਸ਼ੀ ਵੀ ਵਿਦੇਸ਼ੀ ਪੂੰਜੀ ਇਕੱਠੀ ਕਰਨ ਵਾਲੀਆਂ ਕੰਪਨੀਆਂ ਦੇ ਹਵਾਲੇ ਚਲੇ ਗਈ ਹੈ। ਗਰੀਸ ਨੂੰ 2008 ਤੋਂ ਪਿਛੋਂ ਮਿਲੇ ਸਰਵਜਨਕ ਕਰਜ਼ੇ ਦਾ ਇਕ ਤਿਹਾਈ ਨਿੱਜੀ ਕਰਜ਼ਦਾਰਾਂ ਨੂੰ ਉਠਾਉਣ ਵਿਚ ਖਪਤ ਹੋ ਗਿਆ। ਇਕ ਤਿਹਾਈ ਗਰੀਸ ਦੇ ਚਾਲੂ ਖਾਤੇ ਦੇ ਘਾਟੇ ਨੂੰ ਪੂਰਾ ਕਰਨ ਵਿਚ। ਭਾਵ ਆਯਾਤ ਅਤੇ ਵਿਦੇਸ਼ੀਆਂ ਨੂੰ ਵਿਆਜ ਦੇ ਘਾਟੇ ਨੂੰ ਪੂਰਾ ਕਰਨ ਵਿਚ। ਭਾਵ ਆਯਾਤ ਅਤੇ ਵਿਦੇਸ਼ੀਆਂ ਨੂੰ ਵਿਆਜ ਦੇ ਉਕਾ ਪੁੱਕਾ ਭੁਗਤਾਨ ਦੀ ਤੁਲਲਾਂ ਵਿਚ ਨਿਰਯਾਤ ਅਤੇ ਵਿਦੇਸ਼ਾਂ ਤੋਂ ਆ ਰਹੇ ਭੁਗਤਾਨ ਭਾਵ ਟਰਾਂਸਫਰ ਪੇਮੈਂਟਸ ਦੀ ਘਾਟ ਦੀ ਪੂਰਤੀ ਕਰਨ ਵਿਚ ਬਾਕੀ ਇਕ ਤਿਹਾਈ ਗਰੀਸ ਦੇ ਅਮੀਰਾਂ ਵਲੋਂ ਪੂੰਜੀ ਦੇਸ਼ ਤੋਂ ਬਾਹਰ ਲਿਜਾਣ ਵਿਚ ਵੀ ਹਵਾ ਹੋ ਗਏ।

ਗਰੀਸ ਦਾ ਸੰਕਟ ਗਰੀਸ ਸਰਕਾਰ ਦੇ ਬਾਂਡਾਂ ਵਿਚ ਐਧਰ ਉਧਰ ਨਿਵੇਸ਼ ਦਾ ਸੰਕਟ ਹੈ। ਦਰਅਸਲ ਪੂੰਜੀ ਦੀ ਅਰਥ ਵਿਵਸਥਾ 'ਚ ਬਾਂਡ ਬਹੁਤ ਅਹਿਮ ਕਾਰਨ ਹੈ। ਜਿਹੜਾ ਇਹ ਤਹਿ ਕਰਦਾ ਹੈ ਕਿ ਕਿਹੜੀ ਕੰਪਨੀ ਜਾਂ ਕਿਹੜੀ ਅਰਥ ਵਿਵਸਥਾ ਮਜ਼ਬੂਤ ਹੋਣਗੀਆਂ ਅਤੇ ਕਿਹੜੀਆਂ ਢਹਿ ਢੇਰੀ। ਬਾਂਡ ਉਹ ਕਾਗਜ਼ ਹੈ ਜਿਹੜਾ ਉਧਾਰ ਲਏ ਪੈਸੇ ਵਜੋਂ ਜਾਰੀ ਕੀਤਾ ਜਾਂਦਾ ਹੈ। ਮਿਸਾਲ ਲਈ ਸਰਕਾਰ ਬਾਂਡ (ਜਿਵੇਂ ਕਿਸਾਨ ਵਿਕਾਸ ਪੱਤਰ ਆਦਿ ਜਾਂ ਹੋਰ ਕੰਪਨੀਆਂ ਬੈਂਕਾਂ ਵਲੋਂ ਵੇਚੇ ਜਾਂਦੇ ਸ਼ੇਅਰ) ਸਰਕਾਰ ਜਾਰੀ ਕਰਦੀ ਹੈ ਅਤੇ ਨਾਗਰਿਕ ਤੋਂ ਉਧਾਰ ਪੈਸੇ ਲੈਂਦੀ ਹੈ ਇਸ ਵਿਚ ਦਰਜ ਹੁੰਦਾ ਹੈ ਕਿ ਇਹ ਕਦੋਂ ਅਤੇ ਕਿੰਨੀ ਵਿਆਜ ਨਾਲ ਵਾਪਸ ਕਰਨਾ ਹੈ। ਇਹ ਬਾਂਡ ਕਈ ਵਾਰੀ ਖ਼ੀਦੇ ਵੇਚੇ ਜਾਂਦੇ ਹਨ। ਅਜਿਹੇ ਧੰਦੇ ਲਈ ਬੈਂਕਾਂ ਵਲੋਂ ਕਈ ਵਿੱਤੀ ਸੰਪਤੀਪਆਂ ਇਜ਼ਾਦ ਕੀਤੇ ਹੋਏ ਹਨ। ਗਰੀਸ ਸਰਕਾਰ ਵਲੋਂ 10 ਨਵੰਬਰ 2010 ਨੂੰ 7 ਅਰਬ ਯੂਰੋ ਦੇ ਭਾਵ 10.5 ਡਾਲਰ ਦੇ ਕਿਹੜੇ ਕਰਜ਼ੇ ਹਿੱਤ ਬਾਂਡ ਜਾਰੀ ਕੀਤੇ ਉਨ੍ਹਾਂ ਬਾਂਡਾਂ ਦੀ ਕੀਮਤ 2012 ਤੱਕ ਅੱਧੀ ਰਹਿ ਗਈ। ਡੁੱਬ ਸਾਧਾਰਨ ਨਿਵੇਸ਼ਕ ਗਏ। ਉਦੋਂ ਗਰੀਸ ਸਰਕਾਰ ਯੂਰਪੀਨ ਯੂਨੀਅਨ ਅਤੇ ਕੌਮਾਂਤਰੀ ਮੁਦਰਾਕੋਸ਼ ਨਾਲ ਦੂਸਰੇ ਬੇਲ ਆਊਟ (ਕੁਝ ਰਾਹਤ ਸਹਾਇਤਾ) ਪੈਕੇਜ ਦੀ ਗੱਲ ਕਰ ਰਹੀ ਸੀ। ਇਸ ਸਮੇਂ ਤੱਕ ਇਨ੍ਹਾਂ ਬਾਂਡ ਖ਼ੀਦਣ ਵਾਲੇ ਨਿਵੇਸ਼ਕਾਰਾਂ ਨੂੰ ਆਪਣੇ ਕੀਤੇ ਨਿਵੇਸ਼ ਦੀ ਪੂਰੀ ਕੀਮਤ ਗੁਆ ਚੁੱਕਣ ਦੇ ਸਦਮੇ 'ਚੋਂ ਲੰਘਣਾ ਪੈ ਸਕਦਾ ਹੈ, ਪਰ ਇਸ ਦੀ ਥਾਂ ਇਸ ਦੀ ਥਾਂ ਇਸ ਦੂਸਰੇ ਬੇਲ ਆਊਟ ਨੇ ਗਰੀਸ ਨਾਗਰਿਕਾਂ ਦੇ ਅਰਬਾਂ ਯੂਰੋ ਡਾਲਰ ਉਥੋਂ ਦੇ ਬਾਂਡਾਂ ਵਿਚ ਐਧਰ ਉਧਰ ਨਿਵੇਸ਼ ਕਰਨ ਵਾਲੇ ਵਿਦੇਸ਼ੀਆਂ ਦੇ ਹਵਾਲੇ ਕਰ ਦਿੱਤੇ।

ਗਰੀਸ ਕਰਜ਼ੇ ਸੰਕਟ ਨੂੰ ਐਨਾ ਗੰਭੀਰ ਬਣਾਉਣ ਪਿਛੇ ਵੀ ਇਕ ਅਜਿਹੇ ਸੌਦਾ ਹੈ ਜਿਹਨੂੰ 2001 'ਚ ਗੋਲਡਮੈਨ ਸਾਕਸ ਨੇ ਗੁਪਤ ਅਤੇ ਪਰਦੇ ਹੇਠ ਗਰੀਸ ਸਰਕਾਰ ਨਾਲ ਕੀਤਾ ਸੀ। ਆਮ ਤੌਰ 'ਤੇ ਬਹੁਤੀਆਂ ਸਰਕਾਰਾਂ, ਵਿਦੇਸ਼ੀ ਨਿਵੇਸ਼ ਕੰਪਨੀਆਂ ਨਾਲ ਅਜਿਹੇ ਪਰਦੇ ਹੇਠ (ਜਾਂ ਲੋਕਾਈ ਦੇ ਸਮਝ 'ਚ ਨਾ ਆਉਣ ਵਾਲੇ) ਵਿੱਤੀ ਸਮਝੌਤੇ ਕਰਦੀਆਂ ਰਹਿੰਦੀਆਂ ਹਨ ਜਿਹਦਾ ਖਮਿਆਜ਼ਾ ਸਰਕਾਰਾਂ ਨੂੰ ਹੀ ਨਹੀਂ ਲੋਕਾਂ ਨੂੰ ਕਿਤੇ ਵੱਧ ਭੁਗਤਨਾ ਪੈਂਦਾ ਹੈ। ਗੋਲਡਮੈਨ ਸਾਕਸ ਨੇ ਗਰੀਸ ਸਰਕਾਰ ਨੂੰ 2.8 ਅਰਬ ਯੂਰੋ ਦਾ ਕਰਜ਼ਾ ਚੁੱਪਚਾਪੀ ਪਰਦੇ ਹੇਠ ਦਿੱਤਾ ਸੀ ਜਿਸ ਨਾਲ ਗਰੀਸ ਸਰਕਾਰ ਆਪਣਾ ਕਰਜ਼ਾ 2 ਫੀਸਦੀ ਘੱਟ ਵਿਖਾਉਂਦੀ ਹੀ। ਇਸ ਦੇ ਬਦਲੇ ਗੋਲਡਮੈਨ ਸਾਕਸ ਨੂੰ 60 ਕਰੋੜ ਯੂਰੋ ਭਾਵ 79 ਕਰੋੜ ਡਾਲਰ ਦਾ ਮੁਨਾਫ਼ਾ ਹੋਇਆ ਸੀ। ਉਸ ਸਾਲ ਉਸ ਕੰਪਨੀ ਦੇ ਕੁੱਲ ਮੁਨਾਫ਼ੇ ਦਾ ਇਹ 12 ਫੀਸਦੀ ਸੀ ਜਦੋਂ ਬਾਂਡਾਂ ਦਾ ਕਾਰੋਬਾਰ ਟੁੱਟਾ ਤਾਂ 2.8 ਅਰਬ ਯੂਰੋ ਦਾ ਇਹ ਕਰਜ਼ ਵੱਧ ਕੇ 5.1 ਅਰਬ ਡਾਲਰ ਹੋ ਗਿਆ। ਇਹ ਕਰਜ਼ਾ ਗਰੀਸ ਸਰਕਾਰ ਨੇ ਵਿਖਾਇਆ ਹੀ ਨਹੀਂ ਸੀ। ਸੋ 2005 ਵਿਚ ਇਸ ਨਾਲ ਨਵਾਂ ਸੌਦਾ ਹੋਇਆ ਤਾਂ ਇਹਨੂੰ ਖਾਤੇ ਵਿਚ ਵਿਖਾ ਦਿੱਤਾ। ਘਰਾਂ ਜਾਂ ਪਰਿਵਾਰਾਂ/ਕਾਰੋਬਾਰਾਂ ਵਿਚ ਅਜਿਹੇ ਚੋਰੀ ਛੁਪੇ ਕਰਜ਼ਿਆਂ ਦੀ ਗੱਲ ਤਾਂ ਸੁਣੀ ਜਾਂਦੀ ਹੈ, ਪਰ ਜਦੋਂ ਸਰਕਾਰਾਂ ਹੀ ਆਪਣੇ ਆਵਾਮ ਨੂੰ ਧੋਖੇ 'ਚ ਰੱਖ ਕੇ ਚੋਰੀ ਕਰਜ਼ੇ ਲੈਣ ਤਾਂ ਫਿਰ ਉਸ ਦੇਸ਼ ਨੂੰ ਸੰਕਟ 'ਚੋਂ ਬਚਾਉਣ ਲਈ ਕੋਈ ਨਹੀਂ ਬਹੁੜਦਾ।

ਇਸ ਤਰ੍ਹਾਂ ਗਰੀਸ ਅਰਥ ਵਿਵਸਥਾ

Nachhater Singh Badesha
Sales Representative
Home Life/ United Realty Inc., Brokerage
290 Drew Rd. Unit #215
Mississauga ON L4T 0A7
MLS R
Dir: 647.267.3397
Off: 905.672.124
Fax: 905.672.0672
E-mail: nbadesha@yahoo.ca
Higher Standars Agents.... Higher Results



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION Applications for Family Class and APPEALS, Skilled Workers, Investors, Refugee Claims
REAL ESTATE Buying and Selling Commercial and Residential Land Development Condominium Projects WILLS & ESTATE CRIMINAL LAW
SMALL BUSINESS Buying and Selling Franchises, Shareholder Agreements and Incorporations FORMATION OF PUBLIC COMPANIES
PERSONAL INJURY (Car Accident Claims) NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਈਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

ਨੂੰ ਤਬਾਹ ਕਰਨ ਵਿਚ ਰਾਜ ਕਰ ਰਹੀ ਪੂੰਜੀਪਤੀ ਜਮਾਤ ਅਤੇ ਉਹਦੇ ਵਲੋਂ ਅਪਣਾਈਆਂ ਨੀਤੀਆਂ ਹੀ ਹਨ। ਪਿਛਲੇ ਸਾਲਾਂ 'ਚ ਚਲ ਰਹੇ ਆਰਥਿਕ ਤੇ ਰਾਜਨੀਤਕ ਭੂਚਾਲ ਨੇ ਵੀ ਗਰੀਸ ਦੀ ਸੰਕਟਗ੍ਰਸਤ ਅਰਥ ਵਿਵਵਸਥਾ ਨੂੰ ਨੁਕਸਾਨ ਪਹੁੰਚਾਇਆ ਹੈ। ਜ਼ਿਆਦਾ ਸੰਜਮ (ਘੱਟ ਖਰਚਾ ਕਰਨ) ਵਰਤਣ ਉਤੇ ਜ਼ੋਰ ਦੇਣ ਵਾਲੇ 86 ਅਰਬ ਯੂਰੋ ਭਾਵ 95 ਅਰਬ ਡਾਲਰ ਦਾ ਤੀਸਰੇ ਬੇਲ ਆਊਟ ਦਾ ਕਾਰਨਾਮਾ ਪਿਛਲੇਰੇ ਪੰਜ ਸਾਲਾਂ ਦੇ ਸਿਲਸਿਲੇ ਨੂੰ ਹੀ ਅੱਗੇ ਵਧਾਉਂਦਾ । ਪੰਜ ਜੁਲਾਈ 15 ਨੂੰ ਗਰੀਸ ਸਰਕਾਰ ਨੂੰ ਕਰਜ਼ੇ ਦੀਆਂ ਇਨ੍ਹਾਂ ਸ਼ਰਤਾਂ ਨੂੰ ਮੰਨਣ ਜਾਂ ਨਾ ਮੰਨਣ ਉਤੇ ਲੋਕ ਮਤ ਇਕੱਠੀ ਕਰਵਾਈ ਸੀ ਜਿਸ 'ਚ 61 ਫੀਸਦੀ ਗਰੀਸ ਦੇ ਲੋਕਾਂ ਨੇ ਕਰਜ਼ਾ ਨਾ ਲੈਣ ਦੇ ਪੱਖ ਵਿਚ ਵੋਟ ਦਿੱਤਾ ਸੀ। ਫਿਰ ਵੀ ਉਸੇ ਗਰੀਸ ਸਰਕਾਰਾਂ ਨੇ ਪਿਛਲੀ 14 ਅਗਸਤ ਨੂੰ ਗਰੀਸ ਸੰਸਦ ਵਿਚ ਇਨ੍ਹਾਂ ਸ਼ਰਤਾਂ ਨੂੰ ਸਵੀਕਾਰਨ ਦੀ ਵਕਾਲਤ ਕੀਤੀ ਅਤੇ 300 ਸੰਸਦ ਮੈਂਬਰਾਂ ਵਿਚੋਂ 222 ਨੇ ਪੱਖ ਵਿਚ ਅਤੇ 75 ਨੇ ਵਿਰੋਧ ਵਿਚ ਵੋਟ ਦਿੱਤੇ। ਸੱਤਾਧਾਰੀ ਗਠਬੰਧਨ ਦੇ ਆਪਣੇ ਹੀ ਸੰਸਦਾਂ ਨੇ ਪ੍ਰਸਤਾਵ ਦੇ ਵਿਰੁੱਧ ਵੋਟ ਦਿੱਤਾ ਅਤੇ ਪ੍ਰਧਾਨ ਮੰਤਰੀ ਏਲਕਸ ਸੀਪਰਾਸ ਦੀ ਸੀਰਿਜਾ ਪਾਰਟੀ ਦੇ ਬਾਰਾਂ ਗਰਮ ਦਲੀਏ ਖੱਬੇਪੱਖੀ ਸੰਸਦਾਂ ਨੇ ਇਨ੍ਹਾਂ ਕਰਜ਼ੇ ਦੀਆਂ ਸ਼ਰਤਾਂ ਵਿਰੁੱਧ, "ਦੇਸ਼ ਦੇ ਕੋਨੇ ਕੋਨੇ 'ਚ ਲੋਕਾਂ ਨੂੰ ਜਥੇਬੰਦ ਕਰਕੇ ਨਵੇਂ ਸਮਝੌਤੇ ਦੇ ਵਿਰੁੱਧ ਸੰਘਰਸ਼ ਸ਼ੁਰੂ ਕਰਨ' ਦਾ ਐਲਾਨ ਕੀਤਾ। ਇਸ ਪਿਛੋਂ ਸੀਪਰਾਸ ਨੇ ਅਸਤੀਫ਼ਾ ਦੇ ਦਿੱਤਾ।

ਸੀਰਿਜਾ ਇਕ ਅਜਿਹਾ ਗਠਜੋੜ ਜਾਂ ਸਾਂਝਾ ਮੋਰਚਾ ਹੈ ਜਿਸ ਨੇ ਨਾ ਸਿਰਫ਼ ਗਰੀਸ ਸਰਕਾਰ ਵਲੋਂ ਸ਼ਰਤਾਂ ਉਤੇ ਆਧਾਰਤ ਯੂਰੋਪਿਨ ਕੇਂਦਰੀ ਬੈਂਕ ਅਤੇ ਕੌਮਾਂਤਰੀ ਮੁਦਰਾਕੋਸ਼ ਪਾਸੋਂ ਲਏ ਕਰਜ਼ਿਆਂ ਦੇ ਵਿਰੋਧ 'ਚ ਲੋਕਾਂ ਨੂੰ ਜਾਗਰਿਤ ਕਰਨ ਦੀ ਮੁਹਿੰਮ ਹੀ ਵਿੱਢੀ, ਸਗੋਂ ਲੋਕਾਂ ਨੂੰ ਜਥੇਬੰਦ ਕਰਦਿਆਂ ਸੰਸਦੀ ਚੋਣਾਂ ਵਿਚ ਸ਼ਮੂਲੀਅਤ ਕੀਤੀ। ਇਸ ਗਠਬੰਧਨ ਵਿਚ ਆਦਰਸ਼ਵਾਦੀ ਵੀ ਹਨ ਅਤੇ ਵਾਤਾਵਰਣ ਪ੍ਰੇਮੀ ਸੰਸਥਾਵਾਂ ਵੀ ਇਸ ਵਿਚ ਟਰਾਟਸਕੀ ਪੰਥੀ ਵੀ ਹਨ ਅਤੇ ਮਾਓਵਾਦੀ ਵੀ। ਇਹੋ ਕਾਰਨ ਹੈ ਕਿ ਇਹਨੂੰ ਖਾੜਕੂਵਾਦੀ ਸੰਗਠਨ ਮੰਨਿਆ ਜਾਂਦਾ ਹੈ। 2009 ਵਿਚ ਇਹਨੂੰ ਮਹਿਜ 4.5 ਫੀਸਦੀ ਵੋਟ ਹੀ ਮਿਲੇ ਸਨ। 2012 ਦੀਆਂ ਚੋਣਾਂ 'ਚ ਲੋਕਾਂ ਦੀ ਭਰਵੀਂ ਹਮਾਇਤ ਮਿਲਣ ਪਿਛੋਂ ਇਨ੍ਹਾਂ ਦੀ ਵੋਟ 17 ਫੀਸਦੀ ਤੱਕ ਪਹੁੰਚ ਗਈ। ਐਸ ਵਾਰੀ ਸਰਕਾਰ ਵਿਰੋਧੀ ਲਹਿਰ ਐਸੀ ਮਜ਼ਬੂਤ ਸੀ ਕਿ ਗਰੀਸ ਦੀ ਪੁਰਾਣੀ ਕਮਿਊਨਿਸਟ ਪਾਰਟੀ ਦੀ ਵੋਟ ਫੀਸਦੀ ਵੀ ਦੁਗਣੀ ਹੋ ਕੇ 8 ਫੀਸਦੀ ਤੱਕ ਪਹੁੰਚ ਗਈ। ਦੋ ਮਹੀਨੇ ਪਿਛੋਂ ਹੀ ਹੋਈਆਂ ਚੋਣਾਂ ਵਿਚ ਸੱਤਾਧਾਰੀ ਨਿਊ ਡੈਮੋਕਰੇਟਿਕ ਪਾਰਟੀ ਨੂੰ 29 ਫੀਸਦੀ ਵੋਟ ਮਿਲੇ ਜਦੋਂ ਕਿ ਸੀਰਿਜਾ ਗਠਜੋੜ ਨੂੰ 27 ਫੀਸਦੀ ਵੋਟ ਮਿਲੇ। ਜਨਵਰੀ 2015 'ਚ ਚੋਣਾਂ ਹੋਈਆਂ ਤਾਂ ਸੀਰਿਜਾ ਨੂੰ 36.3 ਫੀਸਦੀ ਵੋਟ ਮਿਲੇ ਅਤੇ 300 ਸੰਸਦਾਂ ਵਿਚੋਂ 149 ਮੈਂਬਰ ਜੇਤੂ ਹੋਏ। ਸੱਤਾ ਉਤੇ ਕਾਬਜ਼ ਨਿਊ ਡੈਮੋਕਰੇਟਿਕ ਪਾਰਟੀ ਦੇ ਸਿਰਫ਼ 76 ਮੈਂਬਰ ਹੀ ਚੋਣ ਜਿੱਤ ਸਕੇ। ਇੰਡੀਪੈਂਡੈਂਟ ਗਰੀਸ ਪਾਰਟੀ 4.75 ਫੀਸਦੀ ਵੋਟਾਂ ਲੈ ਕੇ 13 ਸੀਟਾਂ ਉਤੇ ਕਾਬਜ਼ ਹੋ ਗਈ। ਸੀਰਿਜਾ ਨੂੰ ਸਰਕਾਰ ਬਣਾਉਣ ਲਈ ਗਰੀਸ ਦੀ ਅਨੇਲ ਵਰਗੀ ਸੱਜੇ ਪੱਖੀ ਪਾਰਟੀ ਨਾਲ ਹੱਥ ਮਿਲਾਉਣਾ ਪਿਆ। ਕਿਉਂਕਿ ਇਹ ਪਾਰਟੀ ਵੀ ਕੌਮਾਂਤਰੀ ਮੁਦਰਾਕੋਸ਼ ਦੀਆਂ ਨੀਤੀਆਂ ਦੀ ਘੋਰ ਵਿਰੋਧੀ ਸੀ, ਸੋ ਉਹਨੂੰ ਵੀ ਸੀਰਿਜਾ ਨੂੰ ਹਮਾਇਤ ਦੇਣ 'ਚ ਝਿਜਕ ਨਾ ਲੱਗੀ।

ਜਨਵਰੀ 2015 'ਚ ਸੱਤਾ 'ਤੇ ਕਾਬਜ਼ ਹੋਈ ਪ੍ਰਧਾਨ ਮੰਤਰੀ ਅਲੈਕਸਿਸ ਸਿਪਰਾਸ ਦੀ ਸਰਕਾਰ ਨੇ 'ਗਰੀਸ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਵਚਨ ਦਿੰਦਿਆਂ ਕਿਹਾ ਸੀ ਕਿ ਵਿਦੇਸ਼ੀ ਸੰਸਥਾਵਾਂ ਤੋਂ ਕਰਜ਼ਾ ਨਾ ਲੈਣ ਦੇ ਹੱਕ 'ਚ ਜੋ ਲੋਕਾਂ ਦਾ ਫਤਵਾ ਹੈ। ਉਸ ਮੁਤਾਬਕ ਸੀਰਿਜਾ ਦੀ ਸਰਕਾਰ ਲੋਕਾਂ ਨੂੰ ਛੇਤੀ ਹੀ ਵਿਦੇਸ਼ੀ ਕਰਜ਼ ਮੱਕੜ ਜਾਲ ਤੋਂ ਰਾਹਤ ਦੁਆਵੇਗੀ ਅਤੇ ਯੂਰਪੀਨ ਯੂਨੀਅਨ ਅਤੇ ਕੌਮਾਂਤਰੀ ਮੁਦਰਾ ਕੋਸ਼ ਦੀਆਂ ਨੀਤੀਆਂ ਮੂਹਰੇ ਆਤਮਾ ਸਮਅਰਪਨ ਨਹੀਂ ਕਰੇਗੀ ਅਤੇ ਸਾਰੀਆਂ ਬੇਲ ਆਊਟ ਸੰਧੀਆਂ ਰੱਦ ਕਰ ਦੇਵੇਗੀ। ਇਸੇ ਸਰਕਾਰ ਦੇ ਵਿੱਤ ਮੰਤਰੀ ਯਾਨਿਸ ਬਾਰੋਫਾਕਿਸ ਜਿਹੜਾ ਕੌਮਾਂਤਰੀ ਪ੍ਰਸਿਧੀ ਵਾਲਾ ਅਰਥ ਸ਼ਾਸਤਰੀ ਹੈ, ਨੇ ਇਕ ਮੁਲਾਕਾਤ ਵਿਚ ਬੀ.ਬੀ.ਸੀ. ਦੇ ਨੁਮਾਇੰਦੇ ਨੂੰ ਕਿਹਾ ਸੀ ਕਿ "ਵਿੱਤੀ ਵਾਟਰ ਵੋਡਿੰਗ ਨੇ ਸਾਡੇ ਦੇਸ਼ ਨੂੰ ਇਕ ਕਰਜ਼ ਬਸਤੀ ਵਿਚ ਤਬਦੀਲ ਕਰ ਦਿੱਤਾ ਹੈ। ਇਸ ਹਾਲਤ ਨੂੰ ਪਲਟਣ ਦੇ ਲਈ ਵਿਦੇਸ਼ੀ ਦਾਤਿਆਂ ਨਾਲ ਨਿਰਣਾਇਕ ਗੱਲਬਾਤ ਕਰਨੀ ਪਵੇਗੀ।"

ਇਹੋ ਕਾਰਨ ਹੈ ਕਿ ਗਰੀਸ ਦੇ ਲੋਕਾਂ ਨੂੰ ਨਵੀਂ ਸਰਕਾਰ ਤੋਂ ਇਕ ਉਮੀਦ ਬੱਝੀ ਸੀ। ਯੂਰੋਪੀਨ ਯੂਨੀਅਨ, ਯੂਰਪੀਨ, ਕੇਂਦਰੀ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੀ ਤਿਕੜੀ ਵਲੋਂ ਥੋਪੇ ਆਰਥਿਕ ਸੁਧਾਰਾਂ ਅਤੇ ਕੱਚੇ ਪਿੱਲੇ ਜਾਂ ਨੀਮ ਹਕੀਮੀ ਆਰਥਿਕ ਇਲਾਜਾਂ ਤੋਂ ਮੁਕਤੀ ਮਿਲਣ ਦੀ ਆਸ ਦੇ ਨਾਲ ਅਰਥ ਵਿਵਸਥਾ ਵਿਚ ਨਵੀਆਂ ਪਹਿਲਕਦਮੀਆਂ ਦੀਆਂ ਆਸਾਂ ਲਾਈ ਬੈਠੇ ਸਨ ਪਰ ਸੀਰਿਜਾ ਦੀ 25 ਦਿਨ ਦੀ ਸਰਕਾਰ ਨੇ 20 ਫਰਵਰੀ 2015 ਨੂੰ ਯੂਰਪੀਨ ਯੂਨੀਅਨ ਨਾਲ ਫਿਰ ਉਹੀ ਸਮਝੌਤਾ ਅਛੋਪਲੇ ਜਿਹੇ ਕਰ ਲਿਆ ਅਤੇ ਉਹਦੀ ਹਕੀਕਤ ਵੀ ਜਗ ਜਾਹਿਰ ਹੋ ਗਈ। ਜਿਥੇ ਗਰੀਸ ਦੇ ਇਨਕਲਾਬੀ ਖੱਬੇਪੱਖੀ, ਹਲਕਿਆਂ ਨੇ ਇਹਨੂੰ ਗੱਦਾਰੀ ਕਿਹਾ, ਉਥੇ ਗਰਮਦਲੀਏ ਲੋਕਪੱਖੀ ਪਾਰਟੀ ਨੇ ਇਹਨੂੰ ਯੂਰਪੀਨ ਯੂਨੀਅਨ ਅੱਗੇ ਆਤਮ ਸਮਰਪਣ ਗਰਦਾਨਿਆ। ਕੁਝ ਨੇ ਅਨੁਭਹੀਣਤਾ ਵੀ ਕਿਹਾ। ਕੁਝ ਧਾਰਾਵਾਂ ਗਰੀਸ ਅੰਦਰ ਇਹ ਵੀ ਆਵਾਜ਼ ਉਠਾ ਰਹੀਆਂ ਹਨ ਕਿ ਸਿਪਰਾਸ ਸਰਕਾਰ ਨੂੰ ਫੌਰੀ ਯੂਰਪੀਨ ਯੂਨੀਅਨ ਅਤੇ ਨਾਟੋ 'ਚੋਂ ਬਾਹਰ ਆ ਜਾਣਾ ਚਾਹੀਦਾ ਹੈ ਅਤੇ ਆਪਣੇ ਸਾਰੇ ਕਰਜ਼ੇ ਰੱਦ ਕਰਕੇ, ਯੂਰੋ ਦੀ ਥਾਂ ਆਪਣੇ ਦੇਸ਼ ਦੀ ਕਰੰਸੀ ਚਲਾਉਣੀ ਚਾਹੀਦੀ ਹੈ ਅਤੇ ਰੂਸ ਅਤੇ ਚੀਨ ਨਾਲ ਸਬੰਧ ਬਣਾਉਣ ਦੀ ਸਲਾਹ ਦਿੱਤੀ ਹੈ।

ਦੂਸਰੇ ਪਾਸੇ ਯੂਰਪੀਨ ਯੂਨੀਅਨ, ਯੂਰਪੀਨ ਕੇਂਦਰੀ ਬੈਂਕ ਅਤੇ ਕੌਮਾਂਤਰੀ ਮੁਦਰਾਕੋਸ਼ ਦੀ ਤਿਕੜੀ ਗਰੀਸ ਸਰਕਾਰ ਉਤੇ ਜਿਹੜੇ ਦਬਾਅ ਪਾ ਰਹੀ ਹੈ, ਉਹ ਹਨ, ਟੈਕਸ ਹੋਰ ਵਧਾਉ, ਰਿਟਾਇਰਮੈਂਟ ਦੀ ਉਮਰ ਵਧਾਉ, ਖਰਚ ਘੱਟ ਕਰੋ, ਨਿੱਜੀਕਰਨ ਨੂੰ ਹੋਰ ਵਧਾਉ, ਪਬਲਿਕ ਸੰਪਤੀਆਂ ਨੂੰ ਵੇਚਣ ਦਾ ਸਿਲਸਿਲਾ ਤੇਜ਼ ਕਰੋ ਤਾਂ ਕਿ ਕਰਜ਼ ਲਾਹਿਆ ਜਾ ਸਕੇ। ਉਨ੍ਹਾਂ ਖੇਤਰਾਂ ਨੂੰ ਵੀ ਵਿਦੇਸ਼ੀ ਨਿੱਜੀ ਪੂੰਜੀ ਲਈ ਖੋਹਲੋ ਜਿਥੇ ਉਨ੍ਹਾਂ ਦਾ ਅਜੇ ਦਖ਼ਲ ਨਹੀਂ। ਸਿੱਖਿਆ, ਸਿਹਤ ਅਤੇ ਸਮਾਜਿਕ ਕਲਿਆਣ ਵਿਚ ਉਹੋ ਜਿਹੇ ਹੀ ਬਦਲਾਅ ਕਰੋ, ਜਿਵੇਂ ਇਹ ਤਿਕੜੀ ਚਾਹੁੰਦੀ ਹੈ। ਭਾਵ ਇਹ ਕਿ ਇਹ ਤਿਕੜੀ ਡਬਲ ਰੋਟੀ ਦੀ ਰੋਜ਼ਾਨਾ ਖਰੀਦ ਅਤੇ ਡਾਕਟਰ ਤੱਕ ਪਹੁੰਚਣ ਦਾ ਹਿਸਾਬ ਕਿਤਾਬ, ਇਹ ਵਿਦੇਸ਼ੀ ਵਿੱਤੀ ਸੰਸਥਾਵਾਂ ਤਹਿ ਕਰਨ ਲਈ ਆਮਦਾ ਹਨ। ਇਥੋਂ ਤੱਕ ਕਿ ਵਿਕਣ ਵਾਲੇ ਪਾਸ਼ਚਿਊਰਾਈਜ਼ਡ ਦੁੱਧ ਦੇ ਪੈਕਟ ਉਤੇ ਖਰਾਬ ਹੋਣ ਵਾਲੀ ਤਰੀਕ ਵਧਾਉਣ ਭਾਵ (ਐਕਸਪੈਰੀ ਡੇਟ) ਤਬਦੀਲ ਕਰਨ ਤੱਕ ਦਬਾਅ ਪਾ ਰਹੀ ਹੈ। ਹਾਲਾਂਕਿ ਨਵੀਂ ਸਰਕਾਰ ਦੇ ਅਸਤੀਫ਼ੇ ਪਿਛੋਂ ਫੇਰ ਚੋਣਾਂ ਦੀ ਸਰਕਸ ਸ਼ੁਰੂ ਹੋਈ ਹੈ। ਇਕ ਪਾਸੇ ਗਰੀਸ ਨੂੰ ਕਰਜ਼ਾ ਚੁਕਾਉਣ ਲਈ ਰਾਹਤ ਪੈਕੇਜ ਦੀ ਲੋੜ ਹੈ ਦੂਸਰੇ ਪਾਸੇ ਮੰਦੀ ਦਾ ਸ਼ਿਕਾਰ ਗਰੀਸ ਅਰਥ ਵਿਵਸਥਾ ਨੂੰ ਉਧਾਰੇ ਸਾਹ ਦੇ ਕੇ ਵੀ ਜ਼ਿੰਦਾ ਰੱਖਣਾ ਮੁਸ਼ਕਿਲ ਹੈ। ਬੇਰੁਜ਼ਗਾਰੀ ਉਚਤਮ ਸੀਮਾ ਉਤੇ ਹੈ। ਲੋਕਾਂ ਦੀ ਖਰੀਦ ਸ਼ਕਤੀ ਹੀ ਨਹੀਂ ਕੰਮ ਕਰਨ ਦੀ ਸਮਰਥਾ ਵੀ ਡਿੱਗ ਗਈ ਹੈ। ਉਹਦੇ ਕੋਲ ਰਾਹਤ ਪੈਕੇਜ ਮੰਨਣਾ ਜਾਂ ਨਾ ਮੰਨਣਾ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਦੇ ਸਮਾਨ ਹੈ ਕਿਉਂਕਿ ਐਸ ਵੇਲੇ ਗਰੀਸ ਨੂੰ ਉਹ ਬਦਲਵੀ ਲੋਕ ਪੱਖੀ ਆਰਥਿਕ ਵਿਕਾਸ ਦਾ ਮਾਡਲ ਹੀ ਸੰਕਟ 'ਚੋਂ ਕੱਢ ਸਕਦਾ ਹੈ ਜਿਹੜਾ ਸਮੁੱਚੇ ਵਿਦੇਸ਼ੀ ਕਰਜ਼ੇ ਨੂੰ ਵਾਪਸ ਕਰਨ ਤੋਂ ਇਨਕਾਰ ਕਰਕੇ ਸਮੁੱਚੀ ਵਿਦੇਸ਼ੀ ਕੰਪਨੀਆਂ/ ਕਾਰਪੋਰੇਟੀ ਪੂੰਜੀ ਅਦਾਰਿਆਂ ਦੀ ਪੂੰਜੀ ਨੂੰ ਜ਼ਬਤ ਕਰ ਲਵੇ। ਆਮ ਕਿਆਸਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਗਰੀਸ ਨੂੰ ਯੂਰਪੀਨ ਯੂਨੀਅਨ 'ਚੋਂ ਬਾਹਰ ਆ ਜਾਣਾ ਚਾਹੀਦਾ ਹੈ। ਇਹ ਇਕ ਕਦਮ ਹੈ ਪਰ ਇਹ ਮੁਕੰਮਲ ਹੱਲ ਨਹੀਂ।

ਗਰੀਸ ਯੂਰੋ ਖੇਤਰ 'ਚੋਂ ਬਾਹਰ ਨਿਕਲੇ, ਦੀ ਮੰਗ ਗਰੀਸ ਦੇ ਅੰਦਰੋਂ ਹੀ ਉਠ ਰਹੀ ਹੈ। ਜੇ ਗਰੀਸ ਯੂਰੋ ਕਰੰਸੀ ਛੱਡਕੇ ਆਪਣੀ ਪਹਿਲੀ ਕਰੰਸੀ ਡਰਾਮਚਾ ਨੂੰ ਅਪਣਾ ਲੈਂਦਾ ਹੈ ਤਾਂ ਉਹਨੂੰ ਨਾ ਸਿਰਫ਼ ਕਰਜ਼ਿਆਂ ਤੋਂ ਰਾਹਤ ਮਿਲੇਗੀ, ਸਗੋਂ ਜ਼ਰੂਰੀ ਆਯਾਤ ਲਈ ਮਾਨਵਤਾਵਾਦੀ ਸਹਾਇਤਾ ਵੀ ਮਿਲੇਗੀ। ਇਹ ਦੇ ਨਾਲ ਮੌਜੂਦਾ ਕੀਮਤਾਂ, ਤਨਖਾਹਾਂ, ਸੰਧੀਆਂ ਸਮਝੌਤੇ ਅਤੇ ਵਿਦੇਸ਼ੀ, ਦੇਸ਼ੀ ਕਰਜ਼ੇ ਡਰਾਮਚਾ ਵਿਚ ਬਦਲ ਜਾਣਗੇ ਅਤੇ ਉਨ੍ਹਾਂ ਦੀ ਕੀਮਤ ਘੱਟ ਜਾਵੇਗੀ। ਲੋਕ ਅਯਾਤ ਕੀਤੇ ਉਤਪਾਦਨ ਦੀ ਥਾਂ ਗਰੀਸ ਦੇ ਉਤਪਾਦਨ ਖ਼ੀਦਣ ਲੱਗਣਗੇ, ਸੈਰ ਸਪਾਟਾ ਵਧੇਗਾ, ਪੂੰਜੀ ਦੀ ਉਡਾਨ ਰੁਕ ਜਾਵੇਗੀ, ਅਮੀਰ ਗਰੀਸ ਲੋਕ ਆਪਣਾ ਪੈਸਾ ਲੈ ਕੇ ਦੇਸ਼ ਪਰਤਣਗੇ, ਜ਼ਮੀਨ ਜਾਇਦਾਦ ਖ਼ੀਦਣਗੇ। ਉਸਾਰੀ ਦੀਆਂ ਸਰਗਰਮੀਆਂ 'ਚ ਤੇਜ਼ੀ ਆਵੇਗੀ, ਹੋਰ ਕਾਰੋਬਾਰ ਵੀ ਵਧਣਗੇ। ਗਰੀਸ ਵਪਾਰ ਘਾਟਾ ਵੀ ਘਟੇਗਾ। ਪੰਜ ਦਸ ਸਾਲ ਜੇ ਇਵੇਂ ਚਲੇ ਤਾਂ ਗਰੀਸ ਪੈਰਾਂ






ਸਿਰ ਖੜ੍ਹਾ ਹੋ ਸਕਣ ਦੇ ਸਮਰਥ ਹੋ ਸਕਦਾ ਹੈ ਪਰ ਇਹ ਵਕਤੀ ਆਰਥਿਕ ਸੁਧਾਰਾਂ ਲਈ ਵੀ ਯੂਰਪੀਨ ਯੂਨੀਅਨ ਗਰੀਸ ਨੂੰ ਭੋਗ ਭਰ ਖੁੱਲ੍ਹ ਦੇਣ ਲਈ ਤਿਆਰ ਨਹੀਂ ਕਿਉਂਕਿ ਉਨ੍ਹਾਂ ਦੇ ਬੈਂਕਾਂ ਦਾ ਮੁਨਾਫ਼ਾ ਮਰਦਾ ਹੈ ਅਤੇ ਪੂੰਜੀ ਤਾਂ ਜਿਉਂਦੀ ਹੀ ਮੁਨਾਫ਼ੇ ਦੇ ਸਾਹਾਂ ਉਤੇ ਹੈ।

ਜਰਮਨੀ ਦੇ ਏਕੀਕਰਨ ਤੋਂ ਪਿਛੋਂ ਅਤੇ ਰੂਸ ਦੀ ਨਾਮਜਿਹਾਦ ਸਮਾਜਵਾਦੀ ਅਰਥ ਵਿਵਸਥਾ ਦੇ ਥਿੜਕਣ ਤੋਂ ਪਿਛੋਂ ਵਿਸ਼ਵੀ ਸਾਮਰਾਜੀ ਪੂੰਜੀ ਨੇ ਜਿਹੜੀਆਂ ਨੀਤੀਆਂ ਅਪਣਾਈਆਂ, ਗਰੀਸ ਉਨ੍ਹਾਂ ਦਾ ਹੀ ਸ਼ਿਕਾਰ ਹੋਇਆ ਹੈ। ਬਹੁਕੌਮੀ ਸਾਮਰਾਜੀ ਪੂੰਜੀ ਦੇ ਬੈਂਕਾਂ ਅਤੇ ਕੰਪਨੀਆਂ ਦੇ ਸੁਆਰਥਾਂ ਅਤੇ ਅੰਨੇ ਮੁਨਾਫ਼ਿਆਂ ਦੀ ਦੌੜ ਨੇ ਦੁਨੀਆ ਭਰ ਦੇ ਆਰਥਿਕ ਸੋਮਿਆਂ ਉਤੇ ਕਬਜ਼ਾ ਕਰਨਾ ਦੁਨੀਆ ਦੇ ਦੇਸ਼ਾਂ ਦੀ ਅਰਥ ਵਿਵਸਥਾ ਅਤੇ ਮੰਡੀ ਨੂੰ ਕਾਬੂ ਕਰਕੇ ਉਹਦਾ ਦੋਹਨ (ਲੁੱਟ) ਕਰਨ ਦੇ ਨਾਲ ਨਾਲ ਉਜਾੜਿਆ ਵੀ ਹੈ। ਮੌਜੂਦਾ ਖੁੱਲ੍ਹਾ ਪੂੰਜੀਵਾਦ ਸੰਕਟਾਂ ਅਤੇ ਤਬਾਹੀਆਂ ਦਾ ਸਬੱਬ ਬਣ ਰਿਹਾ ਹੈ। ਐਨਾ ਹੀ ਨਹੀਂ ਇਸ ਦੇ ਇਸ ਲੁੱਟ ਦੇ ਧੰਦੇ ਨੂੰ ਸਥਾਈ ਰੂਪ ਦੇਣ ਲਈ ਦੁਨੀਆ ਦੇ ਦੇਸ਼ਾਂ ਦੀ ਬਿਊਰੋਕਰੇਸੀ ਅਤੇ ਰਾਜਕੀ ਨੇਤਾਵਾਂ ਨੂੰ ਪੂੰਜੀ ਦੇ ਮੰਦੇ ਨਾਲ 'ਚ ਨਹਾਉਣ ਦੀ ਲੱਤ ਲਾ ਛੱਡੀ ਹੈ। ਗਰੀਸ ਦੇ 300 ਸੰਸਦ ਮੈਂਬਰਾਂ ਵਿਚੋਂ 222 ਸੰਸਦ ਜੇ ਲੋਕਾਂ ਦੇ ਹਿੱਤਾਂ (ਵਿਦੇਸ਼ੀ ਕਰਜ਼ੇ ਤੋਂ ਮੁਕਤੀ ਪਾਓ) ਅੱਗੇ ਗੋਡੇ ਟੇਕਣ ਤੱਕ ਡਿੱਗੇ ਹਨ ਤਾਂ ਇਹ ਸਿਰਫ਼ ਵਾਅਦਿਆਂ ਪ੍ਰਤੀ ਬੇਵਫ਼ਾਈ ਹੀ ਨਹੀਂ ਇਹ ਕਾਰਪੋਰੇਟੀ ਭ੍ਰਿਸ਼ਟ ਪੂੰਜੀ ਦਾ ਹੀ ਕ੍ਰਿਸ਼ਮਾ ਹੈ। ਇਹੋ ਕਾਰਨ ਹੈ ਕਿ ਸੰਸਦ 'ਤੇ ਅਹੁਦਿਆਂ ਉਤੇ ਬਿਰਾਜਮਾਨ ਇਨ੍ਹਾਂ ਦੇਸ਼ਧ੍ਰੋਹੀਆਂ ਦੀਆਂ ਜਾਇਦਾਦਾਂ ਸੈਂਕੜੇ ਗੁਣਾਂ ਫੀਸਦੀ ਨਾਲ ਵਧ ਰਹੀਆਂ ਹਨ। ਇਹ ਗਰੀਸ ਹੀ ਨਹੀਂ ਭਾਰਤ ਸਮੇਤ ਦੁਨੀਆ ਭਰ ਵਿਚ ਚਲ ਰਿਹਾ ਹੈ।

ਇਸੇ ਸਾਲ ਤੀਸਰੀ ਵਾਰ ਸਤੰਬਰ 'ਚ ਹੋਈਆਂ ਚੋਣਾਂ 'ਚ ਸੀਰਿਜਾ ਪਾਰਟੀ ਫਿਰ ਬਹੁਸੰਮਤੀ ਨਾਲ ਜਿੱਤੀ ਹੈ। ਹਾਲਾਂਕਿ ਪ੍ਰਧਾਨ ਮੰਤਰੀ ਸਿਪਾਰਸ ਨੇ ਵਿਰੋਧੀ ਧਿਰਾਂ ਦੀ ਹਮਾਇਤ ਨਾਲ ਕਟੌਤੀ ਪ੍ਰੋਗਰਾਮ ਲਾਗੂ ਕਰਕੇ ਕੌਮਾਂਤਰੀ ਪੂੰਜੀ ਮੂਹਰੇ ਗੋਡੇ ਟੇਕ ਦਿੱਤੇ ਸਨ। ਫੇਰ ਵੀ ਲੋਕਾਂ ਨੇ ਸੀਰਿਜਾ ਨੂੰ ਵੋਟ ਦਿੱਤੇ । ਖੱਬੇ ਪੱਖੀ ਗਰਮ ਦਲੀਆਂ ਨੂੰ ਨਾ ਤਿੰਨ ਫੀਸਦੀ ਵੋਟ ਮਿਲੇ ਨਾ ਹੀ ਕੋਈ ਸੀਟ। ਗਰੀਸ ਕਮਿਊਨਿਸਟ ਪਾਰਟੀ ਦੀ ਹਾਲਤ ਵੀ ਪਹਿਲਾਂ ਵਾਲੀ ਹੀ ਰਹੀ। ਇਨ੍ਹਾਂ ਚੋਣਾਂ 'ਚ ਜੇ ਫਾਇਦਾ ਹੋਇਆ ਹੈ ਤਾਂ ਉਹ ਹੈ ਗੋਲਡਨ ਡਾਨ ਪਾਰਟੀ ਜਿਹੜੀ ਅਤਿ ਗੱਜ ਪਿਛਾਖੜੀ ਅਤੇ ਵਾਸ਼ਿਸ਼ਟ ਪ੍ਰਵਿਰਤੀ ਵਾਲੀ ਹੈ। ਉਹਦੇ ਵੋਟ 6.8 ਫੀਸਦੀ ਤੋਂ 7.2 ਫੀਸਦੀ ਵਧੇ ਅਤੇ ਸੀਟਾਂ 17 ਤੋਂ 19 ਹੋ ਗਈਆਂ। ਇਉਂ ਇਹ ਤੀਜੀ ਵੱਡੀ ਪਾਰਟੀ ਬਣ ਗਈ ਹੈ। ਲੋਕਾਂ ਦੇ ਵਿਵਸਥਾ ਤੋਂ ਹੋ ਰਹੇ ਮੋਹ ਭੰਗ ਦਾ ਫਾਇਦਾ ਲੈ ਕੇ ਅਗਲੇਰਾ ਬਦਲ ਕੇ ਗੋਲਡਨ ਡਾਨ ਵਰਗੀ ਪਾਰਟੀ ਬਣਦੀ ਹੈ ਤਾਂ ਇਹ ਮਜ਼ਦੂਰ ਜਮਾਤ ਲਈ ਇਕ ਖਤਰਨਾਕ ਰੁਝਾਨ ਹੋਵੇਗਾ। ਹੁਣ ਵੇਲਾ ਆ ਗਿਆ ਹੈ ਕਿ ਗਰੀਸ ਦੇ ਲੋਕ ਇਸ ਲਾਇਲਾਜ ਸੰਕਟ ਦਾ ਹੱਲ ਵਾਰ ਵਾਰ ਬੇਲ ਆਊਟ ਹਾਸਲ ਕਰਨ ਅਤੇ ਸਾਮਰਾਜੀ ਪੂੰਜੀ ਦੀਆਂ ਸ਼ਰਤਾਂ ਪ੍ਰਵਾਨ ਕਰਨ ਦੀ ਥਾਂ, ਸਾਮਰਾਜੀ ਪੂੰਜੀ ਨਾਲ ਕੀਤੀ ਹਰ ਸੰਧੀ ਨੂੰ ਤੋੜ ਦੇਣ ਅਤੇ ਆਪਣੇ ਆਜ਼ਾਦ ਮੁਲਕ ਦੀ ਵਾਗਡੋਰ ਹੱਥ ਲੈਂਦਿਆਂ, ਸਾਮਰਾਜੀ ਪੂੰਜੀ ਅਤੇ ਕਾਬੇ ਦੀ ਛੱਟ ਲਾਹ ਕੇ ਗਰੀਸ ਦੀ ਪੁਰਾਣੀ ਸ਼ਾਨ ਬਹਾਲ ਕਰਨ ਅਤੇ ਆਪਣੀ ਤਕਦੀਰ ਦੇ ਆਪ ਮਾਲਕ ਬਣਨ ਦਾ ਡੰਡਾ ਉਠਾ ਲੈਣ।

93544-30211

# ਧਰਤੀ ਹੇਠਲਾ ਬਲਦ



**ਤੇਜਿੰਦਰ ਗਿੱਲ**

ਜਦੋਂ ਅਸੀਂ ਭੂਚਾਲ ਬਾਰੇ ਲੋਕਾਂ ਨੂੰ ਗੱਲਾਂ ਕਰਦੇ ਸੁਣਦੇ ਹਾਂ ਲੋਕਾਂ ਦੇ ਤਰ੍ਹਾਂ ਤਰ੍ਹਾਂ ਦੇ ਅੰਦਾਜ਼ਿਆਂ ਬਾਰੇ ਪਤਾ ਲੱਗਦਾ ਹੈ । ਬੇਸ਼ੱਕ ਅੱਜਕੱਲ੍ਹ ਵਿਗਿਆਨ ਦਾ ਪ੍ਰਸਾਰ ਹੋਣ ਕਰਕੇ ਭੂਚਾਲ ਬਾਰੇ ਲੋਕਾਂ ਦੀ ਪਹਿਲਾਂ ਵਾਲੀ ਸੋਚ ਨਹੀਂ ਹੈ ਪਰ ਪੁਰਾਣੇ ਲੋਕ ਅਕਸਰ ਭੂਚਾਲ ਆਉਣ ਦਾ ਕਾਰਨ ਇਹ ਸਮਝਦੇ ਸਨ ਕਿ ਇਸ ਧਰਤੀ ਨੂੰ ਕਿਸੇ ਬਲਦ ਨੇ ਆਪਣੇ ਇੱਕ ਸਿੰਗ 'ਤੇ ਚੁੱਕਿਆ ਹੋਇਆ ਹੈ ਅਤੇ ਜਦੋਂ ਉਹ ਬਲਦ ਥੱਕ ਜਾਂਦਾ ਹੈ ਤਾਂ ਉਹ ਆਪਣਾ ਸਿੰਗ ਬਦਲ ਕੇ ਧਰਤੀ ਨੂੰ ਦੂਸਰੇ ਸਿੰਗ 'ਤੇ ਕਰਦਾ ਹੈ ਤਾਂ ਸਿੰਗ ਬਦਲਣ ਵੇਲੇ ਧਰਤੀ ਹਿੱਲ ਜਾਂਦੀ ਹੈ ਤਾਂ ਉਦੋਂ ਭੂਚਾਲ ਆਉਂਦਾ ਹੈ । ਪਰ ..ਅਸੀਂ ਕਦੇ ਬਜ਼ੁਰਗਾਂ ਨੂੰ ਇਹ ਨਹੀਂ ਪੁੱਛਿਆ ਕਿ ਜੇਕਰ ਸਾਡੀ ਧਰਤੀ ਬਲਦ ਦੇ ਇੱਕ ਸਿੰਗ 'ਤੇ ਖੜ੍ਹੀ ਹੈ ਤਾਂ ਬਲਦ ਕਿਸ ਚੀਜ਼ ਉੱਪਰ ਖੜ੍ਹਾ ਹੈ ?

ਪਰ ਭੂਚਾਲ ਆਉਣ ਦੇ ਵਿਗਿਆਨਕ ਕਾਰਨ ਜਾਗਰੂਕ ਲੋਕ ਜਾਣਦੇ ਹਨ ।

ਭੂਚਾਲ ਆਉਣ ਦਾ ਕਾਰਨ ਧਰਤੀ ਹੇਠੋਂ ਪਲੇਟਾਂ ਦਾ ਸਰਕਣਾ ਮੰਨਿਆ ਜਾਂਦਾ ਹੈ। ਜਦੋਂ ਪਲੇਟਾਂ ਆਪਸ 'ਚ ਸਰਕ ਖਾਂਦੀਆਂ ਹਨ ਤਾਂ ਤਰੰਗਾਂ ਪੈਦਾ ਹੁੰਦੀਆਂ ਹਨ। ਇਹ ਤਰੰਗਾਂ ਧਰਤੀ ਨੂੰ ਹਿਲਾ ਦਿੰਦੀਆਂ ਹਨ। ਅਸਲ 'ਚ ਧਰਤੀ ਅੰਦਰ 'ਇਲਾਸਟਿਕ' ਊਰਜਾ ਜਮਾਂ ਹੁੰਦੀ ਰਹਿੰਦੀ ਹੈ। ਜਦੋਂ ਧਰਤੀ ਦੇ ਉਪਰੀ ਖੋਲ 'ਚੋ ਇਹ ਊਰਜਾ ਇਕਦਮ ਬਾਹਰ ਨਿਕਲਦੀ ਹੈ ਤਾਂ ਇਹ ਧਰਤੀ ਦੀਆਂ ਪਲੇਟਾਂ ਨੂੰ ਹਿਲਾ ਕੇ ਇਕ ਦੂਜੀ ਨਾਲ ਸਰਕਣ ਲਈ ਮਜਬੂਰ ਕਰ ਦਿੰਦੀ ਹੈ। ਜਿਸ ਦੇ ਸਿਟੇ ਵਜੋਂ ਭੂਚਾਲ ਆਉਂਦੇ ਹਨ।

ਇਹ 'ਇਲਾਸਟਿਕ' ਊਰਜਾ ਧਰਤੀ ਦੀ ਪੇਪੜੀ ਦੇ 'ਬਰਿਟਲ' ਜਿਸਨੂੰ ਭੰਗੁਰ ਕਹਿੰਦੇ ਹਨ, ਸ਼ੈਲਾਂ 'ਚ ਤਣਾਅ ਦੇ ਰੂਪ 'ਚ ਇਕੱਠੀ ਹੁੰਦੀ ਰਹਿੰਦੀ ਹੈ। ਇਸ ਤਰਾਂ ਪੈਦਾ ਹੋਇਆ ਪ੍ਰਤੀਬਲ ਜਦੋਂ ਇਨਾਂ ਸ਼ੈਲਾ ਦੀ ਸਹਿਣ ਸੀਮਾ ਤੋਂ ਬਾਹਰ ਹੋ ਜਾਂਦਾ ਹੈ ਤਾਂ ਇਹ ਊਰਜਾ ਸ਼ੈਲ ਨੂੰ ਤੋੜ ਕੇ ਬਾਹਰ ਵੱਲ ਨੂੰ ਨਿਕਲਣ ਦੀ ਕੋਸ਼ਿਸ਼ ਕਰਦੀ ਹੈ। ਇਹ ਰਿਸਾਵ ਭੁਕੰਪੀ ਤਰੰਗਾਂ ਦੇ ਰੂਪ 'ਚ ਹੁੰਦਾ ਹੈ। ਤਰੰਗਿਤ ਹੋ ਕੇ ਜਮੀਨ ਹਿਲਣ ਲਗਦੀ ਹੈ। ਇਸ ਦਾ ਵਿਨਾਸ਼ਕਾਰੀ ਪ੍ਰਭਾਵ ਅਸੀਂ ਧਰਤੀ ਦੀ ਸਤਹਿ ਤੇ ਮਹਿਸੂਸ ਕਰਦੇ ਹਾਂ। ਪਰ ਪੁਰਾਣੇ ਵੇਲਿਆਂ ਵਿੱਚ ਕਈ ਇਲਾਕਿਆਂ ਵਿੱਚ ਧਰਤੀ ਨੂੰ ਬਲਦ ਦੇ ਇੱਕ ਸਿੰਗ ਉੱਤੇ ਖੜ੍ਹੀ ਆਖਿਆ ਜਾਂਦਾ ਸੀ, ਕਈ ਇਲਾਕਿਆਂ ਵਿੱਚ ਕੱਛੂ ਦੀ ਪਿੱਠ 'ਤੇ ਖੜ੍ਹੀ ਆਖਿਆ ਜਾਂਦਾ ਸੀ ਅਤੇ ਕਈ ਇਲਾਕਿਆਂ ਵਿੱਚ ਮੱਛੀ ਦੀ ਪੂਛ ਉੱਤੇ ਖੜ੍ਹੀ ਆਖਿਆ ਜਾਂਦਾ ਸੀ । ਅਸਲ ਵਿੱਚ ਇਹਨਾਂ ਨੂੰ ਖੇਤਰੀ ਵਿਚਾਰਧਾਰਾਵਾਂ ਕਹਿੰਦੇ ਹਨ, ਜੋ ਕਿਸੇ ਖੇਤਰ ਨਾਲ ਸਬੰਧ ਰੱਖਦੀਆਂ ਹਨ । ਪੁਰਾਣੇ ਜਮਾਨੇ ਵਿੱਚ ਜਿਨ੍ਹਾਂ ਮੈਦਾਨੀ ਇਲਾਕਿਆਂ ਵਿੱਚ ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ ਉਹਨਾਂ ਲੋਕਾਂ ਲਈ ਬਲਦ ਹੀ ਇੱਕ ਤਾਕਤਵਰ ਜਾਨਵਰ ਸੀ ਜੋ ਸਾਰਾ ਦਿਨ ਮਿਹਨਤ ਕਰਦਾ ਸੀ । ਇਸ ਕਰਕੇ ਉਹਨਾਂ ਲੋਕਾਂ ਨੇ ਇਸ ਧਰਤੀ ਨੂੰ ਬਲਦ ਦੇ ਸਿੰਗ ਉੱਤੇ ਖੜ੍ਹੀ ਸਮਝ ਲਿਆ ।

ਜਿਹੜੇ ਇਲਾਕੇ ਵਿੱਚ ਨਦੀਆਂ ਅਤੇ ਦਰਿਆਵਾਂ ਦੇ ਨੇੜੇ ਲੱਗਦੇ ਸਨ ਉਹਨਾਂ ਲੋਕਾਂ ਲਈ ਤਾਕਤਵਰ ਜੀਵ ਦੀ ਉਦਾਹਰਨ ਕੱਛੂ ਹੀ ਸੀ, ਜੋ ਕਿ ਇੱਕ ਵਿਅਕਤੀ ਦਾ ਭਾਰ ਵੀ ਬਰਦਾਸ਼ਤ ਕਰ ਲੈਂਦਾ ਸੀ । ਇਸ ਕਰਕੇ ਅਜਿਹੇ ਇਲਾਕਿਆਂ ਦੇ ਲੋਕਾਂ ਨੇ ਧਰਤੀ ਨੂੰ ਕੱਛੂ ਦੀ ਪਿੱਠ ਉੱਤੇ ਖੜ੍ਹੀ ਮੰਨ ਲਿਆ ।

ਜਿਹੜੇ ਇਲਾਕੇ ਸਮੁੰਦਰ ਦੇ ਕੰਢੇ ਲੱਗਦੇ ਸਨ ਉਹਨਾਂ ਨੇ ਧਰਤੀ ਨੂੰ ਕਿਸੇ ਤਾਕਤਵਰ ਮੱਛੀ ਦੀ ਪੂਛ ਉੱਤੇ ਖੜ੍ਹੀ ਮੰਨ ਲਿਆ ।

ਪਰ ਪੁਰਾਣੇ ਸਮੇਂ ਵਿੱਚ ਲੋਕ ਕਿਸੇ ਘਟਨਾ ਜਾਂ ਦੁਰਘਟਨਾ ਦੇ ਕਾਰਨਾਂ ਨੂੰ ਸਮਝਣ ਦੀ ਥਾਂ ਆਪਣੇ ਅੰਦਾਜ਼ੇ ਨਾਲ ਹੀ ਕੰਮ ਚਲਾ ਲੈਂਦੇ ਸਨ, ਅਤੇ ਲੋਕਾਂ ਦੇ ਲਗਾਏ ਇਹੀ ਅੰਦਾਜ਼ੇ ਅੱਗੇ ਜਾ ਕੇ ਮਿਥਿਹਾਸ ਬਣ ਜਾਂਦੇ ਸਨ, ਅਤੇ ਇਹੀ ਮਿਥਿਹਾਸ ਨੂੰ ਲੋਕ ਸੱਚ ਸਮਝਣ ਲੱਗਦੇ ਸਨ। ਅਖੌਤੀ ਰੱਬ ਦੀ ਕਲਪਨਾ ਵੀ ਇਸ ਧਰਤੀ ਹੇਠਲੇ ਬਲਦ ਵਾਂਗ ਪਹਿਲਾਂ ਇੱਕ ਅੰਦਾਜ਼ਾ ਬਣੀ, ਫਿਰ ਇੱਕ ਮਿਥਿਹਾਸ ਬਣੀ, ਅਤੇ ਅੱਜ ਲੋਕਾਂ ਦੀ ਬਹੁਗਿਣਤੀ ਇਸ ਕਲਪਨਾ ਨੂੰ ਸੱਚ ਸਮਝ ਰਹੀ ਹੈ।






# ਵਿਕੀਪੀਡੀਆ : ਗਿਆਨ ਇਨਕਲਾਬ ਅਤੇ ਪੰਜਾਬੀ



ਸੁਖਵੰਤ ਹੁੰਦਲ

**(ਪਿਛਲੇ ਅੰਕ ਦੀ ਬਾਕੀ)**

ਵਿਕੀਪੀਡੀਏ ਦੇ ਆਪਣੇ ਅੰਕੜਿਆਂ ਅਨੁਸਾਰ ਇਸ ’ਤੇ ਇਕ ਸਕਿੰਟ ਵਿੱਚ 10 ਜਾਂ ਇਕ ਮਿੰਟ ਵਿੱਚ 600 ਸੋਧਾਂ ਹੁੰਦੀਆਂ ਹਨ। ਤੇਜ਼ੀ ਨਾਲ ਹੋ ਰਹੀਆਂ ਇਹਨਾਂ ਸੋਧਾਂ ’ਤੇ ਹਜ਼ਾਰਾਂ ਐਡੀਟਰਾਂ ਵਲੋਂ ਨਿੱਜੀ ਤੌਰ ’ਤੇ ਨਿਗ੍ਹਾ ਰੱਖਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਇਸ ਸਮੱਸਿਆ ਨਾਲ ਨਿਪਟਣ ਲਈ ਕੰਪਿਊਟਰ ਸਾਫਟਵੇਅਰ ਦਾ ਗਿਆਨ ਰੱਖਣ ਵਾਲੇ ਕੁਝ ਐਡੀਟਰਾਂ ਨੇ ਅਜਿਹੇ ਸੌਫਟਵੇਅਰ ਪ੍ਰੋਗਰਾਮ ਤਿਆਰ ਕੀਤੇ ਹਨ ਜਿਹੜੇ ਆਪਣੇ ਆਪ ਵਿਕੀਪੀਡੀਏ ’ਤੇ ਪਈ ਜਾਣਕਾਰੀ ਦੀ ਨਿਗਰਾਨੀ ਕਰਦੇ ਰਹਿੰਦੇ ਹਨ ਅਤੇ ਸ਼ਰਾਰਤੀ ਅਨਸਰਾਂ ਵਲੋਂ ਇਸ ਜਾਣਕਾਰੀ ਨਾਲ ਕੀਤੀ ਛੇੜਛਾੜ ਨੂੰ ਦਰੁੱਸਤ ਕਰਦੇ ਰਹਿੰਦੇ ਹਨ। ਇਹ ਸੌਫਟਵੇਅਰ ਪ੍ਰੋਗਰਾਮ ਰੋਬੌਟਾਂ ਵਾਂਗ ਕੰਮ ਕਰਦੇ ਹਨ, ਇਸ ਲਈ ਇਹਨਾਂ ਨੂੰ “ਬੌਟਸ” ਕਿਹਾ ਜਾਂਦਾ ਹੈ। ਇਕ ਅੰਦਾਜ਼ੇ ਅਨੁਸਾਰ ਬੌਟਸ 50 ਫੀਸਦੀ ਤੋਂ ਵੱਧ ਗਲਤੀਆਂ ਫੜਨ ਵਿੱਚ ਕਾਮਯਾਬ ਹੋਏ ਹਨ।

ਇਸ ਦੇ ਨਾਲ ਨਾਲ ਵਿਕੀਪੀਡੀਏ ਦਾ ਸੌਫਟਵੇਅਰ ਇਸ ਗੱਲ ਦੀ ਇਜਾਜ਼ਤ ਵੀ ਦਿੰਦਾ ਹੈ ਕਿ ਜੇ ਲੋੜ ਜਾਪੇ ਤਾਂ ਵਿਕੀਪੀਡੀਏ ਦੇ ਸਫਿਆਂ ਨੂੰ ਲਾਕ ਕੀਤਾ ਜਾ ਸਕਦਾ ਹੈ ਤਾਂ ਕਿ ਉਹਨਾਂ ਵਿੱਚ ਹੋਰ ਜਾਣਕਾਰੀ ਨਾ ਪਾਈ ਜਾ ਸਕੇ। ਇਸ ਤਕਨੀਕ ਨੂੰ ਵਰਤਕੇ ਵਿਕੀਪੀਡੀਏ ਦੇ ਐਡਮਿਨਸਟ੍ਰੇਟਰ ਉਨ੍ਹਾਂ ਸਫਿਆਂ ਨੂੰ ਲਾਕ ਕਰ ਦਿੰਦੇ ਹਨ, ਜਿਨ੍ਹਾਂ ਸਫਿਆਂ ਵਿੱਚ ਜਾਣਕਾਰੀ ਨਾਲ ਗਲਤ ਛੇੜਛਾੜ ਕਰਨ ਦੀਆਂ ਗਤੀਵਿਧੀਆਂ ਦਾ ਖਤਰਾ ਹੋਵੇ। ਵਿਕੀਪੀਡੀਏ ਦੇ ਐਡਮਿਨਸਟ੍ਰੇਟਰਾਂ ਕੋਲ ਇਹ ਤਾਕਤ ਵੀ ਹੁੰਦੀ ਹੈ ਕਿ ਉਹ ਉਹਨਾਂ ਐਡੀਟਰਾਂ ਜਾਂ ਵਰਤੋਂਕਾਰਾਂ ਨੂੰ ਕੁਝ ਘੰਟਿਆਂ, ਕੁਝ ਦਿਨਾਂ, ਕੁਝ ਹਫਤਿਆਂ ਜਾਂ ਸਦਾ ਲਈ ਬੈਨ ਕਰ ਸਕਦੇ ਹਨ ਜਿਹੜੇ ਵਿਕੀਪੀਡੀਏ ਦੀ ਜਾਣਕਾਰੀ ਨਾਲ ਗਲਤ ਛੇੜਛਾੜ ਕਰ ਰਹੇ ਹੋਣ। ਵਿਕੀਪੀਡੀਏ ਵਲੋਂ ਚੁੱਕੇ ਗਏ ਇਸ ਤਰ੍ਹਾਂ ਦੇ ਕਦਮ ਵਿਕੀਪੀਡੀਏ ਉੱਤੇ ਜਾਣਕਾਰੀ ਨਾਲ ਜਾਣਬੁੱਝ ਕੇ ਕੀਤੀ ਜਾਣ ਵਾਲੀ ਗਲਤ ਛੇੜਛਾੜ ਦੀ ਸਮੱਸਿਆ ਨੂੰ ਰੋਕਣ ਵਿੱਚ ਕਾਮਯਾਬ ਹੋਏ ਹਨ। ਇਸ ਸੰਬੰਧ ਵਿੱਚ ਅਸੀਂ ਉੱਪਰ ਬਿਆਨੀ ਗੱਲ ਇਕ ਵਾਰ ਫਿਰ ਦੁਹਰਾਉਣਾ ਚਾਹਾਂਗੇ ਕਿ ਜੇ ਦੁਨੀਆ ਵਿੱਚ ਕੁਝ ਕੁ ਅਜਿਹੇ ਲੋਕ ਮੌਜੂਦ ਹਨ ਜੋ ਜਾਣਬੁੱਝ ਕੇ ਵਿਕੀਪੀਡੀਏ ਦੀ ਜਾਣਕਾਰੀ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹਨਾਂ ਲੋਕਾਂ ਨਾਲੋਂ ਕਈ ਗੁਣਾਂ ਜ਼ਿਆਦਾ ਅਜਿਹੇ ਲੋਕ ਹਨ ਜੋ ਵਿਕੀਪੀਡੀਏ ਉਪਰਲੀ ਜਾਣਕਾਰੀ ਦੀ ਸੁਰੱਖਿਆ ਕਰਨ ਲਈ ਆਪਣਾ ਸਮਾਂ ਲਾਉਣ ਲਈ ਤਿਆਰ ਹਨ ਅਤੇ ਆਪਣੇ ਕੀਤੇ ਕੰਮ ਉੱਤੇ ਮਾਣ ਕਰਦੇ ਹਨ। ਵਿਕੀਪੀਡੀਏ ਦਾ ਪਿਛਲੇ 14 ਸਾਲਾਂ ਦਾ ਤਜਰਬਾ ਇਸ ਗੱਲ ਦੀ ਸ਼ਕਤੀਸ਼ਾਲੀ ਢੰਗ ਨਾਲ ਪੁਸ਼ਟੀ ਕਰਦਾ ਹੈ। ਇਕ ਹੋਰ ਵੱਡੀ ਚੁਣੌਤੀ ਜਿਸ ਦਾ ਵਿਕੀਪੀਡੀਏ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਹੈ ਇਸ ਲਈ ਜਾਣਕਾਰੀ ਤਿਆਰ ਕਰਨ ਵਾਲਿਆਂ ਵਿਚਲੀ ਵੰਨਸੁਵੰਨਤਾ ਦੁਨੀਆ ਦੀ ਅਸਲੀ ਵੰਨਸੁਵੰਨਤਾ ਦੀ ਨੁਮਾਇੰਦਗੀ ਨਹੀਂ ਕਰਦੀ। ਇਸ ਦੇ ਨਤੀਜੇ ਵਜੋਂ ਵਿਕੀਪੀਡੀਏ ’ਤੇ ਮੌਜੂਦ ਜਾਣਕਾਰੀ ਵਿੱਚ ਕਈ ਤਰ੍ਹਾਂ ਦੀਆਂ ਅਸਮਾਨਤਾਵਾਂ ਪੈਦਾ ਹੋ ਰਹੀਆਂ ਹਨ। ਉਦਾਹਰਨ ਲਈ ਵਿਕੀਪੀਡੀਏ ਲਈ ਜਾਣਕਾਰੀ ਤਿਆਰ ਕਰਨ ਵਾਲੇ ਐਡੀਟਰਾਂ ਵਿੱਚੋਂ 85-90 ਫੀਸਦੀ ਮਰਦ ਹਨ। ਨਤੀਜੇ ਵੱਜੋਂ ਵਿਕੀਪੀਡੀਏ ਉੱਪਰਲੀ ਜਾਣਕਾਰੀ ਵਿੱਚ ਔਰਤਾਂ ਦੇ ਪੱਖ ਤੋਂ ਕਈ ਤਰ੍ਹਾਂ ਦੀਆਂ ਕਮੀਆਂ ਦੇਖਣ ਨੂੰ ਮਿਲਦੀਆਂ ਹਨ। ਉਦਾਹਰਨ ਲਈ ਕੁੱਝ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਵਿਕੀਪੀਡੀਏ ’ਤੇ ਕਲਾ, ਵਿਗਿਆਨ, ਸਾਹਿਤ ਆਦਿ ਖੇਤਰਾਂ ਵਿੱਚ ਨਾਮਣਾ ਖੱਟ ਚੁੱਕੀਆਂ ਔਰਤਾਂ ਬਾਰੇ ਆਰਟੀਕਲਾਂ ਦੀ ਗਿਣਤੀ ਘੱਟ ਹੈ। ਇਸ ਤਰ੍ਹਾਂ ਮਰਦਾਂ ਦੀ ਦਿਲਚਸਪੀ ਵਾਲੇ ਵਿਸ਼ਿਆਂ ਜਿਵੇਂ ਮਿਲਟਰੀ ਆਦਿ ਬਾਰੇ ਆਰਟੀਕਲ ਜ਼ਿਆਦਾ ਮਿਲਦੇ ਹਨ ਅਤੇ ਔਰਤਾਂ ਦੀ ਦਿਲਚਸਪੀ ਵਾਲੇ ਵਿਸ਼ਿਆਂ ਜਿਵੇਂ ਟੈਕਸਟਾਇਲ ਆਰਟਸ ਆਦਿ ਬਾਰੇ ਆਰਟੀਕਲਾਂ ਦੀ ਗਿਣਤੀ ਘੱਟ ਹੈ। ਜੇ ਅਸੀਂ ਅੰਗਰੇਜ਼ੀ ਵਿਕੀਪੀਡੀਏ ਲਈ ਲਿਖਣ ਵਾਲੇ ਐਡੀਟਰਾਂ ਦੀ ਗਿਣਤੀ ਨੂੰ ਦੁਨੀਆ ਦੇ ਭੂਗੋਲਿਕ ਖਿੱਤਿਆਂ ਦੇ ਆਧਾਰ ’ਤੇ ਵੰਡ ਕੇ ਦੇਖੀਏ ਤਾਂ ਵੀ ਸਾਨੂੰ ਇਸ ਵਿੱਚ ਵੱਡੀਆਂ ਅਸਮਾਨਤਵਾਂ ਨਜ਼ਰ ਆਉਂਦੀਆਂ ਹਨ। ਉਦਾਹਰਨ ਲਈ ਅੰਗਰੇਜ਼ੀ ਵਿਕੀਪੀਡੀਏ ਦੀ 20 ਫੀਸਦੀ ਸਮੱਗਰੀ ਯੂ ਕੇ ਨਾਲ ਸੰਬੰਧਤ ਐਡੀਟਰਾਂ ਅਤੇ 25 ਫੀਸਦੀ ਸਮੱਗਰੀ ਅਮਰੀਕਾ ਨਾਲ ਸੰਬੰਧਤ ਐਡੀਟਰਾਂ ਵਲੋਂ ਲਿਖੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਅਸਮਾਨਤਵਾਂ ਦਾ ਹੀ ਨਤੀਜਾ ਹੈ ਕਿ



ਵਿਕੀਪੀਡੀਏ ’ਚ ਛਪੇ ਆਰਟੀਕਲਾਂ ਵਿੱਚੋਂ ਬਹੁਤ ਜ਼ਿਆਦਾ ਗਿਣਤੀ ਵਿੱਚ ਆਰਟੀਕਲ ਯੂਰਪ ਅਤੇ ਉੱਤਰੀ ਅਮਰੀਕਾ ਬਾਰੇ ਹਨ ਅਤੇ ਅਫਰੀਕਾ, ਏਸ਼ੀਆ ਅਤੇ ਦੱਖਣੀ ਅਮਰੀਕਾ ਬਾਰੇ ਆਰਟੀਕਲਾਂ ਦੀ ਗਿਣਤੀ ਘੱਟ ਹੈ। ਇਸ ਦਾ ਭਾਵ ਇਹ ਹੈ ਕਿ ਗਿਆਨ ਦੇ ਸੰਬੰਧ ਵਿੱਚ ਜਿਸ ਤਰ੍ਹਾਂ ਦੀਆਂ ਅਸਮਾਨਤਾਵਾਂ ਦੁਨੀਆ ਵਿੱਚ ਮੌਜੂਦ ਹਨ, ਉਹ ਵਿਕੀਪੀਡੀਏ ਵਿੱਚ ਉਜਾਗਰ ਹੋ ਰਹੀਆਂ ਹਨ। ਇਸ ਤਰ੍ਹਾਂ ਦੀਆਂ ਅਸਮਾਨਤਾਵਾਂ, ਖਾਸ ਕਰਕੇ ਲਿੰਗ ਆਧਾਰਿਤ ਅਸਮਾਨਤਾ, ਨੂੰ ਘਟਾਉਣ ਲਈ ਵਿਕੀਪੀਡੀਏ ਵਲੋਂ ਖਾਸ ਯਤਨ ਕੀਤੇ ਜਾ ਰਹੇ ਹਨ। ਉਦਾਹਰਨ ਲਈ ਪਿਛਲੇ ਕੁਝ ਸਾਲਾਂ ਦੌਰਾਨ ਵਿਕੀਪੀਡੀਏ ਨੇ ਔਰਤਾਂ ਐਡੀਟਰਾਂ ਦੀ ਗਿਣਤੀ ਵਧਾਉਣ, ਔਰਤਾਂ ਬਾਰੇ ਲਿਖੇ ਆਰਟੀਕਲਾਂ ਵਿੱਚ ਸੋਧ ਕਰਨ ਅਤੇ ਉਹਨਾਂ ਦੀ ਗਿਣਤੀ ਵਧਾਉਣ ਲਈ ਕਾਲਜਾਂ, ਯੂਨੀਵਰਸਿਟੀਆਂ, ਲਾਇਬ੍ਰੇਰੀਆਂ, ਅਜਾਇਬ ਘਰਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਸੰਸਥਾਂਵਾਂ ਨਾਲ ਮਿਲ ਕੇ ਵਰਕਸ਼ਾਪਾਂ ਅਤੇ ਸਮਾਗਮਾਂ (ਐਡਿਟ-ਥਾਨਜ਼) ਲਾਉਣ ਦਾ ਪ੍ਰਬੰਧ ਕੀਤਾ ਹੈ। ਉਦਾਹਰਨ ਲਈ, ਸਾਇੰਸ ਵਿੱਚ ਉੱਤਮਤਾ (ਐਕਸੇਲੈਂਸ) ਨੂੰ ਪ੍ਰਫੁੱਲਤ ਕਰਨ ਲਈ ਸੰਨ 1660 ਵਿੱਚ ਹੋਂਦ ਵਿੱਚ ਆਈ ਰੌਇਲ ਸੁਸਾਇਟੀ ਵਿਕੀਪੀਡੀਏ ਵਿੱਚ ਔਰਤਾਂ ਵਲੋਂ ਸਾਇੰਸ ਵਿੱਚ ਪਾਏ ਯੋਗਦਾਨ ਪਾਉਣ ਬਾਰੇ ਆਰਟੀਕਲਾਂ ਦੀ ਗਿਣਤੀ ਵਿੱਚ ਸੁਧਾਰ ਕਰਨ ਅਤੇ ਵਿਕੀਪੀਡੀਏ ਲਈ ਔਰਤ ਐਡੀਟਰਾਂ ਦੀ ਗਿਣਤੀ ਵਧਾਉਣ ਲਈ ਸੰਨ 2012 ਤੋਂ ਸ਼ੁਰੂ ਕਰ ਕੇ ਹਰ ਸਾਲ ਇਕ ਸਮਾਗਮ (ਐਡਿਟ ਏ ਥੌਨ) ਦਾ ਪ੍ਰਬੰਧ ਕਰਦੀ ਹੈ। ਆਪਣੀ ਪਹਿਲੀ ਵਰਕਸ਼ਾਪ ਪਿੱਛੇ ਕੰਮ ਕਰਦੀ ਪ੍ਰੇਰਨਾ ਬਾਰੇ ਗੱਲ ਕਰਦਿਆਂ, ਵਰਕਸ਼ਾਪ ਦੀ ਪ੍ਰਬੰਧਕ ਪ੍ਰੌਫੈਸਰ ਊਟਾ ਫਰਿਥ ਦਾ ਕਹਿਣਾ ਸੀ, “ਵਿਕੀਪੀਡੀਆ ਪਹਿਲੀ ਥਾਂ ਹੈ ਜਿੱਥੇ ਬਹੁਤੇ ਲੋਕ ਜਾਣਕਾਰੀ ਲੈਣ ਲਈ ਜਾਂਦੇ ਹਨ, ਪਰ ਜੇ ਇਹ ਜਾਣਕਾਰੀ ਉੱਥੇ ਨਹੀਂ ਹੋਵੇਗੀ, ਤਾਂ ਅਸੀਂ ਸਾਇੰਸ ਵਿਚਲੀਆਂ ਆਪਣੀਆਂ ਹੀਰੋਈਨਾਂ ਬਾਰੇ ਕਿਵੇਂ ਜਾਣਾਂਗੇ”। ਇਸ ਹੀ ਤਰ੍ਹਾਂ ਫਰਵਰੀ 2014 ਵਿੱਚ ਪੈਨਸਿਲਵੇਨੀਆ ਦੀ ਪੈਨ ਸਟੇਟ ਯੂਨੀਵਰਸਿਟੀ ਵਿੱਚ ਕਾਲਜ ਆਫ ਆਰਟਸ ਐਂਡ ਆਰਕੀਟੈਕਚਰ ਵਿਖੇ ਆਰਟਸ+ਫੈਮੀਨਿਜ਼ਮ ਨਾਂ ਹੇਠ ਵਿਕੀਪੀਡੀਏ ਵਿੱਚ ਔਰਤ ਐਡੀਟਰਾਂ ਦੀ ਸ਼ਮੂਲੀਅਤ ਵਧਾਉਣ ਲਈ ਲਾਈ ਇਕ ਰੋਜ਼ਾ ਵਰਕਸ਼ਾਪ ਵਿੱਚ 600 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਸੀ। ਇਸ ਵਰਕਸ਼ਾਪ ਵਿੱਚ ਔਰਤਾਂ ਬਾਰੇ 101 ਨਵੇਂ ਆਰਟੀਕਲ ਲਿਖੇ ਗਏ ਸਨ ਅਤੇ 90 ਦੇ ਕਰੀਬ ਆਰਟੀਕਲਾਂ ਵਿੱਚ ਸੋਧ ਕੀਤੀ ਗਈ ਸੀ। ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਵਿਕੀਪੀਡੀਏ ਵਿੱਚ ਔਰਤਾਂ ਦੀ ਸ਼ਮੂਲੀਅਤ ਵਧਾਉਣ ਲਈ ਹਰ ਸਾਲ ਦੁਨੀਆ ਭਰ ਵਿੱਚ ਵਰਕਸ਼ਾਪਾਂ ਦਾ ਪ੍ਰਬੰਧ ਕਰਦੀਆਂ ਹਨ। ਇਹਨਾਂ ਵਿੱਚੋਂ ਕਈ ਸੰਸਥਾਂਵਾਂ ਹਰ ਸਾਲ 8 ਮਾਰਚ ਨੂੰ ਆਉਣ ਵਾਲਾ ਅੰਤਰਰਾਸ਼ਟਰੀ ਮਹਿਲਾ ਦਿਵਸ ਵਿਕੀਪੀਡੀਏ ਬਾਰੇ ਵਰਕਸ਼ਾਪਾਂ ਦਾ ਪ੍ਰਬੰਧ ਕਰ ਕੇ ਮਨਾਉਂਦੀਆਂ ਹਨ। ਇਹ ਬਹੁਤ ਮਹੱਤਵਪੂਰਨ ਹੈ। ਇਸ ਗੱਲ ਦੀ ਮਹੱਤਤਾ ਸਪਸ਼ਟ ਕਰਨ ਲਈ ਵਿਕੀਪੀਡੀਏ ਵਿੱਚ ਔਰਤਾਂ ਦੀ ਵੱਧ ਸ਼ਮੂਲੀਅਤ ਦੀ ਵਕਾਲਤ ਕਰਨ ਵਾਲੀ ਇਕ ਬੁੱਧੀਜੀਵੀ ਐਡਰਿਆਨੇ ਵਾਡਵਿਟਜ਼ ਕਹਿੰਦੀ ਹੈ, “ਜੋ ਕੁਝ ਵਿਕੀਪੀਡੀਏ ’ਤੇ ਸ਼ਾਮਲ ਕੀਤਾ ਜਾਂਦਾ ਹੈ, ਉਹ ਇਹ ਨਿਸ਼ਚਿਤ ਕਰ ਰਿਹਾ ਹੈ ਕਿ ਅਸੀਂ ਆਪਣੇ ਸਭਿਆਚਾਰ ਬਾਰੇ ਕੀ ਯਾਦ ਰੱਖਦੇ ਹਾਂ ਅਤੇ ਕਿਸ ਚੀਜ਼ ਨੂੰ ਅਹਿਮੀਅਤ ਦਿੰਦੇ ਹਾਂ। (ਇਸ ਲਈ) ਇਹ ਮਹੱਤਵਪੂਰਨ ਹੈ ਕਿ ਅਕਾਦਮਿਕਾਂ ਦੇ ਤੌਰ ’ਤੇ ਅਸੀਂ ਇਸ ਬਹਿਸ ਵਿੱਚੋਂ ਗੈਰ-ਹਾਜ਼ਰ ਨਾ ਹੋਈਏ”।

(ਬਾਕੀ ਅਗਲੇ ਅੰਕ ’ਚ)




# ਪੰਜਾਬੀ ਯੂਨੀਵਰਸਿਟੀ ਵਿਖੇ ਚੱਲ ਰਹੇ ਵਿਦਿਆਰਥੀ ਸੰਘਰਸ਼ ਦੀ ਇਤਿਹਾਸਕ ਜਿੱਤ



ਲੰਘੀ 1 ਅਕਤੂਬਰ ਨੂੰ ਇੱਕ 11 ਸਾਲਾ ਬੱਚੇ ਜਤਿਨ ਸੇਨ ਨੂੰ ਇੱਕ ਕਾਰ ਵੱਲੋਂ ਕੁਚਲੇ ਜਾਣ ਕਾਰਨ ਮੌਤ ਹੋ ਗਈ ਜਿਸ ਮਗਰੋਂ 2 ਅਕਤੂਬਰ ਤੋਂ (ਲਲਕਾਰ) ਤੇ ਸੰਘਰਸ਼ ਕਮੇਟੀ ਬਣਾ ਕੇ ਮੋਮਬੱਤੀ ਮਾਰਚ ਕੱਢਿਆ ਤੇ ਕੈਂਪਸ ਵਿੱਚੋਂ ਚਾਰ ਪਹੀਆ ਵਾਹਨਾਂ ਤੇ ਬੁਲੇਟ ਮੋਟਰਸਾਇਕਲਾਂ ਉੱਤੇ ਪਬੰਦੀ ਲਾਉਣ ਦੀ ਮੰਗ ਨੂੰ ਲੈ ਕੇ ਸੰਘਰਸ਼ ਵਿੱਢਣ ਦਾ ਐਲਾਨ ਕੀਤਾ 3 ਅਕਤੂਬਰ ਨੂੰ ਇਸ ਸੰਘਰਸ਼ ਕਮੇਟੀ ਵਿੱਚ ਏਆਈਐਸਐਫ ਅਤੇ ਪੀਐਸਯੂ ਸ਼ਾਮਲ ਹੋ ਗਈਆਂ ਤੇ 5 ਅਕਤੂਬਰ (ਸੋਮਵਾਰ) ਤੋਂ ਸੰਘਰਸ਼ ਦਾ ਅਖਾੜਾ ਮਘ ਪਿਆ। ਇਸ ਵਿੱਚ ਕਾਰਾਂ ਤੇ ਬੁਲੇਟ ਨੂੰ ਬੰਦ ਕਰਵਾਉਣ ਪਿੱਛੇ ਤਰਕ ਇਹ ਸੀ ਕਿ (1) ਇਹਨਾਂ ਨਾਲ਼ ਕੈਂਪਸ ਵਿੱਚ ਆਵਾਜਾਈ, ਭੀੜ, ਰੌਲ਼ੇ-ਰੱਪੇ ਤੇ ਪ੍ਰਦੂਸ਼ਣ ਵਿੱਚ ਵਾਧਾ ਹੁੰਦਾ ਹੈ (2) ਕੁੜੀਆਂ ਨਾਲ਼ ਛੇੜ-ਛਾੜ ਦੀਆਂ ਘਟਨਾਵਾਂ ਵਿੱਚ ਵੀ ਕਾਰਾਂ ਤੇ ਬੁਲੇਟਾਂ ਵਾਲ਼ੇ ਅੱਗੇ ਹਨ (3) ਕੈਂਪਸ ਵਿੱਚ ਹੋਏ ਹਾਦਸਿਆਂ ਵਿੱਚੋਂ ਬਹੁਤੇ ਚਾਰ ਪਹੀਆ ਵਾਹਨਾਂ ਤੇ ਬੁਲੇਟ ਮੋਟਰਸਾਇਲਕਾਂ ਨਾਲ਼ ਹੀ ਹੋਏ ਹਨ (4) ਕਾਰਾਂ ਤੇ ਬੁਲੇਟ ਸਮਾਜ ਦੇ ਉੱਪਰਲੇ ਤਬਕੇ ਦੇ ਨਿਘਾਰਮੁਖੀ, ਮਨੁੱਖਦੋਖੀ ਤੇ ਸਮਾਜਕ ਸਰੋਕਾਰਾਂ ਵਿਹੂਣੇ ਸੱਭਿਆਚਾਰਕ ਦਾ ਅਟੁੱਟ ਅੰਗ ਤੇ "ਸਟੇਟਸ ਸਿੰਬਲ" ਵੀ ਬਣ ਚੁੱਕੇ ਹਨ ਗੀਤਾਂ ਵਿੱਚ ਇਹਨਾਂ ਦਾ ਗੁਣਗਾਣ ਆਮ ਹੈ ਇਸ ਕਰਕੇ ਇਹਨਾਂ ਵਾਹਨਾਂ ਦੀ ਆਮਦ ਨਾਲ਼ ਕੈਂਪਸ ਬਾਕੀ ਵਿਦਿਆਰਥੀਆਂ ਵਿੱਚ ਵੀ ਇੱਕ ਸੱਭਿਆਚਰਕ, ਨੈਤਿਕ ਨਿਘਾਰ ਪੈਦਾ ਹੁੰਦਾ ਹੈ। ਅਸਲ ਵਿੱਚ 2013 ਤੋਂ ਹੀ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਯੂਨੀਵਰਸਿਟੀ ਵਿੱਚ ਕਾਰਾਂ, ਬੁਲੇਟਾਂ ਦਾ ਦਾਖਲਾ ਬੰਦ ਕਰਨ ਅਤੇ ਯੂਨੀਵਰਸਿਟੀ ਗੇਟ ਉੱਤੇ ਪਾਰਕਿੰਗ ਦਾ ਪ੍ਰਬੰਧ ਕਰਨ ਲਈ ਲੜ ਰਹੀਆਂ ਸਨ ਆਪਣੀ ਅੱਯਾਸ਼ੀ, ਗੁੰਡਾਗਰਦੀ, ਛੇੜਛਾੜ ਨੂੰ ਆਪਣਾ ਹੱਕ ਸਮਝਦੀ ਕਾਕੇਸ਼ਾਹੀ ਨੇ ਇਸਤੋਂ ਗੁੱਸੇ ਵਿੱਚ ਆਕੇ ਵਿਦਿਆਰਥੀ ਆਗੂਆਂ ਉੱਤੇ ਹਮਲਾ ਵੀ ਕੀਤਾ ਪਰ ਯੂਨੀਵਰਸਿਟੀ ਪ੍ਰਸ਼ਾਸ਼ਨ ਨੇ ਕਦੇ ਵੀ ਇਸ ਮਾਮਲੇ ਪ੍ਰਤੀ ਕੋਈ ਸੰਜੀਦਗੀ ਨਹੀਂ ਵਿਖਾਈ 11 ਅਗਸਤ ਨੂੰ ਵੀ ਇੱਕ ਹੋਰ ਹਾਦਸੇ ਵਿੱਚ 11ਵੀਂ ਜਮਾਤ ਦੇ ਵਿਦਿਆਰਥੀ ਹਬੀਬ ਸਿੰਘ ਦੀ ਮੌਤ ਹੋ ਗਈ ਸੀ ਇਸ ਮਗਰੋਂ 12 ਸਤੰਬਰ ਤੋਂ ਵਿਦਿਆਰਥੀ ਜਥੇਬੰਦੀਆਂ ਨੇ ਵੀ.ਸੀ. ਦਫਤਰ ਅੱਗੇ ਧਰਨਾ ਲਾਇਆ ਜਿਸ ਮਗਰੋਂ 13 ਅਗਸਤ ਨੂੰ ਯੂਨੀਵਰਸਿਟੀ ਪ੍ਰਸ਼ਾਸ਼ਨ ਨੇ ਇਹ ਲਿਖਤੀ ਸਮਝੌਤਾ ਕੀਤਾ ਕਿ (1) ਵਿਦਿਆਰਥੀਆਂ ਦੀਆਂ ਗੱਡੀਆਂ ਨੂੰ ਕੈਂਪਸ 'ਚੋਂ ਬੰਦ ਕਰਕੇ ਗੇਟ 'ਤੇ ਪਾਰਕ ਕੀਤਾ ਜਾਵੇਗਾ ਤੇ ਇਸ ਲਈ ਪੁੱਛਗਿੱਛ ਵਿਭਾਗ ਕੋਲ਼ ਪਈ ਖਾਲੀ ਥਾਂ ਵਿੱਚ ਪਾਰਕਿੰਗ ਉਸਾਰੀ ਜਾਵੇਗੀ (2) ਇੰਜਨਿਅਰਿੰਗ ਕਾਲਜ ਵਾਲ਼ੀਆਂ ਗੱਡੀਆਂ ਵੀ ਬਾਹਰ ਖੜੀਆਂ ਕੀਤੀਆਂ ਜਾਣ ਤੇ ਉਹਨਾਂ ਦਾ ਆਉਣਾ-ਜਾਣਾ ਸਿਰਫ ਪਿਛਲੇ ਗੇਟ ਤੋਂ ਹੀ ਕੀਤਾ ਜਾਵੇਗਾ (3) ਕੈਂਪਸ ਵਿੱਚ ਵਿਦਿਆਰਥੀਆਂ, ਨਾਗਰਿਕਾਂ ਦੀ ਸਹੂਲਤ ਲਈ ਸਾਰਾ ਦਿਨ ਮੁਫਤ ਚਲਦੀਆਂ ਬੱਸਾਂ ਦਾ ਪ੍ਰਬੰਧ ਕੀਤਾ ਜਾਵੇਗਾ (4) ਟੀਚਿੰਗ ਤੇ ਨਾਨ-ਟੀਚਿੰਗ ਦੇ ਕਰਮਚਾਰੀਆਂ ਤੇ ਅੰਗਹੀਣ ਵਿਦਿਆਰਥੀਆਂ ਦੇ ਨਾਂ ਇੱਕ ਗੱਡੀ ਰਜਿਸਟਰ ਕਰਕੇ ਉਹਨਾਂ ਨੂੰ ਸਟਿੱਕਰ ਜਾਰੀ ਕੀਤੇ ਜਾਣਗੇ

ਇਸ ਸਮਝੌਤੇ ਮੁਤਾਬਕ ਅਥਾਰਿਟੀ ਵੱਲੋਂ ਕੰਮ ਸ਼ੁਰੂ ਕਰਨ ਲਈ ਮਿੱਥੇ 20 ਦਿਨ 7 ਸਤੰਬਰ ਨੂੰ ਪੂਰੇ ਹੋਣ ਮਗਰੋਂ ਜਥੇਬੰਦੀਆਂ ਦੇ ਨੁਮਾਇੰਦੇ 4 ਵਾਰ ਜ਼ਿੰਮੇਵਾਰ ਅਹੁਦੇਦਾਰਾਂ ਨੂੰ ਮਿਲ਼ੇ ਪਰ ਉਹਨਾਂ ਦਾ ਰਵੱਈਆ ਨਮੋਸ਼ੀ ਵਾਲ਼ਾ ਹੀ ਰਿਹਾ ਜਤਿਨ ਸੇਨ ਦੀ ਮੌਤ ਤੱਕ ਦੇ 50 ਦਿਨਾਂ ਵਿੱਚ ਪਾਰਕਿੰਗ ਵਾਲੀ ਥਾਂ ਉੱਤੇ ਮਿੱਟੀ ਪਾਉਣ ਦਾ ਕੰਮ ਵੀ ਪੂਰਾ ਨਹੀਂ ਸੀ ਹੋਇਆ ਤੇ ਨਾ ਹੀ ਇਸਨੂੰ ਪੱਕਾ ਕਰਨ ਸਬੰਧੀ ਕੋਈ ਟੈਂਡਰ ਪਾਸ ਹੋਇਆ ਸੀ ਕੰਮ ਵਿੱਚ ਵਿੱਚ ਹੋ ਰਹੀ ਦੇਰੀ, ਢਿੱਲ-ਮੱਠ ਅਤੇ ਟਾਲ਼-ਮਟੋਲ਼ ਤੋਂ ਯੂਨੀਵਰਸਿਟੀ ਦਾ ਗੈਰ-ਗੰਭੀਰ ਰਵੱਈਆ ਝਲਕਦਾ ਹੈ ਜੇ ਪਹਿਲੇ ਹਾਦਸੇ ਪਿੱਛੋਂ ਹੀ ਯੂਨੀਵਰਸਿਟੀ ਨੇ ਸੰਜੀਦਗੀ ਵਿਖਾਈ ਹੁੰਦੀ ਤਾਂ ਇੱਕ ਬੱਚੇ ਦੀ ਮੌਤ ਹੋਣੋਂ ਬਚ ਸਕਦੀ ਸੀ ਇਸ ਕਰਕੇ ਯੂਨੀਵਰਸਿਟੀ ਪ੍ਰਸ਼ਸ਼ਨ ਜਤਿਨ ਸੇਨ ਦੇ ਕਤਲ ਲਈ ਜ਼ਿੰਮੇਵਾਰ ਹੈ।

5 ਅਕਤੂਬਰ ਤੋਂ ਸ਼ੁਰੂ ਹੋਏ ਇਸੜ ਸੰਘਰਸ਼ ਨੇ ਉਸ ਵੇਲ਼ੇ ਨਵਾਂ ਮੋੜ ਲੈ ਲਿਆ ਜਦੋਂ ਯੂਨੀਵਰਸਿਟੀ ਵੱਲੋਂ ਚਾਰ ਪਹੀਆ ਵਾਹਨਾਂ ਉੱਪਰ ਪਬੰਦੀ ਲਾਉਣ ਦੇ ਐਲਾਨ ਮਗਰੋਂ "ਕਾਰਾਂ ਵਾਲ਼ੇ ਵਿਦਿਆਰਥੀਆ" ਨੇ "ਬਾਰਬਰੀ" ਦੇ "ਜਨਮਸਿੱਧ ਅਧਿਕਾਰ" ਦਾ ਰੌਲ਼ਾ ਪਾਉਂਦਿਆਂ ਕੈਂਪਸ ਵਿੱਚ ਕਾਰਾਂ ਦੇ ਦਾਖਲੇ ਦੀ ਮੰਗ ਨੂੰ ਲੈ ਕੇ 7 ਅਕਤੂਬਰ ਨੂੰ ਰੈਲੀ ਕਰਕੇ 8 ਅਕਤੂਬਰ ਨੂੰ ਮੁੱਖ ਗੇਟ ਬੰਦ ਕਰ ਦਿੱਤਾ

9 ਅਕਤੂਬਰ ਨੂੰ ਸੰਘਰਸ਼ ਕਮੇਟੀ ਦੀਆਂ ਬਹੁਤੀਆਂ ਮੰਗਾਂ ਉੱਪਰ ਅਮਲੀ ਕਾਰਵਾਈ ਸ਼ੁਰੂ ਹੋ ਜਾਣ ਕਾਰਨ, ਇਹਨਾਂ ਨੂੰ ਪੂਰਨ ਰੂਪ ਵਿੱਚ ਲਾਗੂ ਕੀਤੇ ਜਾਣ ਦਾ ਲਿਖਤੀ ਭਰੋਸਾ ਲੈਣ ਅਤੇ ਬੁਲੇਟ ਉੱਤੇ ਪਾਬੰਦੀ ਲਾਉਣ ਦੀ ਥਾਂ ਰੌਲ਼ਾ ਪਾਉਣ ਵਾਲ਼ੇ ਵਾਹਨਾਂ ਨੂੰ ਰੋਕਣ ਦੇ ਬਦਲਵੇਂ ਪ੍ਰਬੰਧ ਉੱਪਰ ਸਹਿਮਤ ਹੋਣ ਮਗਰੋਂ ਜਿੱਤ ਦਾ ਐਲਾਨ ਕਰਕੇ ਇਸ ਸੰਘਰਸ਼ ਵਿੱਚੋਂ ਬਾਹਰ ਹੋ ਗਈਆਂ ਪਰ 'ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਇਸ ਸੰਘਰਸ਼ ਵਿੱਚ ਡਟੀਆਂ ਰਹੀਆਂ ਸੰਘਰਸ਼ ਨੂੰ ਜਾਰੀ ਰੱਖਣ ਪਿੱਛੇ ਕਾਰਨ ਸਨ ਕਿ ਭਾਵੇਂ ਸੰਘਰਸ਼ ਦੀ ਅੰਸ਼ਕ ਜਿੱਤ ਹੋ ਚੁੱਕੀ ਹੈ ਪਰ ਇਸਨੂੰ ਉੱਦੋਂ ਤੱਕ ਚਲਾਇਆ ਜਾਣਾ ਚਾਹੀਦਾ ਹੈ ਜਦੋਂ ਤੱਕ:

(1) ਸੰਘਰਸ਼ ਸਭ ਮੰਗਾਂ ਨਾ ਸਿਰਫ ਮੰਨੇ ਜਾਣ ਸਗੋਂ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ ਦੇ ਐਲਾਨ ਨਾਲ਼ ਸ਼ੁਰੂ ਹੋਇਆ ਸੀ ਯੂਨੀਵਰਸਿਟੀ ਵੱਲੋਂ ਚਾਰ ਪਹੀਆ ਵਾਹਨਾਂ ਉੱਪਰ ਪਬੰਦੀ ਲਾਉਣ ਦੇ ਬਾਵਜੂਦ ਕੈਂਪਸ ਅੰਦਰ 100 ਦੇ ਕਰੀਬ ਕਾਰਾਂ ਮੌਜੂਦ ਸਨ ਤੇ ਇਹਨਾਂ ਦੇ ਬਾਹਰ ਹੋਣ ਤੱਕ ਪਬੰਦੀ ਦੇ ਇਸ ਐਲਾਨ ਨੂੰ ਲਾਗੂ ਨਹੀਂ ਮੰਨਿਆ ਜਾ ਸਕਦਾ ਸੀ

(2) ਇਹਨਾਂ ਜਥੇਬੰਦੀਆਂ ਦੀ ਬੁਲੇਟ ਉੱਤੇ ਪੂਰਨ ਪਬੰਦੀ ਦੀ ਮੰਗ ਸੀ ਜਿਸ ਉੱਪਰ ਹਾਲੇ ਤੱਕ ਕੋਈ ਰਜ਼ਾਮੰਦੀ ਨਹੀਂ ਹੋਈ ਸੀ

(3) ਜਿਨ੍ਹਾ ਚਿਰ ਵਿਰੋਧੀ ਵਿਚਾਰਾਂ ਤੇ ਮੰਗਾਂ ਵਾਲ਼ਾ ਧੜਾ ਗੇਟ ਬੰਦ ਕਰੀ ਮੈਦਾਨ ਵਿੱਚ ਡਟਿਆ ਸੀ ਉਨਾ ਚਿਰ ਕਿਸੇ ਵੀ ਹਾਲ ਸੰਘਰਸ਼ ਦਾ ਮੈਦਾਨ ਛੱਡਕੇ ਜਿੱਤ ਨਹੀਂ ਐਲਾਨੀ ਜਾ ਸਕਦੀ ਮੁੱਖ ਗੇਟ ਖੁੱਲਣ ਤੇ ਯੂਨੀਵਰਸਿਟੀ ਦਾ ਕੰਮ ਮੁੜ ਚਾਲੂ ਹੋਣ ਮਗਰੋਂ ਹੀ ਕੋਈ ਫੈਸਲਾ ਲਿਆ ਜਾ ਸਕਦਾ ਸੀ।

ਇਸ ਮਗਰੋਂ 12 ਅਕਤੂਬਰ ਨੂੰ ਕਰੀਬ 12 ਵਜੇਂ ਸੰਘਰਸ਼ ਕਮੇਟੀ ਦਾ ਵੱਡਾ ਹਿੱਸਾ ਨੁੱਕੜ ਨਾਟਕਾਂ ਰਾਹੀਂ ਇਸ ਪੂਰੇ ਨੂੰ ਹੋਰਨਾਂ ਵਿਦਿਆਰਥੀਆਂ ਵਿੱਚ ਲਿਜਾ ਰਿਹਾ ਸੀ, ਜਿਸ ਕਾਰਨ ਵਾਈਸ ਚਾਂਸਲਰ ਦੇ ਦਫ਼ਤਰ ਨੂੰ ਜਿੰਦਾ ਲਾਉਣ ਵਾਲੀ ਥਾਂ 'ਤੇ ਸਿਰਫ 4 ਵਿਦਿਆਰਥੀ ਰੁਕੇ ਸਨ ਇਸ ਮੌਕੇ ਦਾ ਲਾਹਾ ਲੈਂਦਿਆਂ ਯੂਨੀਵਰਸਿਟੀ ਪ੍ਰਸ਼ਾਸ਼ਨ ਨੇ ਧੱਕੇ ਨਾਲ਼ ਆ ਕੇ ਤਾਲਾ ਖੋਲਣ ਦੀ ਕੋਸ਼ਿਸ਼ ਕੀਤੀ, ਵਿਦਿਆਰਥੀਆਂ ਨਾਲ਼ ਹੱਥੋਪਾਈ ਦਾ ਵੀ ਯਤਨ ਕੀਤਾ ਗਿਆ ਤੇ ਉਹਨਾਂ ਉੱਪਰ ਪੁਲਿਸ ਕਾਰਵਾਈ ਕਰਨ ਜਿਹੀਆਂ ਕਈ ਧਮਕੀਆਂ ਦਿੱਤੀਆਂ ਗਈਆਂ ਪਰ ਉਹਨਾਂ ਨੂੰ ਨਿਰਾਸ਼ ਮੁੜਨਾ ਪਿਆ।

ਇਸ ਪਿੱਛੋਂ ਸ਼ਾਮ ਕਰੀਬ 2:30 ਵਜੇ ਤੋਂ ਲੈ ਕੇ ਸ਼ਾਮ 7 ਵਜੇ ਤੱਕ ਕਈ ਪੜਾਵਾਂ ਵਿੱਚ ਚੱਲੀ ਗੱਲਬਾਤ ਮਗਰੋਂ ਇਸ ਸੰਘਰਸ਼ ਦੀ ਮਿਸਾਲੀ ਜਿੱਤੀ ਹੋ ਗਈ ਇਸ ਸੰਘਰਸ਼ ਦੀਆਂ ਕਈ ਮੰਗਾਂ ਪਹਿਲਾਂ ਹੀ ਮੰਨੀਆਂ ਜਾ ਚੁੱਕੀਆਂ ਸਨ ਤੇ ਇਸ ਗੱਲਬਾਤ ਰਾਹੀਂ ਸੰਘਰਸ਼ ਦੀਆਂ ਜੋ ਨਵੀਆਂ ਪ੍ਰਾਪਤੀਆਂ ਹਨ, ਉਹ ਹਨ:

(1) ਕੈਂਪਸ ਵਿੱਚ ਕਾਰਾਂ ਦੇ ਦਾਖਲੇ ਦੀ ਮੰਗ ਉੱਪਰ ਬੈਠੇ ਵਿਦਿਆਰਥੀਆਂ ਨੂੰ ਖਦੇੜ ਦਿੱਤੀ ਗਿਆ ਤੇ ਯੂਨੀਵਰਸਿਟੀ ਦਾ ਸਭ ਕੰਮ ਮੁੜ ਤੋਂ ਚਾਲੂ ਕਰ ਦਿੱਤਾ ਗਿਆ ਹੈ

(2) ਕੈਂਪਸ ਅੰਦਰ ਖੜੀਆਂ ਨਜ਼ਾਇਜ਼ ਕਾਰਾਂ ਲਗਭਗ ਬਾਹਰ ਹੋ ਚੁੱਕੀਆਂ ਹਨ ਤੇ ਸਿਰਫ਼ 10-12 ਬਾਕੀ ਹਨ ਤੇ ਉਹ ਵੀ 1-2 ਦਿਨਾਂ ਅੰਦਰ ਬਾਹਰ ਕੀਤੀਆਂ ਜਾਣਗੀਆਂ

(3) ਬੁਲੇਟ ਉੱਪਰ ਪਬੰਦੀ ਦੀ ਥਾਂ ਇਹ ਲਿਖਤੀ ਸਮਝੌਤਾ ਹੋਇਆ ਹੈ ਕਿ ਨਵੇਂ ਸਮੈਸਟਰ ਤੋਂ ਬੁਲੇਟ ਸਮੇਤ ਵਿਦਿਆਰਥੀਆਂ ਦੇ ਸਭ ਦੋ ਪਹੀਆ ਵਾਹਨ ਬੰਦ ਕਰ ਦਿੱਤੇ ਜਾਣਗੇ

(4) ਕੁੜੀਆਂ ਨਾਲ਼ ਛੇੜਛਾੜ ਦੀਆਂ ਘਟਨਾਵਾਂ ਸ਼ਾਮ 5 ਵਜੇ ਤੋਂ ਬਾਅਦ ਕਾਫੀ ਵਧ ਜਾਂਦੀਆਂ ਹਨ ਇਸ ਲਈ ਕੁੜੀਆਂ ਦੇ ਹੋਸਟਲ ਤੋਂ ਗੁਰਦੁਆਰੇ ਤੱਕ ਦੇ ਕਾਫ਼ੀ ਇਲਾਕੇ ਉੱਪਰ ਸ਼ਾਮ 5 ਤੋਂ 7 ਤੱਕ ਲਈ ਵਿਦਿਆਰਥੀਆਂ ਦੇ ਵਾਹਨਾਂ ਉੱਪਰ ਪਬੰਦੀ ਲਾਈ ਗਈ ਹੈ। ਦੋਵਾਂ ਜਥੇਬੰਦੀਆਂ ਨੇ ਇਸ ਜਿੱਤ ਉੱਪਰ ਵਧਾਈ ਦਿੰਦਿਆਂ ਵਿਦਿਆਰਥੀਆਂ, ਅਧਿਆਪਕਾਂ ਕਰਮਚਾਰੀਂ ਤੇ ਕੈਂਪਸ ਵਾਸੀਆਂ ਦਾ ਉਹਨਾਂ ਦੇ ਵਡਮੁੱਲੇ ਸਹਿਯੋਗ ਲਈ ਧੰਨਵਾਦ ਕੀਤਾ ਕੈਂਪਸ ਵਿੱਚ ਵਾਹਨਾਂ ਦੀ ਪਬੰਦੀ ਲਈ 2013 ਤੋਂ ਚੱਲ ਰਹੇ ਇੱਕ ਲੰਮਾ ਸੰਘਰਸ਼ ਇੱਕ ਵੱਡੀ ਇਤਿਹਾਸਕ ਜਿੱਤ ਹਾਸਲ ਕਰ ਚੁੱਕਾ ਹੈ ਜੋ ਮਸਲਾ ਬਹੁਤੇ ਲੋਕਾਂ ਨੂੰ ਅਸੰਭਵ ਲਗਦਾ ਸੀ ਉਹ ਹੁਣ ਇੱਕ ਹਕੀਕਤ ਬਣ ਗਿਆ ਹੈ ਇਹ ਵੱਡੀ ਜਿੱਤ ਪੰਜਾਬ ਅੰਦਰ ਵਿਦਿਆਰਥੀ ਲਹਿਰ ਦੇ ਮੁੜ ਉਭਾਰ ਦੀ ਸ਼ੁਰੂਆਤ ਹੋਣ ਦਾ ਸੰਕੇਤ ਹੈ।






# ਭਾਰਤ ਸਰਕਾਰ ਵੱਲੋਂ ਸਮਾਜ ਭਲਾਈ ਬਜਟ 'ਤੇ ਕੈਂਚੀ ਅਤੇ ਭਗਵਾਕਰਣ ਜਾਰੀ



ਡਾ. ਅਜੀਤਪਾਲ ਸਿੰਘ ਐਮ. ਡੀ.

ਅਜਿਹਾ ਲਗਦਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੇ ਕੰਮਕਾਜ ਦਾ ਮੁੱਖ ਜ਼ੋਰ ਤਿੰਨ ਵਿਸ਼ਿਆਂ 'ਤੇ ਹੈ। ਸਭਿਆਚਾਰਕ ਪ੍ਰੋਗਰਾਮਾਂ 'ਤੇ ਖੁੱਲ੍ਹ ਕੇ ਖਰਚ ਕਰਨਾ, ਕਾਰਪੋਰੇਟ ਭਾਰਤ ਲਈ ਟੈਕਸ 'ਚ ਕਟੌਤੀ ਕਰਨਾ ਅਤੇ ਗਰੀਬਾਂ, ਕਿਸਾਨਾਂ, ਆਦਿਵਾਸੀਆਂ, ਦਲਿਤਾਂ, ਔਰਤਾਂ ਤੇ ਸਮਾਜ ਦੇ ਕਮਜ਼ੋਰ ਤਬਕਿਆਂ ਦੀ ਜ਼ਿੰਦਗੀ 'ਤੇ ਅਸਰ ਪਾਉਣ ਵਾਲੇ ਸਮਾਜ ਭਲਾਈ ਦੇ ਬਜਟ 'ਚ ਕਟੌਤੀ ਕਰਨਾ। ਭਾਜਪਾ ਅਤੇ ਇਸ ਸਰਕਾਰ 'ਤੇ ਫੁੱਲਾਂ ਦੀ ਵਰਖਾ ਕਰਨ ਵਾਲੇ ਹਿੰਦੂ ਰਾਸ਼ਟਰਵਾਦੀਆਂ ਵਲੋਂ ਲੁੱਟ ਖਸੁੱਟ ਦੇ ਸ਼ਿਕਾਰ ਲੋਕਾਂ ਤੇ ਸਮਾਜ ਦੇ ਸਭ ਤੋਂ ਵਿਹੂਣੇ ਤਬਕਿਆਂ ਨੂੰ ਭੁੱਖ, ਕਰਜ਼ੇ ਤੇ ਆਤਮ ਹੱਤਿਆ ਦੇ ਗਧੀਗੇੜ ਵੱਲ ਧੱਕਿਆ ਜਾ ਰਿਹਾ ਹੈ। ਇਹ ਕਾਰਪੋਰੇਟ ਘਰਾਣਿਆਂ ਤੇ ਮੁੱਠੀ ਭਰ ਪਰਿਵਾਰਾਂ ਨੂੰ ਆਪਣੇ ਲਈ ਧਨ ਬਟੋਰਨ ਦਾ ਰਾਹ ਬਣਾ ਰਹੇ ਹਨ। ਐਨ.ਡੀ.ਏ. ਸਰਕਾਰ ਦੀਆਂ ਨੀਤੀਆਂ ਕਾਰਨ ਸਮਾਜ ਦਾ ਜੋ ਤਬਕਾ ਹਾਸ਼ੀਏ ਵਲ ਜਾ ਰਿਹੈ ਅਤੇ ਵਿਹੂਣਾ ਹੋ ਰਿਹਾ ਹੈ ਉਨ੍ਹਾਂ ਦੇ ਦਿਲਾਂ 'ਚ 'ਸਭਿਆਚਾਰਕ ਮਾਣ' ਭਰਨ ਲਈ ਤੇ ਉਨ੍ਹਾਂ ਨੂੰ 'ਚੰਗਾ ਭਲਾ ਮਹਿਸੂਸ' ਕਰਾਉਣ ਲਈ ਨਰਮ ਹਿੰਦੂ ਤੇ ਗਰਮ ਹਿੰਦੂ ਦੋਨਾਂ ਦੀ ਪੂਰੇ ਤਾਲਮੇਲ ਨਾਲ ਹਥਿਆਰ ਵਜੋਂ ਵਰਤੋਂ ਹੋ ਰਹੀ ਹੈ ਪਰ 2004 ਦੀਆਂ ਲੋਕਾਂ ਸਭਾ ਚੋਣਾਂ ਪਿਛੋਂ ਸਮੇਂ ਭਾਰਤ ਦੇ ਲੋਕਾਂ ਨੇ ਭਾਜਪਾ ਦੇ 'ਚਮਕਦੇ ਭਾਰਤ' ਅਤੇ 'ਅੱਛਾ ਮਹਿਸੂਸ ਕਰੋ' ਮੁਹਿੰਮ ਨੂੰ ਨਕਾਰ ਦਿੱਤਾ ਸੀ। ਇਸ ਦੇ ਬਾਵਜੂਦ ਉਹ ਅੱਜ ਵੀ ਥੋੜ੍ਹੇ ਫੇਰ ਬਦਲ ਕੇ ਨਾਲ ਉਸੇ ਰਾਜਨੀਤੀ ਦੀ ਵਰਤੋਂ ਕਰ ਰਹੇ ਹਨ-ਲੋਕਾਂ ਨੂੰ ਆਪਣੀਆਂ ਧੀਆਂ ਦੇ ਨਾਲ ਸੈਲਫੀ ਖਿੱਚਵਾ ਕੇ ਮਾਣ ਮਹਿਸੂਸ ਕਰ ਰਹੇ ਹਨ, ਯੋਗ ਕਰਨ, ਸੜਕਾਂ ਤੇ ਸਾਫ਼ ਸਫ਼ਾਈ ਕਰਨ ਅਤੇ ਇਸ ਤਰ੍ਹਾਂ ਦੀਆਂ ਸਰਗਰਮੀਆਂ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਮਾਜ ਕਲਿਆਣ ਦੀ ਮਦ 'ਚ ਬਜਟ ਦੀ ਕਟੌਤੀ। ਸਾਲ 2014-15 'ਚ ਬਜਟ ਪੇਸ਼ ਕਰਦੇ ਸਮੇਂ ਸਮਾਜਿਕ ਖੇਤਰ ਦੇ ਲਈ ਬਜਟ ਦੇ ਕੁਲ 16.3 ਫੀਸਦੀ ਅਲਾਟ ਕੀਤਾ ਗਿਆ ਸੀ ਜਿਸ ਨੂੰ ਪਿਛੋਂ ਸੋਧ ਕੇ 15.06 ਫੀਸਦੀ ਕਰ ਦਿੱਤਾ ਗਿਆ ਸੀ। ਪਰ ਸਾਲ 20015-16 ਦੇ ਬਜਟ 'ਚ ਇਸ ਖੇਤਰ ਲਈ ਅਲਾਟਮੈਂਟ ਨੂੰ ਘਟਾ ਕੇ 13.7 ਫੀਸਦੀ ਕਰ ਦਿੱਤਾ ਗਿਆ। ਇਸੇ ਤਰ੍ਹਾਂ ਮੋਦੀ ਸਰਕਾਰ ਦੇ ਪਹਿਲੇ ਪੂਰਨ ਬਜਟ ਵਿਚ ਸਮਾਜਿਕ ਖੇਤਰ ਦੇ ਲਈ ਅਲਾਟਮੈਂਟ 'ਚ ਸਮੁੱਚੇ ਤੌਰ 'ਤੇ ਕਟੌਤੀ ਕੀਤੀ ਗਈ। ਕੁਝ ਬਜਟ ਰਾਸ਼ੀ 'ਚ ਅਲਾਟਮੈਂਟ ਦੀ ਫੀਸਦੀ ਵਜੋਂ ਵੇਖਿਆ ਜਾਵੇ ਤਾਂ ਪਿਛਲੇ ਸਾਲ ਦੇ ਵਾਂਗੂੰ ਇਸ ਸਾਲ ਵੀ ਮਹਿਲਾ ਤੇ ਬਾਲ ਵਿਕਾਸ ਲਈ ਬਜਟ ਦਾ 0.01 ਫੀਸਦੀ ਅਲਾਟ ਕੀਤਾ ਗਿਆ। ਪਰ ਲਿੰਗਕ ਬਜਟ ਲਈ ਬਜਟ ਅਲਾਟਮੈਂਟ ਨੂੰ ਘਟਾ ਦਿੱਤਾ ਗਿਆ ਹੈ। ਇਸ ਮਦ 'ਚ ਸਾਲ 2914-15 'ਚ ਕੁਲ ਬਜਟ ਖਰਚ ਦਾ 4.19 ਫੀਸਦੀ ਅਲਾਟਮੈਂਟ ਕੀਤੀ ਗਈ ਤਾਂ ਸਾਲ 2015-16 ਦੇ ਬਜਟ 'ਚ ਇਸ ਨੂੰ ਕੁਲ ਖਰਚ ਦਾ 3.71 ਫੀਸਦੀ ਰੱਖਿਆ ਗਿਆ ਹੈ। ਸਮੁੱਚੇ ਤੌਰ 'ਤੇ ਵੇਖਿਆ ਜਾਵੇ ਤਾਂ ਪਿਛਲੇ ਸਾਲ ਦੇ ਸੋਧੇ ਹੋਏ ਬਜਟ ਦੀ ਤੁਲਨਾ 'ਚ ਇਸ ਸਾਲ ਜਿਥੇ ਲਿੰਗਕ ਬਜਟ ਦੀ ਮਦ 'ਚ 12.2 ਫੀਸਦੀ ਦੀ ਕਮੀ ਕੀਤੀ ਗਈ ਹੈ, ਉਥੇ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਲਈ ਅਲਾਟਮੈਂਟ ਕਰੀਬ 49.3 ਫੀਸਦੀ ਘੱਟ ਹੋ ਗਈ ਹੈ। (ਏਡਵਾ 2015)। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਸਿਹਤ ਖੇਤਰ ਲੈਂਗਿਕ ਬਜਟ 17.9 ਫੀਸਦੀ ਘੱਟ ਹੋ ਗਿਆ ਹੈ। ਇਸ ਤਰ੍ਹਾਂ ਲੜਕੀਆਂ ਦੀ ਸਿੱਖਿਆ ਦੀ ਅਣਦੇਖੀ ਕਰਦਿਆਂ ਪਿਛਲੇ ਸਾਲ ਦੇ ਸੋਧੇ ਅੰਦਾਜ਼ਨ ਖਰਚ ਦੀ ਤੁਲਨਾ 'ਚ ਇਸ ਵਾਰ ਸਕੂਲੀ ਸਿੱਖਿਆ ਲਈ ਲਿੰਗਕ ਬਜਟ ਨੂੰ 8.3 ਫੀਸਦੀ ਘਟਾ ਦਿੱਤਾ ਹੈ। 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਲਈ, ਜਿਸ ਦਾ ਕਾਫ਼ੀ ਜ਼ੋਰਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ, ਸਿਰਫ਼ 100 ਕਰੋੜ ਰੁਪਏ ਹੀ ਅਲਾਟ ਕੀਤੇ ਗਏ ਹਨ। (ਏਡਵਾ 2015)। ਏਕੀਕ੍ਰਿਤ ਬਾਲ ਵਿਕਾਸ ਯੋਜਨਾ ਜਿਸ ਨਾਲ ਕਰੀਬ ਦਸ ਕਰੋੜ ਔਰਤਾਂ ਤੇ ਬੱਚਿਆਂ ਨੂੰ ਫਾਇਦਾ ਹੋਵੇਗਾ, ਭਾਰਤ ਸਰਕਾਰ ਦੇ ਇਸ ਪਲੈਗਸ਼ਿਪ ਪ੍ਰੋਗਰਾਮ ਲਈ ਅਲਾਟਮੈਂਟ 'ਚ ਅੱਧੇ ਤੋਂ ਵਧੱਧ ਦੀ ਭਾਰੀ ਕਟੌਤੀ ਕੀਤੀ ਗਈ ਹੈ। ਇਸ ਯੋਜਨਾ ਲਈ 2014-15 'ਚ ਜਿਥੇ 18,108 ਕਰੋੜ ਰੁਪਏ ਦੀ ਅਲਾਟਮੈਂਟ ਕੀਤੀ ਗਈ ਸੀ, ਉਥੇ 2015-16 'ਚ ਸਿਰਫ਼ 8245.77 ਕਰੋੜ ਰੁਪਏ ਦੀ ਹੀ ਅਲਾਟਮੈਂਟ ਕੀਤੀ ਗਈ ਹੈ। ਇਸ ਤਰ੍ਹਾਂ ਪੀਣ ਵਾਲੇ ਪਾਣੀ ਤੇ ਸਾਫ਼ ਸਫ਼ਾਈ ਲਈ ਬਜਟ ਅਲਾਟਮੈਂਟ 'ਚ ਕਰੀਬ 50 ਫੀਸ ਦੀ ਭਾਰੀ ਕਟੌਤੀ ਕੀਤੀ ਗਈ ਹੈ। ਇਹ 121000 ਕਰੋੜ ਰੁਪਏ ਤੋਂ ਘੱਟ ਕੇ ਸਿਰਫ਼ 6236 ਰਹਿ ਗਈ ਹੈ, ਜਦਕਿ ਹਰੇਕ ਘਰ 'ਚ ਸੁਰੱਖਿਅਤ ਟੂਟੀ ਦਾ ਪਾਣੀ ਪਹੁੰਚਾਉਣ ਲਈ ਐਲਾਨ ਕੀਤਾ ਗਿਆ ਸੀ। (ਕੁਲ ਹਿੰਦ ਭਾਰਤੀ ਖੇਤ ਮਜ਼ਦੂਰ ਯੂਨੀਅਨ 2015)। ਸਿਰਫ਼ ਇਕ ਸਾਲ ਦੇ ਅੰਦਰ ਸਮਾਜਿਕ ਖੇਤਰ ਦੇ ਖਰਚੇ ਵਿਚ, 1,75,222 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ-ਸਮਾਜਿਕ ਖੇਤਰ ਦੀਆਂ ਸਕੀਮਾਂ ਲਈ ਗ੍ਰਾਂਟ 'ਚ 66,222 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ ਅਤੇ ਦੇਸ਼ ਦੀ 67 ਫੀਸਦੀ ਅਬਾਦੀ ਲਈ ਬਣੀ ਖੁਰਾਕ ਸੁਰੱਖਿਆ ਯੋਜਨਾ ਨੂੰ ਲਾਗੂ ਨਾ ਕਰਕੇ 103000 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ। ਬਜਟ 'ਚ ਕੀਤੀਆਂ ਗਈਆਂ ਇਨ੍ਹਾਂ ਕਟੌਤੀਆਂ ਦਾ ਅਸਰ ਮਹਿਲਾ ਤੇ ਬਾਲ ਵਿਕਾਸ, ਖੇਤੀ (ਜਿਸ 'ਚ 49 ਫੀਸਦੀ ਕਿਰਤ ਸ਼ਕਤੀ ਲੱਗੀ ਹੋਈ ਹੈ), ਸਿੰਚਾਈ, ਪੰਚਾਇਤੀ ਰਾਜ, ਸਿੱਖਿਆ, ਸਿਹਤ, ਰਿਹਾਇਸ਼, ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਕਲਿਆਣ ਆਦਿ 'ਤੇ ਪਿਆ ਹੈ। ਕੌਮੀ ਖੇਤੀ ਵਿਕਾਸ ਯੋਜਨਾ ਲਈ ਫੰਡ 'ਚ 7,4226.50 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ ਤਾਂ ਪਸ਼ੂ ਪਾਲਣ ਤੇ ਡੇਅਰੀ ਲਈ ਫੰਡ 'ਚ 685 ਕਰੋੜ ਘੱਟ ਕਰ ਦਿੱਤੇ ਗਏ ਹਨ ਜਦ ਪ੍ਰਧਾਨ ਮੰਤਰੀ ਖੇਤੀ ਸਿੰਚਾਈ ਯੋਜਨਾ ਲਈ ਫੰਡ 'ਚ ਕਰੀਬ 8,150.22 ਕਰੋੜ ਦੀ ਕਮੀ ਕੀਤੀ ਗਈ ਹੈ। ਪ੍ਰੈਸ ਟਰੱਸਟ ਆਫ਼ ਇੰਡੀਆ ਦੀ ਖ਼ਬਰ ਮੁਤਾਬਕ ਸਿਹਤ ਬਜਟ 'ਚ 17 ਫੀਸਦੀ ਦੀ ਕਟੌਤੀ ਕੀਤੀ ਗਈ ਹੈ। 2015-16 ਦੇ ਬਜਟ 'ਚ ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ ਲਈ 20,852 ਕਰੋੜ ਰੁਪਏ ਅਤੇ ਟ੍ਰਾਈਬਲ ਸਬ-ਪਲਾਨ ਦੇ ਲਈ 19,980 ਕਰੋੜ ਰੁਪਏ ਅਲਾਟ ਕੀਤੇ ਗਏ, ਜੋ 2014-15 'ਚ ਕੀਤੀ ਗਈ ਅਲਾਟਮੈਂਟ ਤੋਂ ਕਾਫ਼ੀ ਘੱਟ ਹੈ। ਸਪੈਸ਼ਲ ਕਮਪੋਨੈਂਟ ਪਲਾਨ ਤੇ ਟ੍ਰਾਈਬਲ ਸਬ-ਪਲਾਨ ਪਿਛੇ ਮਕਸਦ ਸੀ ਦਲਿਤਾਂ ਤੇ ਆਦਿਵਾਸੀਆਂ ਦਾ ਵਿਕਾਸ ਕਰਨਾ। ਇਸ ਲਈ ਫੰਡ ਦੀ ਅਲਾਟਮੈਂਟ ਕੁਲ ਆਬਾਦੀ 'ਚ ਉਨ੍ਹਾਂ ਦੀ ਫੀਸਦੀ ਦੇ ਹਿਸਾਬ ਨਾਲ ਕੀਤੀ ਜਾਣੀ ਸੀ। ਕੁਲ ਆਬਾਦੀ 'ਚ ਅਨੁਸੂਚਿਤ ਜਾਤੀ 16.6 ਫੀਸਦੀ ਤੇ ਅਨੁਸੂਚਿਤ ਜਨਜਾਤੀ 8.5 ਫੀਸਦੀ ਹੈ ਪਰ 2015-16 ਦੇ ਬਜਟ 'ਚ ਸਪੈਸ਼ਲ ਕਮਪੋਨੈਂਟ ਪਲਾਨ ਲਈ ਸਿਰਫ਼ 6.63 ਫੀਸਦੀ ਹੀ ਮੁਹੱਈਆ ਕੀਤਾ ਗਿਆ ਹੈ। ਪਿਛਲੇ ਸਾਲ ਦੀ ਤੁਲਨਾ 'ਚ ਇਸ ਸਾਲ ਸਿੱਖਿਆ ਨਾਲ ਜੁੜੇ ਸਾਰੇ ਖੇਤਰਾਂ ਲਈ ਬਜਟ 'ਚ ਭਾਰੀ ਕਟੌਤੀ ਕੀਤੀ ਗਈ ਹੈ। ਸਕੂਲੀ ਸਿੱਖਿਆ ਤੇ ਸਾਖਰਤਾ ਲਈ 2014-15 'ਚ ਕੀਤੀ ਗਈ 51,828 ਕਰੋੜ ਰੁਪਏ ਦੀ ਅਲਾਟਮੈਂਟ ਨੂੰ 2015-16 'ਚ ਘੱਟ ਕਰਕੇ 39038.50 ਰੁਪਏ ਕਰ ਦਿੱਤੀ ਗਈ ਹੈ। ਉਚ ਸਿੱਖਿਆ ਲਈ ਬਜਟ ਨੂੰ 16900 ਕਰੋੜ ਰੁਪਏ ਤੋਂ ਘਟਾ ਕੇ 15855.26 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਸਰਵ ਸਿੱਖਿਆ ਅਭਿਆਨ ਲਈ ਬੱਝਵੀਂ ਅਲਾਟਮੈਂਟ 28258 ਕਰੋੜ ਰੁਪਏ ਤੋਂ ਘੱਟ ਕਰਕੇ 22000 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਮਿਡਲ ਸਿੱਖਿਆ ਲਈ ਫੰਡ ਨੂੰ 8679 ਕਰੋੜ ਤੋਂ ਘਟਾ ਕੇ 6022 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਤਕਨੀਕੀ ਸਿੱਖਿਆ ਵਿਚ 434 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ। ਯੂ.ਜੀ.ਸੀ. ਲਈ ਅਲਾਟ ਫੰਡ ਨੂੰ ਪਿਛਲੇ ਸਾਲ ਦੀ ਪੱਧਰ 'ਤੇ ਹੀ ਰੱਖਿਆ ਗਿਆ ਹੈ ਜੋ ਅਸਲ ਅਰਥ 'ਚ ਕਟੌਤੀ ਹੈ। ਭਾਰਤੀ ਵਿਗਿਆਨਕ ਸਿੱਖਿਆ ਤੇ ਖੋਜ ਸੰਸਥਾ ਲਈ ਅਲਾਟਮੈਂਟ 'ਚ 25 ਫੀਸਦੀ ਦੀ ਕਟੌਤੀ ਕੀਤੀ ਗਈ ਹੈ ਜਿਸ ਦਾ ਅਸਰ ਵਿਗਿਆਨ ਦੀ ਸਿੱਖਿਆ ਅਤੇ ਖੋਜ 'ਤੇ ਪਵੇਗਾ। ਹੋਰ ਤਾਂ ਹੋਰ, ਸਕੂਲੀ ਬੱਚਿਆ ਲਈ ਸਭ ਤੋਂ ਅਹਿਮ ਮਿਡ-ਡੇ-ਮੀਲ ਯੋਜਨਾ ਲਈ ਯੋਜਨਾਗਤ ਫੰਡ ਨੂੰ 13215 ਕਰੋੜ ਰੁਪਏ ਤੋਂ ਘਟਾ ਕੇ 9236 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਜੇ ਮਹਿੰਗਾਈ ਨੂੰ ਵੀ ਧਿਆਨ 'ਚ ਰੱਖਿਆ ਜਾਵੇ ਤਾਂ ਅਸਲ ਅਰਥਾਂ 'ਚ ਇਹ ਕਟੌਤੀ ਕਿਤੇ ਵੱਧ ਹੈ। ਸਰਕਾਰ ਨੇ ਜਿਥੇ ਉਸ ਜਾਇਦਾਦ ਟੈਕਸ ਖਤਮ ਕਰ ਦਿੱਤਾ ਹੈ ਜੋ ਅਮੀਰਾਂ ਨੇ ਦੇਣਾ ਹੁੰਦਾ ਹੈ, ਉਥੇ ਕਾਰਪੋਰੇਟ ਟੈਕਸ ਨੂੰ ਘਟਾ ਕੇ ਸਿੱਧੇ ਟੈਕਸ ਖਾਤੇ 'ਚ 8325 ਕਰੋੜ ਰੁਪਏ ਦੀ ਬਲੀ ਦੇ ਦਿੱਤੀ ਹੈ। ਦੂਜੇ ਪਾਸੇ ਸਰਕਾਰ ਨੇ ਅਸਿੱਧੇ ਟੈਕਸ ਵਜੋਂ ਆਮ ਲੋਕਾਂ ਤੋਂ ਜ਼ਿਆਦਾ ਵਸੂਲੀ ਕੀਤੀ ਹੈ ਅਤੇ 24,383 ਕਰੋੜ ਵੱਧ ਹਾਸਲ ਕੀਤਾ ਹੈ (ਸੀਟੂ) ਸਵਰਨ ਸੰਸਕ੍ਰਿਤੀ 'ਤੇ ਖਰਚ: ਇਸ ਸਰਕਾਰ ਨੇ ਜਿਥੇ ਸਮਾਜ ਭਲਾਈ 'ਚ ਮਦ 'ਚ ਖਰਚ 'ਚ ਕਟੌਤੀ ਕੀਤੀ ਹੈ ਅਤੇ ਕਾਰਪੋਰੇਟ ਟੈਕਸ ਨੂੰ ਘੱਟ ਕੀਤਾ ਹੈ, ਉਥੇ ਹਿੰਦੂ ਫਿਰਕੇ ਦੇ ਸਵਰਨ-ਖੁਸ਼ਹਾਲ ਤਬਕੇ ਦੇ ਦਬ-ਦਬਾਅ ਨੂੰ ਮਜਬੂਤ ਕਰਨ ਲਈ ਸੰਸਕ੍ਰਿਤੀ 'ਤੇ ਖਰਚ 'ਚ ਵਾਧਾ ਕੀਤਾ ਹੈ। ਯੋਗ ਜੋ ਪੰਤਾਜਲੀ, ਹਠ, ਉਪਨਿਸ਼ਦ ਵਰਗੇ ਬ੍ਰਾਹਮਣਵਾਦੀ ਧਾਰਮਿਕ ਤੇ ਦਾਰਸ਼ਨਿਕ ਸ਼ਾਸਤਰਾਂ ਤੋਂ ਆਇਆ ਹੈ ਅਤੇ ਜੋ ਮੁੱਖ ਤੌਰ 'ਤੇ ਮੱਧ ਵਰਗ ਦੇ ਇਕ ਹਿੱਸੇ ਵਲੋਂ ਕੀਤਾ ਜਾਂਦਾ ਹੈ, ਉਸ ਨੂੰ ਭਾਰਤ ਦੀ ਨਰਮ ਸ਼ਕਤੀ ਦੇ ਔਜਾਰ ਵਜੋਂ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਪ੍ਰਧਾਨ ਮੰਤਰੀ ਮੋਦੀ ਵਲੋਂ ਯੋਗ ਨੂੰ ਹੱਲਾਸ਼ੇਰੀ ਦਿੱਤੇ ਜਾਣ 'ਤੇ ਸੰਯੁਕਤ ਰਾਸ਼ਟਰ ਦੀ ਆਮ ਸਭਾ ਨੇ ਦਸੰਬਰ 2014 'ਚ ਇਕ ਮਸੌਦੇ ਨੂੰ ਮੰਜੂਰ ਕੀਤਾ। ਭਾਰਤ ਵਲੋਂ ਪੇਸ਼ ਇਸ ਪ੍ਰਸਤਾਵ ਵਿਚ 21 ਜੂਨ ਨੂੰ 'ਕੌਮਾਂਤਰੀ ਯੋਗ ਦਿਵਸ' ਮਨਾਉਣ ਦਾ ਐਲਾਨ ਕੀਤਾ ਗਿਆ। ਇਸ ਪ੍ਰਸਤਾਵ ਦਾ ਸੰਯੁਕਤ ਰਾਸ਼ਟਰ ਦੇ 175 ਮੈਂਬਰ ਦੇਸ਼ਾਂ ਨੇ ਹਮਾਇਤ ਕੀਤੀ ਜਿਸ 'ਚ ਕਿਹਾ ਗਿਆ ਸੀ ਕਿ 'ਯੋਗ ਸਿਹਤ ਤੇ ਭਲਾਈ ਪ੍ਰਤੀ ਇਕ ਮਹੱਤਵਪੂਰਨ ਨਜ਼ਰੀਆ ਮੁਹੱਈਆ ਕਰਦਾ ਹੈ।' ਦਿੱਲੀ 'ਚ ਪਹਿਲੇ ਕੌਮਾਂਰਤੀ ਯੋਗ ਦਿਵਸ ਨੂੰ ਵੱਡੀ ਪੱਧਰ 'ਤੇ ਮਨਾਇਆ ਗਿਆ। ਇਸ ਘਟਨਾ ਨੂੰ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡ 'ਚ ਦਰਜ ਕਰਨ ਲਈ ਗਣਤੰਤਰ ਦਿਵਸ ਵਰਗੀ ਤਿਆਰੀ ਕੀਤੀ ਗਈ। 150 ਸੀ.ਸੀ.ਟੀ.ਵੀ. ਕੈਮਰੇ ਲਾਏ ਗਏ। ਸੁਰੱਖਿਆ ਫੋਰਸਾਂ ਤੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਲਾਮਬੰਦ ਕਰਕੇ ਇਸ ਵਿਚ ਸ਼ਾਮਲ ਕਰਵਾਇਆ ਗਿਆ। ਇਸ ਰਿਕਾਰਡ ਨੂੰ ਵਰਲਡ ਰਿਕਾਰਡ 'ਚ ਦਰਜ ਕਰਦੇ ਹੋਏ ਕਿਹਾ ਗਿਆ ਕਿ 'ਪਹਿਲੇ ਕੌਮਾਂਤਰੀ ਯੋਗ ਦਿਵਸ ਦੇ ਮੌਕੇ 21 ਜੂਨ 2015 ਨੂੰ ਰਾਜਪਥ, ਨਵੀਂ ਦਿੱਲੀ ਭਾਰਤ



'ਚ ਭਾਰਤ ਸਰਕਾਰ ਦੇ ਆਬੂਸ਼ ਮੰਤਰਾਲੇ ਵਲੋਂ ਆਯੋਜਿਤ ਸਭ ਤੋਂ ਵੱਡੀ ਯੋਗ ਦੀ ਸਿੱਖਿਆ, ਜਿਸ 'ਚ 35985 ਲੋਕਾਂ ਨੇ ਹਿੱਸਾ ਲਿਆ।"

ਇਹ ਪ੍ਰੋਗਰਾਮ ਨਵੀਂ ਦਿੱਲੀ ਦੇ ਮੱਧ ਮਾਰਗ 'ਚ ਪ੍ਰਸਿੱਧ ਰਾਜਪਥ ਦੇ 1.4 ਕਿਲੋਮੀਟਰ ਲੰਮੇ ਹਿੱਸੇ 'ਚ ਆਯੋਜਿਤ ਕੀਤਾ ਗਿਆ। 32 ਐਲਈਡੀ ਪਰਦੇ ਲਾਏ ਗਏ ਸਨ ਜੋ ਮੁੱਚ ਮੰਚ ਤੋਂ ਚਾਰ ਜਾਣਿਆਂ ਦਾ ਸਿੱਧਾ ਪ੍ਰਸਾਰਣ ਵਿਖਾ ਰਹੇ ਸਨ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਸਿਖਲਾਈ ਦੌਰਾਨ ਯੋਗ 'ਚ ਹਿੱਸਾ ਲਿਆ। ਪ੍ਰੋਗਰਾਮ 'ਚ ਕਰੀਬ 5000 ਸਕੂਲੀ ਬੱਚੇ, 5000 ਐਨਸੀਸੀ ਦੇ ਲੋਕ, 5000 ਕੇਂਦਰੀ ਫੌਜ ਦੇ ਜਵਾਨ, 1200 ਔਰਤ ਪੁਲਿਸ ਅਫ਼ਸਰ, 5000 ਕੇਂਦਰੀ ਮੰਤਰਾਲਿਆਂ ਤੇ ਵੱਖ-ਵੱਖ ਵਿਭਾਗਾਂ ਦੇ ਲੋਕ, 5000 ਦੂਤਾਵਾਸ ਲੋਕ ਤੇ ਵਿਦੇਸ਼ੀ ਨਾਗਰਿਕ, 15000 ਯੋਗ ਅਦਾਰੇ ਦੇ ਲੋਕ ਸ਼ਾਮਲ ਹੋਏ। ਇਹ ਯਕੀਨੀ ਬਣਾਉਣ ਲਈ ਕਿ ਇਸ 'ਚ ਸ਼ਮੂਲੀਅਤ ਕਰਨ ਵਾਲੇ ਲੋਕ ਆਪਣੀ ਸਮਰੱਥਾ ਅਨੁਸਾਰ ਬਿਹਤਰ ਯੋਗ ਕਰਨ ਮੰਤਰਾਲੇ ਨੇ ਪ੍ਰੋਗਰਾਮ3 ਤੋਂ ਦੋ ਮਹੀਨੇ ਪਹਿਲਾਂ ਇਸ 'ਚ ਹਿੱਸਾ ਲੈਣ ਵਾਲੇ ਲੋਕਾਂ ਨੂੰ ਪ੍ਰੈਕਟਿਸ ਲਈ ਅਭਿਆਸ ਦਾ ਇਕ ਵੀਡੀਓ ਦਿੱਤਾ ਸੀ।" ਇਸਪ੍ਰੋਗਰਾਮ ਦੀ ਇਸ਼ਤਿਹਾਰਬਾਜ਼ੀ ਲਈ ਸਿਫਰ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਵਲੋਂ ਹੀ 100 ਕਰੋੜ ਰੁਪਏ ਖਰਚ ਕੀਤੇ ਗਏ। ਆਯੂਸ ਮੰਤਰਾਲੇ ਨੇ 30 ਕਰੋੜ ਰੁਪਏ ਲਾਏ। ਵੱਖ-ਵੱਖ ਦੂਤਾਵਾਸਾਂ ਵਲੋਂ ਵੀ ਇਸ਼ਤਿਹਾਰ 'ਤੇ ਆਧਾਰਿਤ ਅਣਐਲਾਨੀ ਰਾਸ਼ੀ ਖਰਚ ਕੀਤੀ ਗਈ। ਸੁਰੱਖਿਆ ਬਲਾਂ ਸਮੇਤ ਪ੍ਰੋਗਰਾਮ ਦੀ ਵਿਵਸਥਾ 'ਚ ਕਿੰਨਾ ਕੀਤਾ ਗਿਅਹਾ, ਇਸ ਦਾ ਪਤਾ ਨਹੀਂ ਹੈ। ਸਾਲ 2013 'ਚ ਆਯੋਜਿਤ ਕੁੰਭ ਮੇਲੇ 'ਚ ਕੈਗ ਦੀ ਰਿਪੋਰਟ ਮੁਤਾਬਕ 1151.83 ਕਰੋੜ ਰੁਪਏ ਖਰਚ ਹੋਏ ਸਨ, ਜਿਸ 'ਚ 1017 ਕਰੋੜ ਰੁਪਏ ਕੇਂਦਰ ਸਰਕਾਰ ਤੋਂ ਆਏ ਅਤੇ 134.83 ਕਰੋੜ ਰੁਪਏ ਸੂਬਾ ਸਰਕਾਰ ਦਾ ਯੋਗਦਾਨ ਸੀ। ਉਥੇ 85 ਕਲੋਜ ਸਰਕਟ ਟੈਲੀਵਿਜ਼ਨ ਕੈਮਰੇ (ਸੀ.ਸੀ.ਟੀ.ਵੀ.) ਲਾਏ ਗਏ ਸਨ। ਇਸ ਸਾਲ ਮਹਾਂਰਾਸ਼ਟਰ ਦੇ ਨਾਸਿਕ 'ਚ ਹੋ ਰਹੇ ਕੁੰਭ ਮੇਲਾ ਕਰਾਉਣ 'ਤੇ 2380 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਯਾਨੀ ਸਿਰਫ਼ ਦੋ ਸਾਲ 'ਚ ਦੁਗਣਾ। ਇਸ ਖਰਚ 'ਚ 550 ਸੀ.ਸੀ.ਟੀ.ਵੀ. ਕੈਮਰੇ ਲਾਉਣ ਦਾ ਖਰਚਾ ਵੀ ਸ਼ਾਮਲ ਹੇ, ਜਿਸ ਵਿਚ 348 ਕੈਮਰੇ ਲਾਏ ਜਾ ਚੁੱਕੇ ਹਨ। 15000 ਪੁਲਿਸ ਦੇ ਜਵਾਨਾਂ ਨੂੰ ਤਾਇਨਾਤ ਕੀਤਾ ਜਾਵੇਗਾ। ਪਾਣੀ ਦੀ ਸਪਲਾਈ ਲਈ 145 ਕਿਲੋਮੀਟਰ ਲੰਮੀ ਪਾਇਪ ਲਾਈਨ ਵਿਛਾਈ ਗਈ ਹੈ। ਇਸ ਤੋਂ ਇਲਾਵਾ ਮੁੱਖ ਲਾਈਨ ਨਾਲ ਜੋੜਨ ਵਾਲੀ 120 ਕਿ.ਮੀ. ਲੰਮੀ ਪਾਈਪ ਲਾਈਨ ਲਾਈ ਗਈ ਹੈ। ਪਾਣੀ ਦੀ ਸਪਲਾਈ ਲਈ ਘਾਟਾਂ 'ਤੇ 26 ਟਿਊਬਵੈਲ ਪੁਟੇ ਗਏ ਹਨ। 1500 ਸਟਰੀਟ ਲਾਈਟ ਨੂੰ ਜਗਮਗ ਰੱਖਣਲਈ 35 ਸਬ ਸਟੇਸ਼ਨਾਂ ਤੋਂ ਬਿਜਲੀ ਸਪਲਾਈ ਲਈ 450 ਕਿ. ਮੀ. ਪਾਵਰ ਲਾਈਨ ਲਾਈ ਗਈ ਹੈ। ਸੰਸਕ੍ਰਿਤ ਜਿਸ ਨੂੰ ਨਾ ਤਾਂ ਬੋਲਿਆ ਜਾਂਦਾ ਹੈ ਤੇ ਨਾ ਹੀ ਰੋਜਮਰਾ ਦੀ ਬੋਲ ਚਾਲ 'ਚ ਵਰਤਿਆ ਜਾਂਦਾ ਹੈ ਅਤੇ ਇਕ ਸਮਾਂ ਸੀ ਜਦ ਇਸ ਦੀ ਵਰਤੋਂ ਸਿਰਫ਼ ਉਚ ਜਾਤੀਆਂ ਤੱਕ ਸੀਮਤ ਸੀ, ਉਸ ਨੂੰ ਐਨ.ਡੀ.ਏ. ਸਰਕਾਰ ਵਲੋਂ ਵੱਡੀ ਪੱਧਰ 'ਤੇ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਜੋ ਲੋਕ ਹਿੰਦੂ ਦਰਸ਼ਨ ਤੇ ਧਰਮ ਸ਼ਾਸਤਰਾਂ ਦਾ ਅਧਿਐਨ ਕਰਦੇ ਹਨ ਉਨ੍ਹਾਂ ਲਈ ਸੰਸਕ੍ਰਿਤ ਪੜ੍ਹਨਾ ਲਾਜ਼ਮੀ ਹੈ ਪਰ ਇਥੇ ਇਸ 'ਤੇ ਗੌਰ ਕਰਨੀ ਜ਼ਰੂਰੀ ਏ ਕਿ ਇਕ ਸਮਾਂ ਸੀ ਜਦ ਸੰਸਕ੍ਰਿਤ ਦਾ ਗਿਆਨ ਹੇਠੀਆਂ ਜਾਤੀਆਂ ਦੀ ਲੁਟ ਘਸੁਟ ਦਾ ਔਜਾਰ ਸੀ। ਜੇ ਸ਼ੂਦਰ ਸੰਸਕ੍ਰਿਤ ਬੋਲਦਾ ਸੀ ਤਾਂ ਉਸ ਦੀ ਜ਼ੁਬਾਨ ਕੱਟ ਕੇ ਸਜ਼ਾ ਦਿੱਤੀ ਜਾਂਦੀ ਸੀ। ਜੇ ਉਹ ਸੰਸਕ੍ਰਿਤ ਸੁਣਦੇ ਸਨ ਤਾਂ ਉਨ੍ਹਾਂ ਦੇ ਕੰਨਾਂ 'ਚ ਸਿੱਕਾ ਪਿਘਲਾ ਕੇ ਪਾਇਆ ਜਾਂਦਾ ਸੀ ਤੇ ਜੇ ਉਹ ਸੰਸਕ੍ਰਿਤ ਪੜ੍ਹਦੇ ਸਨ ਤਾਂ ਉਨ੍ਹਾਂ ਦੀਆਂ ਅੱਖਾਂ ਕੱਢਣ ਦੀ ਸਜ਼ਾ ਦਿੱਤੀ ਜਾਂਦੀ ਸੀ। ਐਨ.ਡੀ.ਏ. ਸਰਕਾਰ ਵਲੋਂ ਭਾਰੀ ਰਾਸ਼ੀ ਖਰਚ ਕਰਕੇ ਸੰਸਕ੍ਰਿਤ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਨੇ ਸਾਲ 2013-14 'ਚ ਕੇਂਦਰੀ ਮੰਤਰਾਲੇ ਦੇ ਸਕੂਲਾਂ 'ਚ ਜਰਮਨ ਭਾਸ਼ਾ ਦੀ ਥਾਂ, ਸੰਸਕ੍ਰਿਤ ਨੂੰ ਤੀਜੀ ਭਾਸ਼ਾ ਵਜੋਂ ਲਾਜ਼ਮੀ ਕਰ ਦਿੱਤਾ ਗਿਆ ਸੀ ਜਿਸ ਦੇ ਲਈ ਨਾ ਤਾਂ ਲੋੜੀਂਦੇ ਅਧਿਆਪਕ ਲਾਏ ਗਏ ਤੇ ਨਾ ਹੀ ਪਾਠ ਪੁਸਤਕਾਂ। 20 ਜੂਨ ਤੋਂ 2 ਜੁਲਾਈ 2015 ਤੱਕ ਥਾਈਲੈਂਡ 'ਚ ਵਿਸ਼ਵ ਸੰਸਕ੍ਰਿਤ ਦਿਵਸ ਮਨਾਇਆ ਗਿਆ। ਸਰਕਾਰ ਨੇ ਇਸ 'ਚ ਭਾਗ ਲੈਣ ਲਈ ਵਿਦਵਾਨਾਂ ਦੀ ਗਿਣਤੀ ਵਧਾ ਕੇ 250 ਕਰ ਦਿੱਤੀ ਸੀ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਇਸ ਪ੍ਰਤੀਨਿਧੀ ਮੰਡਲ ਦੀ ਅਗਵਾਈ ਕੀਤੀ ਸੀ। ਇਨ੍ਹਾਂ 250 ਨੁਮਾਇੰਦਿਆਂ 'ਚੋਂ 30 ਆਰ. ਐਸ. ਐਸ. ਨਾਲ ਜੁੜੀ ਸੰਸਥਾ ਦੇ ਲੋਕ ਸਨ। ਇਸ ਤਰ੍ਹਾਂ ਦਾ ਸੰਮੇਲਨ ਪਹਿਲਾਂ ਵੀ ਸੰਨ 2000 ਅਤੇ 2003 'ਚ ਦੋ ਵਾਰੀ ਆਯੋਜਿਤ ਕੀਤਾ ਜਾ ਚੁੱਕਿਆ ਹੈ। ਜਦੋਂ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ। ਵਿਸ਼ਵ ਸੰਸਕ੍ਰਿਤ ਸੰਮੇਲਨ ਤੇ ਆਮ ਤੌਰ 'ਤੇ ਸੰਸਕ੍ਰਿਤ ਨੂੰ ਹੱਲਾਸ਼ੇਰੀ ਦੇਣ 'ਚ ਕਿੰਨਾ ਖਰਚ ਹੋਇਆ, ਇਸ ਦੀ ਜਾਣਕਾਰੀਖ ਹੈ ਨਹੀਂ। ਸਰਕਾਰ ਕਰਦਾਤਿਆਂ ਦੇ ਅਦਾਰੇ ਤੋਂ ਨਰਮ ਹਿੰਦੂਤਵ ਨੂੰ ਹੱਲਾਸ਼ੇਰੀ ਦੇ ਰਹੀ ਹੈ ਜਦਕਿ ਭਾਜਪਾ ਦੇ ਨੇਤਾ ਜਿਸ 'ਚ ਕੁਝ ਮੰਤਰੀ ਵੀ ਸ਼ਾਮਲ ਹਨ, ਗਰਮ ਹਿੰਦੂਤਵ ਨੂੰ ਹਵਾ ਦੇ ਰਹੇ ਹਨ। ਉਹ ਹੋਰਨਾਂ ਧਰਮਾਂ ਨੂੰ ਕਲੰਕਿਤ ਕਰਦਿਆਂ ਹਿੰਸਕ ਤੇ ਹਮਲਾਵਰ ਭਾਸ਼ਾ ਦੀ ਵਰਤੋਂ ਕਰ ਰਹੇ ਹਨ ਅਤੇ ਨਫ਼ਰਤ ਫੈਲਾ ਰਹੇ ਹਨ। ਗਰਮ ਹਿੰਦੂਤਵ ਦਾ ਮਕਸਦ ਹੈ-ਜੇ ਲੋੜ ਪਵੇ ਤਾਂ ਹਿੰਸਾ ਦਾ ਵੀ ਸਹਾਰਾ ਲੈ ਕੇ ਦੇਸ਼ ਨੂੰ ਗੈਰ ਹਿੰਦੂਆਂ ਤੋਂ ਆਜ਼ਾਦ ਕਰਵਾਉਣਾ ਜਾਂ ਵੋਟ ਦੇਣ ਦੇ ਅਧਿਕਾਰ ਸਮੇਤ ਉਨ੍ਹਾਂ ਦੇ ਨਾਗਰਿਕ ਅਧਿਕਾਰਾ ਨੂੰ ਖੋਹ ਕੇ ਦੋਮ ਕਰਜ਼ੇ ਦਾ ਨਾਗਰਿਕ ਬਣਾ ਦੇਣਾ ਅਤੇ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨਾ। ਗੋਰਕਸ਼, ਲਵ ਜਿਹਾਦ, ਹਿੰਦੂਆਂ ਦੇ ਪਵਿੱਤਰ ਪ੍ਰਤੀਕਾਂ ਦਾ ਅਪਮਾਨ ਜਾਂ ਧਰਮ ਤਬਦੀਲੀ ਦਾ ਬਹਾਨਾ ਬਣਾ ਕੇ ਹੋਣ ਵਾਲੇ ਫਿਰਕੂ ਦੰਗਿਆਂ ਦੀਆਂ ਅਨੇਕਾਂ ਘਟਨਾਵਾਂ, ਇਸ ਦੀ ਮਿਸਾਲ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਵੀਨ ਤੋਗੜੀਆ ਹਿੰਦੂਤਵ ਨੂੰ ਭੜਕਾਉਂਦੇ ਹਨ ਕਿ ਹਿੰਦੂ ਬਹੁਗਿਣਤੀ ਇਲਾਕਿਆਂ 'ਚ ਮੁਸਲਮਾਨਾਂ ਵਲੋਂ ਖਰੀਦੇ ਗਏ ਮਕਾਨਾਂ 'ਤੇ ਜਬਰੀ ਕਬਜ਼ਾ ਕਰਨਾ। ਸਾਖਸ਼ੀ ਮਹਾਰਾਜ, ਯੋਗੀਆ ਇਤਿਆਨੰਦ, ਸਾਧਵੀ ਨਿਰੰਜਨਾ, ਜੋਤੀ ਗਿਰੀਰਾਜ ਕਿਸ਼ੋਰ ਆਦਿ ਆਪਣੇ ਭਾਸ਼ਣਾਂ 'ਚ ਘ੍ਰਿਣਾ ਫੈਲਾਉਣ 'ਤੇ ਅਪਰਾਧਿਕ ਭਾਸ਼ਾ ਦੀ ਖੁੱਲ੍ਹ ਕੇ ਵਰਤੋਂ ਕਰਦੇ ਹਨ। ਦੂਜੇ ਪਾਸੇ ਨਰਮ ਹਿੰਦੂਤਵ ਵਲੋਂ ਮੀਡੀਆ ਸਿੱਖਿਆ ਅਨੇਕਾਂ ਭਗਵਾਨਾਂ ਤੇ ਹੋਰ ਮੰਚਾਂ ਰਾਹੀਂ ਸਵਰਨਾਂ ਦਾ ਸੰਸਕ੍ਰਿਤ ਦਾਬਾ ਕਾਇਮ ਕਰਨ ਤੇ ਧਾਰਮਿਕ ਤੇ ਸੰਸਕ੍ਰਿਤਕ ਬਹਿਸ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਧਾਰਮਿਕ, ਸੰਸਕ੍ਰਿਤਕ ਦ੍ਰਿਸ਼ ਨੂੰ ਇਕੋ ਰੰਗ 'ਚ ਰੰਗਨ ਨਾਲ ਧਾਰਮਿਕ ਆਚਰਣ, ਆਸਥਾ, ਸੰਸਕ੍ਰਿਤਕ ਰਵਾਇਤ, ਰੀਤ ਰਿਵਾਜ ਤੇ ਜੀਵਨਸ਼ੈਲੀ ਦੀ ਵਿਭੰਨਤਾ 'ਤੇ ਚੋਟ ਪਹੁੰਚਦੀ ਹੈ। ਅੱਜ ਕਿੰਨੇ ਲੋਕ ਹਨ ਜੋ ਲੋਕਾਅਤ ਦਰਸ਼ਨ, ਨਾਥ ਪਥ, ਸਿੱਧਾ ਪਥ ਸਭ ਜਾਤੀਆਂ ਤੋਂ ਆਏ ਭਗਤੀ ਸੰਤਾਂ, ਸਭਿਆਚਾਰਾਂ ਤੇ ਰਵਾਇਤਾਂ ਬਾਰੇ ਜਾਣਦੇ ਹਨ? ਨਰਮ ਸ਼ਕਤੀ ਵਜੋਂ ਬੁੱਧਵਾਦ ਨੂੰ ਹੱਲਾਸ਼ੇਰੀ ਕਿਉਂ ਨਹੀਂ ਦਿੱਤੀ ਜਾਂਦੀ ਜਾਂ ਇਸ ਤਰ੍ਹਾਂ ਜੈਨ ਜਾਂ ਸਿੱਖ ਧਰਮ ਨੂੰ ਕਿਉਂ ਨਹੀਂ। ਅਸਲ 'ਚ ਨਰਮ ਤੇ ਗਰਮ ਹਿੰਦੂਤਵ ਦੋਨਾਂ ਦੀ ਮਕਸਦ ਇਕ ਹੀ ਹੈ, ਇਹ ਕਾਰਜਨੀਤਕ ਕਾਰਨਾਂ ਕਰਕੇ ਵੱਖ-ਵੱਖ ਰਣਨੀਤੀਆਂ ਅਪਣਾਉਂਦੇ ਨ। ਨਰਮ ਹਿੰਦੂਤਵ ਸਮਾਜ ਦੇ ਉਸ ਹਿੱਸੇ ਲਈ ਜਿਨ੍ਹਾਂ ਨੂੰ ਹਿੰਸਾ ਤੇ ਹਮਲਾਵਰ ਭਾਸ਼ਾ ਅਪੀਲ ਨਹੀਂ ਕਰਦੀ ਅਤੇ ਜੋ ਉਨ੍ਹਾਂ ਦੇ ਸੁਆਦ ਦੇ ਅਨੁਕੂਲ ਨਹੀਂ ਹੈ। ਨਰਮ ਤੇ ਗਰਮ ਹਿੰਦੂਤਵ ਆਪਸ 'ਚ ਮਿਲ ਕੇ ਕੰਮ ਕਰਦੇ ਹਨ ਅਤੇ ਇਕ ਦੂਜੇ ਦੇ ਪੂਰਕ ਹਨ। ਪ੍ਰਧਾਨ ਮੰਤਰੀ ਮੋਦੀ ਨੇ ਗਰਮ ਹਿੰਦੂਤਵ ਦੀ ਉਦੋਂ ਤੱਕ ਵਰਤੋਂ ਕੀਤੀ ਜਦੋਂ ਤੱਕ ਉਹ ਉਸਦੇ ਮਕਸਦ ਨੂੰ ਪੂਰਾ ਕਰਦਾ ਸੀ ਅਤੇ ਅੱਜ ਉਹ ਉਸੇ ਮਸਕਦ ਨੂੰ ਹਾਸਲ ਕਰਨ ਲਈ ਨਰਮ ਹਿੰਦੂਤਵ ਦੀ ਵਰਤੋਂ ਕਰ ਰਹੇ ਹਨ। ਨਰਮ ਤੇ ਗਰਮ ਹਿੰਦੂਤਵ ਇਕ ਦੂਜੇ ਦੀ ਮਦਦ ਕਰਦੇ ਹਨ। ਮਿਸਾਲ ਵਜੋਂ ਨਰਮ ਹਿੰਦੂਤਵ ਉਨ੍ਹਾਂ ਲੋਕਾਂ ਦੀ ਮਦਦ ਕਰ ਰਿਹਾ ਹੈ ਜੋ ਅੱਤਵਾਦ ਤੇ ਫਿਰਕੂ ਦੰਗਿਆਂ 'ਚ ਆਪਣੀ ਭੂਮਿਕਾ ਦੇ ਕਾਰਨ ਜੇਲ੍ਹ 'ਚ ਹਨ। ਐਨ. ਡੀ. ਏ. ਸਰਕਾਰ ਦੀ ਦੇਖ ਰੇਖ 'ਚ ਕਾਬੂ ਬਜਰੰਗੀ ਤੇ ਮਾਇਆ ਕੋਡ ਨਾਨੀ ਵਰਗੇ ਸਜ਼ਾ ਯਾਫ਼ਤਾ ਅਪਰਾਧੀ ਜ਼ਮਾਨਤ 'ਤੇ ਬਾਹਰ ਹਨ। ਰੋਹਣੀ ਸਾਲਿਆਨ (ਜੋ ਮਾਲੇਗਾਂਵ ਬੰਬ ਵਿਸਫੋਟ 'ਚ ਸਰਕਾਰੀ ਵਕੀਲ ਰਹੀ ਹੈ, ਕੌਮੀ ਜਾਂਚ ਏਜੰਸੀ ਦੇ ਅਫ਼ਸਰਾਂ 'ਤੇ ਇਹ ਦੋਸ਼ ਲਾਇਆ ਸੀ ਕਿ ਇਹ ਅਧਿਕਾਰੀ ਉਨ੍ਹਾਂ ਨੂੰ ਸਲਾਹ ਦੇ ਰਹੇ ਹਨ ਕਿ ਮਾਲੇਗਾਵ ਬੰਬ ਬਲਾਸਟ ਦੇ ਦੋਸ਼ੀ ਕਰਨਲ ਪ੍ਰੋਹਿਤ, ਦਆਨੰਦ ਪਾਂਡੇ ਸਾਧਵੀ ਪ੍ਰਗਿਆ ਸਿੰਘ ਠਾਕਰ ਖਿਲਾਫ਼ ਮਾਮਲੇ 'ਚ ਹੌਲੀ ਚਲੇ ਤੇ ਏਜੰਸੀ ਨਹੀਂ ਚਾਹੁੰਦੀ ਉਹ ਇਸ ਕੇਸ ਨੂੰ ਜਿੱਤੇ। ਨਰਮ ਹਿੰਦੂਤਵ 'ਚ ਹਾਕਮ ਧਿਰ ਹੋਣ ਕਰਕੇ ਨਰਮ ਹਿੰਦੂਤਵ ਨੂੰ ਵੱਧ ਹਿੰਸਕ ਤੇ ਹਮਲਾਵਰ ਹੋਣ ਅਤੇ ਕਨੂੰਨ ਦੇ ਰਾਜ ਤੋਂ ਨਾ ਡਾਨ ਕਰਕੇ ਤਾਕਤ ਮਿਲਦੀ ਹੈ। ਕੋਈ ਇਸ ਗੱਲ ਦੀ ਉਮੀਦ ਨਹੀਂ ਕਰਦਾ ਹੈ ਕਿ ਪ੍ਰਧਾਨ ਮੰਤਰੀ, ਇਨ੍ਹਾਂ ਮੁੱਦਿਆਂ ਬਾਰੇ ਬੋਲਣਗੇ? ਨਰਮ ਹਿੰਦੂਤਵ ਵਲੋਂ ਜਿਨ੍ਹਾਂ ਲੋਕਾਂ ਨੂੰ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ। ਅਧਿਕਾਰਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ ਤੇ ਜੋ ਲੋਕ ਗਰੀਬੀ ਦੀ ਮਾਰ ਹੇਠ ਆ ਰਹੇ ਹਨ, ਉਨ੍ਹਾਂ ਨੂੰ ਝੂਠੇ ਗੌਰਵ ਨਾਲ ਭਰਨ ਲਈ ਨਰਮ ਹਿੰਦੂਤਵ ਦਾ ਵੀ ਕੰਮ ਕਰਦਾ ਹੈ ਪਰ ਗੌਰਵ ਦੀ ਇਹ ਭਾਵਨਾ ਵੱਧ ਸਮੇਂ ਤੱਕ ਟਿਕਣ ਵਾਲੀ ਨਹੀਂ ਹੈ। ਗਰੀਬੀ ਤੇ ਅਧਿਕਾਰੋਂ ਵਿਹੂਣੇ ਹੋਣ ਦਾ ਯਥਾਰਥ ਲੋਕਾਂ ਨੂੰ ਅਸਲ 'ਚ ਮਜਬੂਤ ਹੋਣ ਲਈ ਜਲਦ ਹੀ ਲਾਮਬੰਦ ਹੋਣਗੇ।

ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
98156-29301



# .ਗਦਰੀ ਬਾਬਿਆਂ ਦਾ ਮੇਲਾ, ਇਨਕਲਾਬੀ ਕਲਾ ਅਤੇ ਗਿਆਨ ਦੀ ਰੰਗੋਲੀ

- **ਕਮੇਟੀ ਦੇ ਟਰੱਸਟੀ ਗੁਰਮੀਤ ਨੇ ਕੀਤੀ ਝੰਡਾ ਲਹਿਰਾਉਣ ਦੀ ਰਸਮ**
- **ਵਿਚਾਰ-ਚਰਚਾ * ਗੀਤ ਸੰਗੀਤ ਅਤੇ ਨਾਟਕਾਂ ਨੇ ਲੋਕ ਕੀਲੇ**



**ਅਮੋਲਕ ਸਿੰਘ**

ਜਲੰਧਰ : ਅੱਜ ਗ਼ਦਰੀ ਬਾਬਿਆਂ ਦੇ ਤਿੰਨ ਰੋਜ਼ਾ ਮੇਲੇ ਦੇ ਸਿਖਰਲੇ ਦਿਨ ਆਜ਼ਾਦੀ ਦੀ ਜਦੋ ਜਹਿਦ ਵਿਚ ਅਮੁੱਲਾ ਯੋਗਦਾਨ ਪਾਉਣ ਵਾਲੀ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਦੇ ਟਰੱਸਟੀ ਕਾਮਰੇਡ ਗੁਰਮੀਤ ਨੇ ਅਦਾ ਕੀਤੀ। ਝੰਡਾ ਲਹਿਰਾਉਣ ਦੀ ਰਸਮੋ ਮੌਕੇ ਉਨ੍ਹਾਂ ਨਾਲ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਖਜ਼ਾਨਚੀ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਪ੍ਰਗਟ ਸਿੰਘ ਜਾਮਾਰਾਏ, ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਕੋਛੜ, ਕਾਮਰੇਡ ਨੌਨਿਹਾਲ ਸਿੰਘ, ਕਾਮਰੇਡ ਰਘਬੀਰ ਸਿੰਘ ਛੀਨਾ ਅਤੇ ਸਮੂਹ ਕਮੇਟੀ ਮੈਂਬਰ ਹਾਜ਼ਰ ਸਨ।

ਕਾਮਰੇਡ ਗੁਰਮੀਤ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਗ਼ਦਰੀਆਂ ਦੇ ਵਾਰਸ ਹੋਣ ਦਾ ਅਸਲੀ ਅਰਥ ਇਹ ਹੈ ਕਿ ਅਸੀਂ ਸਾਮਰਾਜਵਾਦ ਵਲੋਂ ਮੜੀਆਂ ਨਵੀਂ ਆਰਥਿਕ ਨੀਤੀਆਂ ਨੂੰ ਭਾਂਜ ਦਿੰਦੇ ਹੋਏ, ਭੁੱਖ ਨੰਗ, ਗਰੀਬੀ, ਕਰਜ਼ੇ, ਮੰਦਹਾਲੀ ਅਤੇ ਬੇਰੁਜ਼ਗਾਰੀ ਦੇ ਭੰਨੇ ਲੋਕਾਂ ਦੀ ਬਾਂਹ ਫੜੀਏ। ਉਨ੍ਹਾਂ ਨੇ ਫਿਰਕੂ ਸਦਭਾਵਨਾ ਨੂੰ ਦਰਪੇਸ਼ ਖਤਰਿਆਂ ਤੋਂ ਚੌਕੰਨੇ ਕਹਿਣ ਦਾ ਸੁਨੇਹਾ ਦਿੱਤਾ। ਸੀਨੀਅਰ ਸੈਕੰਡਰੀ ਸਕੂਲ ਬਿਲਗਾ ਤੋਂ ਆਈ ਬੈਂਡ ਦੀ ਟੀਮ ਨੇ ਝੰਡੇ ਨੂੰ ਸਲਾਮੀ ਦਿੱਤੀ।

ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਦੇਸ਼ ਬਦੇਸ਼ ਤੋਂ ਆਏ ਮਹਿਮਾਨਾਂ ਅਤੇ ਪੰਜਾਬ ਭਰ ਤੋਂ ਪੁੱਜੇ ਦਰਸ਼ਕਾਂ ਨੂੰ 'ਜੀ ਆਇਆਂ' ਕਿਹਾ। ਉਨ੍ਹਾਂ ਦੇਸ਼ਬਦੇਸ਼ ਤੋਂ ਆਈ ਵਿਸ਼ੇਸ਼ ਸਹਾਇਤਾ ਦਾ ਜ਼ਿਕਰ ਕਰਦਿਆਂ ਸੰਸਥਾਵਾਂ ਦਾ ਧੰਨਵਾਦ ਕੀਤਾ।

ਦੇਸ਼ ਭਗਤ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੀ ਕਲਮ ਤੋਂ ਲਿਖਿਆ ਝੰਡੇ ਦਾ ਗੀਤ 'ਜਾਗੋ! ਜਾਗੋ! ਵੇ ਜਾਗੋ, ਜਗਾਉਣ ਆਈ, ਇਹ ਬਾਬਾ ਗ਼ਦਰ ਗੁਲਾਬ ਦੀ ਅੱਜ ਆਖੇ ਗ਼ਦਰ ਸ਼ਤਾਬਦੀ' ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ 'ਚ ਕੋਈ 130 ਕਲਾਕਾਰ ਲੜਕੇ ਲੜਕੀਆਂ ਨੇ ਖੁੱਲ੍ਹੇ ਘਾਹ ਪਾਰਕ ਵਿਚ ਸੰਗੀਤ ਨਾਟ ਦੀ ਪ੍ਰਭਾਵਸ਼ਾਲੀ ਵਿਧਾ 'ਚ ਪੇਸ਼ ਕੀਤਾ, ਜਿਸ ਨੂੰ ਵਾਰ ਵਾਰ ਤਾੜੀਆਂ ਨਾਲ ਦਰਸ਼ਕ ਦਾਦ ਦਿੰਦੇ ਰਹੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿਹੜੇ ਅੰਦਰ ਲੱਗੀ ਵਰਕਸ਼ਾਪ 'ਚ ਤਿਆਰ ਇਸ ਗੀਤ 'ਚ ਦਰਜਨ ਦੇ ਕਰੀਬ ਨਾਟ ਅਤੇ ਸੰਗੀਤ ਮੰਡਲੀਆਂ ਨੇ ਹਿੱਸਾ ਲਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਸੌ ਵਰ੍ਹੇ ਪਹਿਲਾਂ ਹੋਂਦ 'ਚ ਆਈ ਗ਼ਦਰ ਪਾਰਟੀ ਦੇ ਆਦਰਸ਼ਾਂ ਨੂੰ ਨੇਪਰੇ ਚਾੜ੍ਹਨ ਦਾ ਸੱਦਾ ਦਿੱਤਾ। ਉਨ੍ਹਾਂ ਖਸ ਕਰਕੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਕੀਤੇ ਜਾ ਰਹੇ ਹਮਲਿਆਂ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਯਕੀਨ ਦੁਆਇਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਪ੍ਰਤੀਰੋਧ ਕਰ ਰਹੇ ਬੁੱਧੀਜੀਵੀਆਂ ਦੀ ਆਵਾਜ਼ ਨਾਲ ਆਵਾਜ਼ ਮਿਲਾਉਂਦੀ ਰਹੇਗੀ।

ਗ਼ਦਰ ਸ਼ਤਾਬਦੀ ਦੇ ਸ਼ਹੀਦਾਂ ਦੇ ਪਰਿਵਾਰ ਪੰਜਾਬ ਦੇ ਕੋਨੇ ਕੋਨੇ ਤੋਂ ਮੇਲੇ 'ਚ ਸ਼ਾਮਲ ਹੋਏ, ਜਿਨ੍ਹਾਂ ਨੂੰ ਦੇਸ਼ ਭਗਤ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ। ਇਹ ਪਰਿਵਾਰ ਪਹਿਲਾਂ ਲਾਹੌਰ ਸਾਜ਼ਿਸ਼ ਕੇਸ, ਸਾਕਾ ਫ਼ੇਰੂ ਸ਼ਹਿਰ, ਅਨਾਰਕਲੀ ਕੇਸ, ਵੱਲਾ ਪੁਲ ਦਾ ਸਾਕਾ, 23 ਨੰਬਰ ਰਸਾਲੇ ਨਾਲ ਸਬੰਧਤ ਸਨ।

ਮੇਲੇ ਦੇ ਅੱਜ ਦੇ ਮੁੱਖ ਵਕਤਾ ਡਾ. ਉਤਸਾ ਪਟਨਾਇਕ ਨੇ ਆਪਣੇ ਭਾਸ਼ਣ ਫਿਰਕੂ ਤਾਕਤਾਂ ਦੇ ਲੋਕ ਵਿਰੋਧੀ ਮਨਸਿਆਂ ਦਾ ਪਾਜ ਉਘੇੜਨਉਪਰ ਕੇਂਦਰਤ ਕੀਤਾ। ਉਨ੍ਹਾਂ ਕਿਹਾ ਕਿ ਸਾਮਰਾਜ-ਪੱਖੀ ਨੀਤੀਆਂ ਲਾਗੂ ਕਰਨ ਲਈ ਰਸਤਾ ਸਾਫ਼ ਕਰਨ ਅਤੇ ਲੋਕਾਂ ਦਾ ਧਿਆਨ ਕੁਰਾਹੇ ਪਾਉਣ ਦੇ ਮਨਸਿਆਂ ਨਾਲ ਹੀ ਲੋਕਾਂ ਵਿਚ ਪਾੜਾ ਪਾਉਣ ਲਈ ਫਿਰਕੂ ਜ਼ਹਿਰ ਦਾ ਛੱਟਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਅਜਿਹੀਆਂ ਤਾਕਤਾਂ ਖਿਲਾਫ਼ ਸੰਗਰਾਮ ਦਾ ਸੱਦਾ ਦਿੱਤਾ। ਲੋਕ ਸੰਗੀਤ ਮੰਡਲੀ ਛਾਜਲੀ, ਲੋਕ ਸੰਗੀਤ ਮੰਡਲੀ ਭਦੌੜ ਅਤੇ ਕਵੀਸ਼ਰੀ ਜਥਾ ਮੁਖਤਿਆਰ ਜਫ਼ਰ ਨੇ ਢਾਡੀ ਕਵੀਸ਼ਰੀ ਅਤੇ ਲੋਕ ਗਾਇਕੀ ਦਾ ਦਿਲਕਸ਼ ਰੰਗ ਪੇਸ਼ ਕੀਤਾ। ਇਸ ਉਪਰੰਤ ਹੋਈ ਵਿਚਾਰ-ਚਰਚਾ 'ਚ ਕਮੇਟੀ ਦੇ ਮੈਂਬਰ ਡਾ. ਕਰਮਜੀਤ ਸਿੰਘ ਦੀ ਮੰਚ ਸੰਚਾਲਨਾ ਅਤੇ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਸਮਰਾ ਅਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਦੀ ਪ੍ਰਧਾਨਗੀ 'ਚ ਕਮੇਟੀ ਦੇ ਟਰੱਸਟੀ ਮੰਗਤ ਰਾਮ ਪਾਸਲਾ ਨੇ 'ਪੰਜਾਬ ਤੇ ਭਾਰਤੀ ਸਥਿਤੀ ਵਿਚ ਨਿਘਾਰ', ਕਮੇਟੀ ਮੈਂਬਰ ਜਗਰੂਪ ਨੇ 'ਸੱਤਾ ਦੀ ਵਿਚਾਰਧਾਰਾ ਦਾ ਅਮਲੀ ਰੂਪ' ਕਮੇਟੀ ਮੈਂਬਰ ਰਮਿੰਦਰ ਸਿੰਘ ਨੇ 'ਰਾਜ ਸੱਤਾ ਫਾਸ਼ੀਵਾਦ ਵੱਲ ਮਿਲਟੀ ਵਧਾਉਣ ਵਲ' ਡਾ. ਪਰਮਿੰਦਰ ਸਿੰਘ ਨੇ 'ਸੰਪ੍ਰਦਾਇਕ ਸਥਿਤੀਆਂ ਨੂੰ ਹਵਾ ਦਿੱਤੀ ਜਾ ਰਹੀ' ਅਤੇ ਆਈ. ਡਬਲਿਊ. ਏ. ਯੂ. ਕੇ. ਤੋਂ ਤਾਰੀ ਅਟਵਾਲ ਨੇ ਅਜੋਕੇ ਸੰਕਟ ਬਾਰੇ ਵਿਸ਼ਿਆਂ 'ਤੇ ਵਿਚਾਰ ਚਰਚਾ ਕੀਤੀ।

ਸ਼ਾਮ ਪੈਂਦਿਆਂ ਹੀ ਮੇਲੇ ਦੇ ਰੰਗ 'ਚ ਇਕ ਨਵਾਂ ਰੰਗ ਦਾਖਲਾ ਹੋਇਆ, ਜਾਗੋ ਦਾ ਰੰਗ। ਇਹ ਜਾਗੋ ਫੁਲਵਾੜੀ ਕਲਾ ਕੇਂਦਰਲੋਹੀਆ (ਜਗੀਰ ਜੋਸਣ) ਵਲੋਂ ਪੇਸ਼ ਕੀਤੀ ਗਈ। ਸ਼ਹੀਦ ਕਰਤਾਰ ਸਿੰਘ ਸਰਾਭਾ ਨਗਰ ਦੇ ਮੁੱਖ ਗੇਟਤੋਂ ਸ਼ੁਰੂ ਹੋਈ ਜਾਗੋ ਸਮੁੱਚੇ ਕੰਪਲੈਕਸ ਦਾ ਪੂਰਾ ਚੱਕਰ ਲਗਾਉਂਦੀ ਸਿੰਘਾਪੁਰ ਬਗਾਵਤ ਦੇ ਪੰਡਾਲ ਦੀ ਸਟੇਜ 'ਤੇ ਪੁੱਜੀ। ਪੰਜਾਬ ਦੀਆਂ ਰਵਾਇਤੀ ਬੋਲੀਆਂ ਨਾਲੋਂ ਹਟ ਕੇ ਨਵੀਆਂ ਲੋਕ ਬੋਲੀਆਂ ਨੇ ਧਮਾਲ ਪਾਈ।

ਸਮਸ਼ੁਲ ਇਸਲਾਮ ਨੇ ਸੰਬੋਧਨ ਕਰਦਿਆਂ ਮੁਲਕ ਦੀ ਭਾਈਚਾਰਕ ਸਾਂਝ ਨੂੰ ਦਰਪੇਸ਼ ਖ਼ਤਰਿਆਂ ਉਪਰ ਉਂਗਲ ਰੱਖੀ। ਨਵੀਂ ਦਿੱਲੀ ਤੋਂ ਪੁੱਜੇ ਇਸ ਬੁੱਧੀਜੀਵੀ ਨੇ ਕਲਾ, ਕਲਮ ਅਤੇ ਸੰਘਰਸ਼ਸ਼ੀਲ ਲੋਕਾਂ ਨੂੰ ਆਪਣੀ ਏਕਤਾ ਮਜ਼ਬੂਤ ਕਰਕੇ ਫਿਰਕੂ ਫਾਸ਼ੀਵਾਦ ਦੇ ਖਤਰੇ ਖਿਲਾਫ਼ ਖੜ੍ਹੇ ਹੋਣ ਦਾ ਸੱਦਾ ਦਿੱਤਾ।

ਇਸ ਮੇਲੇ 'ਚ ਪ੍ਰੋ. ਅਜਮੇਰ ਸਿੰਘ ਔਲਖ, ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਗੁਰਿੰਦਰ ਮਕਨਾ, ਵਿੱਕੀ ਮਹੇਸ਼ਰੀ ਅਤੇ ਬਲਵਿੰਦਰ ਬੁਲਟ ਦੀ ਨਿਰਦੇਸ਼ਨਾ 'ਚ 'ਬੇਗਾਨੇ ਬੋਹੜ ਦੀ ਛਾਂ', 'ਕੱਚੀ ਗੜ੍ਹੀ', 'ਮੇਰਾ ਭਾਰਤ', 'ਦਾਸਤਾਨੇ ਗ਼ਦਰ', 'ਸਪਾਰਟਾਕਸ' ਅਤੇ 'ਤੈਂ ਕੀ ਦਰਦ ਨਾ ਆਇਆ' ਨਾਟਕ ਖੇਡੇ ਗਏ। ਨਾਟਕਾਂ ਭਰੀ ਇਸ ਰਾਤ ਨੇ ਗ਼ਦਰ ਇਤਿਹਾਸ, ਮਜ਼ਦੂਰਾਂ ਅਤੇ ਕਿਸਾਨਾਂ ਦੀ ਦੁਰਦਸ਼ਾ, ਲੋਕ ਸੰਗਰਾਮ ਵਰਗੇ ਭਖ਼ਦੇ ਮਸਲਿਆਂ ਨੂੰ ਆਪਣੇ ਕਲਾਵੇ ਵਿਚ ਲਿਆ। ਵਿਨੈ ਅਹਿਮਦਾਬਾਦ, ਕਵੀਸ਼ਰੀ ਜਥਾ ਰਸੂਲਪੁਰ, ਅੰਮ੍ਰਿਤਪਾਲ ਬਠਿੰਡਾ, ਇਕਬਾਲ ਉਦਾਸੀ, ਦਸਤਕ ਮੰਚ, ਜੰਮੂ, ਸੋਨੀਪਤ ਅਤੇ ਦਿੱਲੀ ਤੋਂ ਆਈਆਂ ਸੰਗੀਤ ਮੰਡਲੀਆਂ ਨੇ ਗੀਤ ਸੰਗੀਤ ਪੇਸ਼ ਕੀਤਾ।

ਵੰਨ ਸੁਵੰਨਤਾ ਭਰੇ ਇਸ ਮੇਲੇ 'ਚ ਪੁਸਤਕ ਮੇਲਾ ਵੀ ਹੈ, ਗੀਤ ਸੰਗੀਤ ਮੇਲਾ ਵੀ। ਸ਼ਹੀਦਾਂ ਦਾ ਪਰਿਵਾਰਾਂ ਦੀ ਮਿਲਣੀਆਂ ਵੀ। ਦੇਸ਼ ਬਦੇਸ਼ ਤੋਂ ਆਏ ਮੇਲਾ ਪ੍ਰੇਮੀਆਂ ਦੀ ਨਿੱਘੀਆਂ ਗਲਵਕੜੀਆਂ ਵੀ। ਮੇਲਾ 100 ਵਰ੍ਹੇ ਪਹਿਲਾਂ ਦੀ ਵੀ ਬਾਤ ਪਾਉਂਦਾ ਹੈ, ਅਜੋਕੇ ਸਰੋਕਾਰਾਂ ਦੀ ਵੀ ਗੱਲ ਕਰਦਾ ਹੈ ਅਤੇ ਭਵਿੱਖ ਨੂੰ ਦਰਪੇਸ਼ ਚੁਣੌਤੀਆਂ ਨੂੰ ਵੀ ਮੁਖ਼ਾਤਬ ਹੁੰਦਾ ਹੈ। ਪੰਜਾਬ ਵਿਚ ਲਗਦੇ ਰਵਾਇਤੀ ਮੇਲਿਆਂ ਨਾਲੋਂ ਸਿਫ਼ਤੀ ਤੌਰ 'ਤੇ ਨਿਵੇਕਲੇ ਰੰਗ 'ਚ ਰੰਗਿਆ ਮੇਲਾ ਆਪਦੀਆਂ ਅਮਿੱਟ ਯਾਦਾਂ ਛੱਡ ਗਿਆ।

## ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 24ਵੇਂ ਮੇਲੇ ਗ਼ਦਰੀ ਬਾਬਿਆਂ ਦੇ ਮੌਕੇ 'ਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਵੱਲੋਂ ਜਨਤਕ ਇਕੱਠ ਵਿੱਚ ਪੜ੍ਹ ਕੇ ਪਾਸ ਕਰਵਾਏ ਗਏ ਮਤੇ

1 ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਮਨੁੱਖ ਦੇ ਮੁੱਢਲੇ ਜਨਮ ਸਿਧ ਅਧਿਕਾਰਾਂ ਦਾ ਮਾਮਲਾ ਹੈ। ਕਲਮ ਅਤੇ ਕਲਾ ਉਪਰ ਬੰਧਸਾਂ ਮੜ੍ਹਨ ਦਾ ਅਰਥ ਹੈ, ਮਨੁੱਖੀ ਅਧਿਕਾਰਾਂ ਉਪਰ ਛਾਪਾ ਮਾਰਨਾ। ਪਿਛਲੇ ਅਰਸੇ ਤੋਂ ਅਜੇਹੇ ਮਾਨਵ-ਵਿਰੋਧੀ ਵਰਤਾਰੇ ਨੇ ਕਾਫ਼ੀ ਜੋਰ ਫੜਿਆ ਹੈ। ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਲੋਕ ਹੱਕਾਂ ਦੀ ਆਵਾਜ਼ ਉਠਾਉਣ ਵਾਲਿਆਂ ਉਪਰ ਕਾਤਲਾਨਾ ਵਾਰ ਤੇਜ਼ ਹੋਏ ਹਨ। ਦੇਸ਼ ਭਗਤ ਯਾਦਗਾਰ ਕਮੇਟੀ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਝਪਟਣ, ਬੁੱਧੀਜੀਵੀ ਵਰਗ ਉਪਰ ਕਾਤਲਾਨਾ ਹੱਲੇ ਬੋਲਣ ਅਤੇ ਕਾਤਲਾਂ ਨੂੰ ਬਚਕੇ ਨਿਕਲ ਜਾਣ ਲਈ ਪਨਾਹ ਦੇਣ ਵਰਗੇ ਅਮਲ ਦੀ ਜ਼ੋਰਦਾਰ ਨਿੰਦਾ ਕਰਦੀ ਹੈ।

2 ਪੰਜਾਬ ਦੇ ਤਾਜ਼ਾ ਹਾਲਾਤ ਉਪਰ ਫ਼ਿਕਰਮੰਦੀ ਜ਼ਾਹਰ ਕਰਦਿਆਂ ਕਮੇਟੀ ਲੋਕਾਂ ਨੂੰ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਰੱਖਣ ਲਈ ਅਪੀਲ ਕਰਦੀ ਹੈ। ਲੋਕਾਂ ਦੇ ਧਾਰਮਕ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਘਟਨਾਵਾਂ ਦੀ ਨਿੰਦਾ ਕਰਦੀ ਹੋਈ ਕਮੇਟੀ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਵੰਨ-ਸੁਵੰਨੀਆਂ ਹਾਕਮ ਜਮਾਤੀ ਤਾਕਤਾਂ ਦੇ ਕੋਝੇ ਇਰਾਦੇ ਨਾਕਾਮ ਕਰਦੇ ਹੋਏ ਆਪਣੀ ਜ਼ਿੰਦਗੀ ਨਾਲ ਸਰੋਕਾਰ ਰੱਖਦੇ ਮਸਲਿਆਂ ਉਪਰ ਗ਼ਦਰੀ ਵਿਰਸੇ ਦੀ ਰੌਸ਼ਨੀ 'ਚ ਇਕਜੁੱਟ ਹੋਕੇ ਆਵਾਜ਼ ਉਠਾਉਣ ਦੇ ਮਾਰਗ ਉਪਰ ਡਟੇ ਰਹਿਣਗੇ ਅਤੇ ਪੁਲੀਸ ਵਲੋਂ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾਉਂਦੇ ਲੋਕਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾਉਣ ਅਤੇ ਤਸ਼ੱਦਦ ਕਰਨ ਦੀ ਕਮੇਟੀ ਜ਼ੋਰਦਾਰ ਨਿਖੇਧੀ ਕਰਦੀ ਹੈ ਅਤੇ ਸੂਬੇ ਦੀ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਢਾਅ ਲਾਉਣ ਵਾਲੀਆਂ ਸ਼ਕਤੀਆਂ ਦੇ ਗੂੰਝੇ ਮਨਸ਼ਿਆਂ ਤੋਂ ਸੁਚੇਤ ਰਹਿਣ ਦੀ ਅਪੀਲ ਕਰਦੀ ਹੈ।

3 ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਫਿਰੋਜ਼ਪੁਰ ਵਿਖੇ ਗੁਪਤ ਟਿਕਾਣਿਆਂ ਦੀ ਖੋਜ਼ ਹੋਈ ਹੈ। ਦਸਤਾਵੇਜ਼ ਵੀ ਸਾਹਮਣੇ ਆਏ ਹਨ। ਇਹਨਾਂ ਨੂੰ ਇਤਿਹਾਸਕ ਯਾਦਗਾਰਾਂ ਵਜੋਂ ਸੰਭਾਲਣ ਦਾ ਸਰਕਾਰੀ ਪੱਧਰ 'ਤੇ ਐਲਾਨ ਹੋਣ ਦੇ ਬਾਵਜੂਦ ਵੀ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਕਮੇਟੀ ਮੰਗ ਕਰਦੀ ਹੈ ਕਿ ਇਨ੍ਹਾਂ ਟਿਕਾਣਿਆਂ ਨੂੰ ਇਤਿਹਾਸਕ ਯਾਦਗਾਰਾਂ ਵਜੋਂ ਸੰਭਾਲਿਆ ਜਾਏ।

4 ਦੇਸ਼ ਭਗਤ ਯਾਦਗਾਰ ਕਮੇਟੀ, ਪੰਜਾਬ ਅਤੇ ਮੁਲਕ ਦੀਆਂ ਹੋਰਨਾਂ ਥਾਵਾਂ 'ਤੇ ਖੇਤੀ ਧੰਦੇ ਨਾਲ ਜੁੜੇ ਕਿਸਾਨਾਂ, ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕਰਨ ਦੇ ਚਿੰਤਾਜਨਕ ਵਰਤਾਰੇ 'ਚ ਆਈ ਤੇਜ਼ੀ ਪਿੱਛੇ ਕੰਮ ਕਰਦੀਆਂ ਨਵੀਆਂ ਆਰਥਕ ਨੀਤੀਆਂ ਨੂੰ ਜ਼ਿੰਮੇਵਾਰ ਸਮਝਦੀ ਹੈ। ਕਮੇਟੀ ਮੰਗ ਕਰਦੀ ਹੈ ਕਿ ਖੇਤੀ ਕਿੱਤਾ ਉਜਾੜੂ ਨੀਤੀਆਂ ਬੰਦ ਕੀਤੀਆਂ ਜਾਣ। ਪੀੜਤ ਪਰਿਵਾਰਾਂ ਦੀ ਬਾਂਹ ਫੜੀ ਜਾਵੇ। ਕਮੇਟੀ, ਕਿਸਾਨਾਂ ਮਜ਼ਦੂਰਾਂ ਦੇ ਘੋਲ ਦਾ ਹਮਾਇਤੀ ਹੁੰਗਾਰਾ ਭਰਦੀ ਹੋਈ ਮੰਗ ਕਰਦੀ ਹੈ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੇ ਮੋਰਚਿਆਂ ਦੀਆਂ ਮੰਗਾਂ ਫੌਰੀ ਪ੍ਰਵਾਨ ਕੀਤੀਆਂ ਜਾਣ।

5 ਦੇਸ਼ ਭਗਤ ਯਾਦਗਾਰ ਕਮੇਟੀ ਮੰਗ ਕਰਦੀ ਹੈ ਕਿ ਬਰਕਲੇ ਯੂਨੀਵਰਸਿਟੀ ਅਤੇ ਵਸ਼ਿੰਗਟਨ ਯੂਨੀਵਰਸਿਟੀ ਵਿੱਚ ਗ਼ਦਰ ਲਹਿਰ ਦੇ ਅਨਮੋਲ ਹੀਰੇਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਦੀਆਂ ਯਾਦਾਂ ਸੰਭਾਲਣ ਲਈ ਵਿਸ਼ੇਸ਼ ਕਦਮ ਚੁੱਕੇ ਜਾਣ ਕਿਉਂਕਿ ਇਹ ਗ਼ਦਰੀ ਨਾਇਕ ਇਹਨਾਂ ਯੂਨੀਵਰਸਿਟੀਆਂ ਨਾਲ ਜੁੜੇ ਰਹੇ ਹਨ।

6 ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਅਜਾਇਬ ਸਿੰਘ ਬਰਾੜ ਵੱਲੋਂ 'ਚੇਅਰ ਫ਼ਾਰ ਸਟੱਡੀ ਆਫ਼ ਦਾ ਗ਼ਦਰ ਮੂਵਮੈਂਟ' ਸਥਾਪਿਤ ਕਰਕੇ ਪੰਜ ਸਾਲਾਂ ਦੇ ਸੀਮਤ ਸਮੇਂ 'ਚ ਖੋਜ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਸ ਖੋਜ਼ ਪ੍ਰਕਿਰਿਆ ਨੂੰ ਅਮਲ 'ਚ ਲਿਆਉਣ ਦੀ ਕਮੇਟੀ ਪੁਰਜ਼ੋਰ ਮੰਗ ਕਰਦੀ ਹੈ।

7 ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਯੂਨੀਵਰਸਿਟੀ ਵਿਖੇ ਕਰਤਾਰ ਸਿੰਘ ਸਰਾਭਾ ਚੇਅਰ ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਐਲਾਨ ਨੂੰ ਅਮਲ ਵਿਚ ਲਿਆਉਣ ਅਤੇ ਗ਼ਦਰ ਲਹਿਰ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵਲੋਂ ਗ਼ਦਰ ਲਹਿਰ ਦੇ ਗਰਦਾਨੇ ਬਾਲਾ ਜਰਨੈਲ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਚੇਅਰ ਸਥਾਪਿਤ ਕਰਕੇ ਸਮੁੱਚੀ ਗ਼ਦਰ ਲਹਿਰ 'ਤੇ ਖੋਜ ਕਰਵਾਉਣ ਦੀ ਕਮੇਟੀ ਪੁਰਜ਼ੋਰ ਮੰਗ ਕਰਦੀ ਹੈ।



-ਮਨਦੀਪ

ਡਿਜੀਟਲ ਇੰਡੀਆ

# ਇਕ ਹੋਰ ਨਵਉਦਾਰਵਾਦੀ ਹਮਲਾ

ਮੋਦੀ ਦੀ ਅਗਵਾਈ ਵਾਲੀ ਭਾਜਪਾ ਹਕੂਮਤ ਸੱਤਾ 'ਚ ਆਉਣ ਤੋਂ ਪਹਿਲਾਂ ਮਹਿੰਗਾਈ, ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਦੇ ਖਾਤਮੇ ਅਤੇ ਕਾਲੇ ਧਨ ਦੀ ਵਾਪਸੀ ਦੇ ਮੁੱਦਿਆਂ ਨੂੰ ਉਭਾਰਦੀ ਰਹੀ ਸੀ। ਪਰੰਤੂ ਸੱਤਾ ਦੀ ਪੌੜੀ ਚੜਦਿਆਂ ਹੀ ਨਰੇਂਦਰ ਮੋਦੀ ਨੇ ਇਨ੍ਹਾਂ ਮੁੱਦਿਆਂ ਤੇ ਘੇਸਲ ਵੱਟਦਿਆਂ ਵਿਸ਼ਵੀ ਕਾਰਪੋਰੇਟ ਪੂੰਜੀ ਦੇ ਹਿੱਤਾਂ ਲਈ ਕਿਰਤ ਕਾਨੂੰਨਾਂ ਨੂੰ ਸੋਧਣ, ਬੈਂਕਾਂ, ਬੀਮਾ, ਰੇਲਵੇ, ਰੱਖਿਆ 'ਚ ਵਿਦੇਸ਼ੀ ਨਿਵੇਸ਼ ਵਧਾਉਣ, ਵਸਤਾਂ ਅਤੇ ਸੇਵਾਵਾਂ ਟੈਕਸ ਨੂੰ ਸਮੁੱਚੇ ਭਾਰਤ 'ਚ ਇਕਸਾਰ ਕਰਨ, ਪਬਲਿਕ ਖੇਤਰ ਦਾ ਅਪਨਿਵੇਸ਼ ਕਰਨ ਅਤੇ ਭੂਮੀ ਗ੍ਰਹਿਣ ਆਰਡੀਨੈਂਸ ਤਿੰਨ ਵਾਰ ਲਿਆਉਣ ਦੇ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ।

ਭਾਜਪਾ ਸਰਕਾਰ ਦੇ ਸੱਤਾ 'ਚ ਆਉਣ 'ਤੇ ਉਸਦੇ ਚੋਣ ਦਾਅਵਿਆਂ ਦੇ ਉਲਟ ਮਹਿੰਗਾਈ ਦਾ ਵਧਣਾ, ਭਾਜਪਾ ਸਰਕਾਰ ਦੇ ਅੱਧੀ ਦਰਜਨ ਦੇ ਕਰੀਬ ਆਗੂਆਂ ਉਪਰ ਭ੍ਰਿਸ਼ਟਾਚਾਰ 'ਚ ਲਿਪਤ ਹੋਣ ਦੇ ਦੋਸ਼ ਲੱਗਣੇ ਅਤੇ ਬੇਰੁਜ਼ਗਾਰੀ ਦੀ ਦਰ 'ਚ ਸਥਿਰਤਾ ਬਣੇ ਰਹਿਣ ਨੇ ਉਸਦੇ ਅੱਛੇ ਦਿਨ, ਮੇਕ ਇਨ ਇੰਡੀਆ, ਚੰਗੇ ਪ੍ਰਸ਼ਾਸ਼ਨ (7 7) ਆਦਿ ਵਰਗੇ ਅਨੇਕਾਂ ਲੋਕ ਲੁਭਾਵਣੇ ਨਾਅਰਿਆਂ ਦੀ ਪੋਲ ਖੋਲ੍ਹਕੇ ਰੱਖ ਦਿੱਤੀ।

ਜਿਸ ਤੇਜ਼ੀ ਨਾਲ ਇਕ ਪਾਸੇ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਕਾਰਪੋਰੇਟ ਪੱਖੀ ਕਦਮ ਚੁੱਕਣੇ ਸ਼ੁਰੂ ਕੀਤੇ ਹਨ ਉਸਦੇ ਨਾਲ ਹੀ ਦੂਜੇ ਪਾਸੇ ਇਸਨੇ ਵੱਖ-ਵੱਖ ਫਿਰਕੂ ਹਿੰਦੂਤਵੀ ਫਾਸੀਵਾਦੀ ਦਲਾਂ ਦੁਆਰਾ ਭਾਰਤ ਅੰਦਰ ਫਿਰਕੂ ਦਹਿਸ਼ਤ ਨੂੰ ਹੱਲਾਸ਼ੇਰੀ ਦੇ ਕੇ ਅੱਗੇ ਵਧਾਉਣ ਦੇ ਕਦਮ ਵੀ ਚੁੱਕੇ ਹਨ। ਉਸ ਦੁਆਰਾ ਇਹ ਕਦਮ ਦੇਸੀ ਬਦੇਸ਼ੀ ਪੂੰਜੀਪਤੀਆਂ ਦੇ ਇਸ਼ਾਰਿਆਂ 'ਤੇ ਭਾਰਤ ਵਿੱਚ ਨਵ ਉਦਾਰਵਾਦ ਦੇ ਏਜੰਡੇ ਨੂੰ ਹੋਰ ਵੱਧ ਜ਼ੋਰ-ਸ਼ੋਰ ਨਾਲ ਲਾਗੂ ਕਰਨ ਲਈ ਚੁੱਕੇ ਜਾ ਰਹੇ ਹਨ। ਅੱਜ ਵਿਸ਼ਵ ਪੂੰਜੀਵਾਦੀ ਆਰਥਿਕਤਾ ਜਿਨ੍ਹਾਂ ਮੁਸ਼ਕਲਾਂ 'ਚ ਫਸੀ ਹੋਈ ਹੈ ਇਸ ਨੂੰ ਇਨ੍ਹਾਂ ਮੁਸ਼ਕਲਾਂ 'ਚੋਂ ਕੱਢਣ ਲਈ ਭਾਜਪਾ ਸਰਕਾਰ ਭਾਰਤ ਵਰਗੇ ਮੁਲਕਾਂ 'ਚ ਦੇਸੀ ਬਦੇਸ਼ੀ ਕਾਰਪੋਰੇਟਰਾਂ ਦੇ ਮੁਨਾਫਿਆਂ 'ਚ ਵਾਧੇ ਲਈ ਸਖਤੀ ਨਾਲ ਨਵ ਉਦਾਰਵਾਦ ਦੇ ਏਜੰਡੇ ਨੂੰ ਲਾਗੂ ਕਰਵਾਉਣ ਦੀਆਂ ਨੀਤੀਆਂ ਬਣਾਉਣ ਅਤੇ ਇਸਦੇ ਖਿਲਾਫ ਉੱਠਣ ਵਾਲੇ ਵਿਰੋਧ ਨੂੰ ਸਰਕਾਰੀ ਜਬਰ ਦੇ ਨਾਲ-ਨਾਲ ਫਾਸੀਵਾਦੀ ਦਹਿਸ਼ਤਗਰਦੀ ਦਾ ਮਹੌਲ ਸਿਰਜ ਕੇ ਕਾਬੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਮੋਦੀ ਸਰਕਾਰ ਆਪਣੇ ਸਾਮਰਾਜੀ ਅਕਾਵਾਂ ਅੱਗੇ ਭਾਰਤ ਨੂੰ ਵਿਸ਼ਵ ਪੂੰਜੀ ਦੇ ਮੁਨਾਫਿਆਂ 'ਚ ਵਾਧੇ ਲਈ ਸ਼੍ਰੇਆਮ ਵੇਚ ਰਹੀ ਹੈ ਤੇ ਉਸਦਾ 'ਡਿਜੀਟਲ ਇੰਡੀਆਂ' ਦਾ ਇਕ ਹੋਰ ਨਵਾਂ ਜੁਮਲਾ ਇਸੇ ਨਵਉਦਾਰਵਾਦੀ ਨੀਤੀ ਦੀ ਇਕ ਹੋਰ ਅਹਿਮ ਕੜੀ ਹੈ।

'ਡਿਜਿਟਲ ਇੰਡਿਆ' ਪਰੋਗਰਾਮ ਉੱਤੇ ਚਰਚਾ ਕਰਨ ਲਈ ਕੇਂਦਰੀ ਸੰਚਾਰ ਤੇ ਸੂਚਨਾ ਤਕਨੀਕੀ ਮੰਤਰੀ ਸ਼੍ਰੀ ਰਵੀ ਸ਼ੰਕਰ ਪ੍ਰਸ਼ਾਦ ਦੀ ਅਗਵਾਈ 'ਚ 26 ਅਗਸਤ, 2014 ਨੂੰ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸੂਚਨਾ ਤਕਨੀਕੀ (ਆਈਟੀ) ਮੰਤਰੀਆਂ ਅਤੇ ਆਈਟੀ ਸਕੱਤਰਾਂ ਦਾ ਇਕ ਸੰਮੇਲਨ ਬੁਲਾਇਆ ਗਿਆ ਸੀ ਜਿਸ ਵਿੱਚ ਆਂਧਰਾ ਪ੍ਰਦੇਸ਼, ਬਿਹਾਰ, ਗੋਆ, ਗੁਜਰਾਤ, ਜੰਮੂ-ਕਸ਼ਮੀਰ, ਮੱਧ ਪ੍ਰਦੇਸ਼, ਮੇਘਾਲਿਆ, ਓੜੀਸਾ, ਤੇਲੰਗਾਨਾ ਅਤੇ ਉੱਤਰ ਪ੍ਰਦੇਸ਼ ਦੇ ਆਈਟੀ ਮੰਤਰੀਆਂ ਨੇ ਭਾਗ ਲਿਆ ਸੀ। ਇਸ ਸੰਮੇਲਨ ਵਿੱਚ 'ਡਿਜਿਟਲ ਇੰਡਿਆ' ਨੂੰ ਭਾਰਤ ਸਰਕਾਰ ਦੀ ਇੱਕ ਨਵੀਂ ਪਹਿਲ ਵਜੋਂ ਪੇਸ਼ ਕੀਤਾ ਗਿਆ ਜਿਸਦਾ ਉਦੇਸ਼ ਭਾਰਤ ਨੂੰ ਡਿਜੀਟਲ ਪੱਖ ਤੋਂ ਮਜਬੂਤ ਸਮਾਜ ਅਤੇ ਗਿਆਨ ਅਰਥ ਵਿਵਸਥਾ ਵਿੱਚ ਤਬਦੀਲੀ ਕਰਨਾ ਦੱਸਿਆ ਗਿਆ। ਇਸ ਪ੍ਰੋਗਰਾਮ ਤਹਿਤ ਹਰ ਨਾਗਰਿਕ ਲਈ ਉਪਯੋਗਤਾ ਦੇ ਤੌਰ ਉੱਤੇ ਡਿਜੀਟਲ ਢਾਂਚਾ, ਮੰਗ ਉੱਤੇ ਸੰਚਾਲਨ ਅਤੇ ਸੇਵਾਵਾਂ ਤੇ ਨਾਗਰਿਕਾਂ ਦਾ ਡਿਜੀਟਲ ਸਸ਼ਕਤੀਕਰਨ ਕਰਨ ਦੇ ਤਿੰਨ ਮੁੱਖ ਵਿਜ਼ਨ ਸ਼ਾਮਲ ਕੀਤੇ ਗਏ। ਇਸ ਪ੍ਰੋਗਰਾਮ ਵਿੱਚ ਅਨੇਕਾਂ ਸਰਕਾਰੀ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਸ਼ਾਮਲ ਕੀਤਾ ਗਿਆ।

ਹਰ ਨਾਗਰਿਕ ਲਈ ਉਪਯੋਗਤਾ ਦੇ ਤੌਰ ਤੇ ਡਿਜੀਟਲ ਢਾਂਚੇ ਦੇ ਪਹਿਲੇ ਵਿਜ਼ਨ ਮੁਤਾਬਕ ਨਾਗਰਿਕਾਂ ਨੂੰ ਸੇਵਾਵਾਂ ਉਪਲੱਬਧ ਕਰਾਉਣ ਲਈ ਇੱਕ ਪ੍ਰਮੁੱਖ ਵਰਤੋਂ ਦੇ ਰੂਪ ਵਿੱਚ ਹਾਈ ਸਪੀਡ ਇੰਟਰਨੈਟ, ਆਨਲਾਈਨ ਡਿਜੀਟਲ ਪਹਿਚਾਣ ਅੰਕਿਤ ਕਰਨ, ਮੋਬਾਇਲ ਫੋਨ ਅਤੇ ਬੈਂਕ ਖਾਤੇ ਦੀ ਅਜਿਹੀ ਸਹੂਲਤ ਜਿਸਦੇ ਨਾਲ ਡਿਜੀਟਲ ਅਤੇ ਵਿੱਤੀ ਮਾਮਲਿਆਂ ਵਿੱਚ ਨਾਗਰਿਕਾਂ ਦੀ ਭਾਗੀਦਾਰੀ, ਸਾਂਝਾ ਸੇਵਾ ਕੇਂਦਰ ਤੱਕ ਆਸਾਨ ਪਹੁੰਚ ਅਤੇ ਸੁਰੱਖਿਅਤ ਸਾਇਬਰ ਸਪੇਸ ਨੂੰ ਅੰਕਿਤ ਕੀਤਾ ਗਿਆ। ਦੂਸਰਾ, ਸਾਰੇ ਵਿਭਾਗਾਂ ਅਤੇ ਅਦਾਲਤਾਂ ਵਿੱਚ ਮੰਗ 'ਤੇ ਸ਼ਾਸਨ ਅਤੇ ਸੇਵਾਵਾਂ, ਆਨਲਾਇਨ ਅਤੇ ਮੋਬਾਇਲ ਪਲੇਟਫਾਰਮ ਉੱਤੇ ਠੀਕ ਸਮੇਂ ਤੇ ਸੇਵਾਵਾਂ ਦੀ ਉਪਲੱਬਧਤਾ, ਸਾਰੇ ਨਾਗਰਿਕਾਂ ਨੂੰ ਕਲਾਉਡ ਐਪ ਉਪਲੱਬਧ ਕਰਵਾਉਣ ਦੀ ਸਹੂਲਤ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਇਸ ਵਿੱਚ ਬਦਲੀਆਂ ਡਿਜੀਟਲ ਸੇਵਾਵਾਂ ਜਰੀਏ ਇਲੈਕਟ੍ਰਾਨਿਕ ਅਤੇ ਨਗਦੀ ਰਹਿਤ ਵਿੱਤੀ ਲੈਣ-ਦੇਣ ਕਰਨਾ ਵੀ ਸ਼ਾਮਲ ਹੈ। ਤੀਸਰਾ, ਨਾਗਰਿਕਾਂ ਨੂੰ ਡਿਜੀਟਲ ਤੌਰ ਤੇ ਮਜਬੂਤ ਬਣਾਉਣ ਲਈ ਸਭ ਥਾਂਵਾਂ ਤੇ ਡਿਜੀਟਲ ਸਾਧਨਾਂ, ਡਿਜੀਟਲ ਸਾਧਨਾਂ/ਸੇਵਾਵਾਂ ਦੀ ਭਾਰਤੀ ਭਾਸ਼ਾਵਾਂ ਵਿੱਚ ਉਪਲਬਧਤਾ, ਸੁਸ਼ਾਸਨ ਲਈ ਡਿਜੀਟਲ ਪਲੇਟਫਾਰਮਾਂ ਅਤੇ ਪੋਰਟਬਿਲਿਟੀ ਦੇ ਸਾਰੇ ਅਧਿਕਾਰਾਂ ਨੂੰ ਕਲਾਉਡ ਦੇ ਜਰੀਏ ਸਹਿਯੋਗਪੂਰਨ ਬਣਾਉਣਾ, ਨਾਗਰਿਕਾਂ ਨੂੰ ਜਰੂਰੀ ਦਸਤਾਵੇਜਾਂ ਜਾਂ ਪ੍ਰਮਾਣ-ਪੱਤਰਾਂ ਆਦਿ ਨੂੰ ਉਨ੍ਹਾਂ ਦੀ ਹਾਜ਼ਰੀ ਦੇ ਬਿਨ੍ਹਾਂ ਵੀ ਭਰਿਆ ਜਾ ਸਕੇਗਾ। ਡਿਜੀਟਲ ਇੰਡੀਆ ਪ੍ਰੋਗਰਾਮ ਵਿੱਚ ਬਰਾਡਬੈਂਡ ਹਾਈਵੇ, ਸਭ ਲਈ ਮੋਬਾਇਲ ਕਨੈਕਟੀਵਿਟੀ ਦੀ ਪਹੁੰਚ, ਪਬਲਿਕ ਇੰਟਰਨੈਂਟ ਸੇਵਾ ਪ੍ਰੋਗਰਾਮ, ਈ-ਗਵਰਨੈਂਸਤਕਨੀਕ ਜਰੀਏ ਸਰਕਾਰ ਵਿੱਚ ਸੁਧਾਰ, ਈ-ਕਰਾਂਤੀ-ਸੇਵਾਵਾਂ (ਇਲੈਕਟ੍ਰਾਨਿਕ ਡਿਲਵਰੀ) ਨੂੰ ਇਲੈਕਟ੍ਰਾਨਿਕ ਰੂਪ 'ਚ ਪ੍ਰਦਾਨ ਕਰਨਾ, ਸਾਰਿਆਂ ਲਈ ਸੂਚਨਾਵਾਂ, ਇਲੈਕਟ੍ਰਾਨਿਕ ਉਤਪਾਦਨ, ਨੌਕਰੀਆਂ ਲਈ ਆਈਟੀ ਅਤੇ ਜਲਦੀ ਪੈਦਾਵਾਰ ਪ੍ਰੋਗਰਾਮ ਵਰਗੇ ਨੌ ਥੰਮ੍ਹ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਈ-ਸਿੱਖਿਆ, ਈ-ਸਿਹਤ, ਵਾਈ ਫਾਈ ਰੇਲਵੇ ਸ਼ਟੇਸ਼ਨ, ਸਾਰੀਆਂ ਯੂਨੀਵਰਸਿਟੀਆਂ ਤੇ 2.5 ਲੱਖ ਪਿੰਡਾਂ ਵਿੱਚ ਵਾਈ ਫਾਈ, ਇਲੈਕਟ੍ਰਾਨਿਕ ਮੈਨੂਫੈਕਚਰਿੰਗ, ਇੱਕ ਲੱਖ ਕਰੋੜ ਤੋਂ ਉੱਪਰ ਦੇ ਡਿਜੀਟਲ ਲਾਕਰ ਆਦਿ ਦੀਆਂ ਅਨੇਕਾਂ ਹੋਰ ਵੀ ਸਹੂਲਤਾਂ ਇਸ ਪ੍ਰੋਗਰਾਮ ਵਿੱਚ ਦਰਜ ਹਨ।

ਇਸ ਪ੍ਰੋਗਰਾਮ ਦਾ ਅਗਾਜ਼ ਡੀਈਆਈਟੀਵਾਈ ਦੁਆਰਾ ਅਤੇ ਇਸ ਉੱਤੇ ਅਮਲ ਸਮੁੱਚੀ ਸਰਕਾਰ ਦੁਆਰਾ ਕੀਤਾ ਜਾਣਾ ਹੈ। ਇਹ ਇੱਕ ਮਿਸ਼ਰਤ ਪ੍ਰੋਗਰਾਮ ਹੈ ਅਤੇ ਸਾਰੇ ਮੰਤਰਾਲਿਆਂ ਅਤੇ ਸਰਕਾਰੀ ਵਿਭਾਗਾਂ ਨਾਲ ਜੁੜਿਆ ਹੋਇਆ ਹੈ। ਡਿਜੀਟਲ ਭਾਰਤ ਪ੍ਰੋਗਰਾਮ ਤਹਿਤ ਕਈ ਮੌਜੂਦਾ ਯੋਜਨਾਵਾਂ ਨਾਲ ਮਿਲਕੇ ਕਾਰਜ ਕਰਨ ਦੀ ਯੋਜਨਾ ਉਲੀਕੀ ਗਈ ਹੈ, ਜਿਸਦੇ ਦਾਇਰਿਆਂ ਨੂੰ ਪੂਰਨ ਗਠਿਤ ਅਤੇ ਪੂਰਨ ਕੇਂਦਰਿਤ ਕੀਤਾ ਗਿਆ ਹੈ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਡਿਜੀਟਲ ਇੰਡਿਆ ਦੇ ਮਾਧਿਅਮ ਰਾਹੀਂ ਮੇਕ ਇਨ ਇੰਡਿਆ ਦੇ ਮਿਸ਼ਨ ਨੂੰ ਇਲੈਕਟ੍ਰਾਨਿਕ ਡਿਵਾਇਸਾਂ, ਉਤਪਾਦਕਾਂ ਅਤੇ ਸੇਵਾਵਾਂ ਦੇ ਪੋਰਟਫੋਲਿਓ ਨੂੰ ਬੜਾਵਾ ਦੇਣਾ ਅਤੇ ਦੇਸ਼ ਵਿੱਚ ਨੌਜਵਾਨਾਂ ਲਈ ਰੁਜਗਾਰ ਦੀ ਸੰਭਾਵਨਾ ਨੂੰ ਬੜਾਵਾ ਦੇਣਾ ਵੀ ਸ਼ਾਮਲ ਹੈ।



ਇਸ ਪ੍ਰੋਗਰਾਮ ਦੀ ਅਸਲੀਅਤ ਨੂੰ ਸਮਝਣ ਲਈ ਇਹ ਜਾਣਨਾ ਬਹੁਤ ਜਰੂਰੀ ਹੈ ਕਿ ਇਹ ਪ੍ਰੋਗਰਾਮ ਕਿਸ ਕੀਮਤ ਤੇ ਲਾਗੂ ਹੋਵੇਗਾ ਤੇ ਭਵਿੱਖ ਵਿੱਚ ਇਸਦੇ ਕੀ ਸਿੱਟੇ ਨਿਕਲਣੇ ਹਨ। ਮੋਦੀ ਹਕੂਮਤ ਇਕ ਪਾਸੇ ਦੇਸ਼ ਦੇ ਲੋਕਾਂ ਨੂੰ ਡਿਜੀਟਲ ਭਾਰਤ ਦੇ ਦਰਸ਼ਨ ਕਰਵਾ ਰਹੀ ਹੈ ਅਤੇ ਦੂਜੇ ਪਾਸੇ ਪਹਿਲਾਂ ਤੋਂ ਪ੍ਰਾਪਤ ਨਿਗੂਣੀਆਂ ਸਹੂਲਤਾਂ 'ਚ ਕਟੌਤੀ ਕਰ ਰਹੀ ਹੈ। ਮੋਦੀ ਹਕੂਮਤ ਨੇ ਸੱਤਾ 'ਚ ਆਉਣ ਤੋਂ ਬਾਅਦ ਸਿਹਤ ਸਹੂਲਤਾਂ ਵਿੱਚ 20 ਪ੍ਰਤੀਸ਼ਤ, ਸਿੱਖਿਆ 'ਚ 17 ਪ੍ਰਤੀਸ਼ਤ, ਮਿਡ-ਡੇ-ਮੀਲ ਸਕੀਮ 'ਚ 29 ਪ੍ਰਤੀਸ਼ਤ, ਸਮਾਜਿਕ ਯੋਜਨਾਵਾਂ ਲਈ ਰਾਜਾਂ ਨੂੰ ਦਿੱਤੇ ਜਾਂਦੇ ਫੰਡ ਵਿਚ 30 ਪ੍ਰਤੀਸ਼ਤ ਅਤੇ ਇਸਤਰੀ ਤੇ ਬਾਲ ਕਲਿਆਣ ਯੋਜਨਾ ਵਿਚ 49 ਪ੍ਰਤੀਸ਼ਤ ਬਜਟ ਦੀ ਕਟੌਤੀ ਕਰ ਦਿਤੀ ਹੈ। ਵਿਸ਼ਵ ਸਿਹਤ ਸੰਗਠਨ ਦੇ ਇਕ ਸਰਵੇ ਮੁਤਾਬਕ ਭਾਰਤ ਵਿਚ ਸਾਲ 2013 ਵਿਚ 98 ਲੱਖ 16 ਹਜਾਰ ਲੋਕ ਅਜਿਹੀਆਂ ਬਿਮਾਰੀਆਂ ਨਾਲ ਮਰ ਗਏ ਸਨ ਜਿਨ੍ਹਾਂ ਦਾ ਇਲਾਜ ਸੰਭਵ ਸੀ।

ਰਿਪੋਰਟ ਮੁਤਾਬਕ ਭਾਰਤ ਵਿਚ ਕੈਂਸਰ ਨਾਲ ਹਰ ਸਾਲ 7 ਲੱਖ ਲੋਕ ਮਰ ਜਾਂਦੇ ਹਨ। ਸਾਲ 2013 'ਚ ਭਾਰਤ ਵਿਚ 50 ਹਜਾਰ ਔਰਤਾਂ ਪ੍ਰਜਨਨ ਨਾਲ ਸਬੰਧਿਤ ਬਿਮਾਰੀਆਂ ਨਾਲ ਮਰ ਗਈਆਂ। ਰਿਪੋਰਟ ਵਿਚ ਇਹ ਵੀ ਦਰਜ ਹੈ ਕਿ ਸਾਲ 2011 ਵਿਚ ਭਾਰਤ 'ਚ 16 ਲੱਖ ਬੱਚੇ ਕੁਪੋਸ਼ਣ ਕਾਰਨ ਮੌਤ ਦੇ ਮੂੰਹ ਜਾ ਪਏ। ਧਿਆਨ ਦੇਣ ਵਾਲਾ ਮਸਲਾ ਇਹ ਹੈ ਕਿ ਮੋਦੀ ਵਜ਼ਾਰਤ ਦੇ ਸੱਤਾ ਤੇ ਬਿਰਾਜਮਾਨ ਹੋਣ ਨਾਲ ਸਿਹਤ ਸਹੂਤਲਾਂ ਦਾ ਪੱਧਰ ਹੋਰ ਵੀ ਜਿਆਦਾ ਥੱਲੇ ਡਿੱਗਿਆ ਹੈ। ਮੋਦੀ ਸਰਕਾਰ ਨੇ ਤਾਂ ਸਿਹਤ ਸਹੂਲਤਾਂ ਲਈ ਰੱਖੇ ਗਏ ਬਜਟ ਵਿੱਚ ਵੀ ਕਟੌਤੀ ਕਰ ਦਿੱਤੀ ਹੈ। ਆਪਣੇ 2014-15 ਦੇ ਬਜਟ ਦੌਰਾਨ ਸਿਹਤ ਸਹੂਲਤਾਂ ਲਈ ਰੱਖੀ ਗਈ 30645 ਕਰੋੜ ਦੀ ਰਾਸ਼ੀ ਵਿਚੋਂ 600 ਕਰੋੜ ਦੀ ਕਟੌਤੀ ਕਰ ਦਿੱਤੀ। ਇਹੀ ਨਹੀਂ ਬਲਕਿ ਮੋਦੀ ਸਰਕਾਰ ਨੇ ਬੱਚਿਆਂ, ਬੁੱਢਿਆਂ ਤੇ ਵਿਕਲਾਂਗਾਂ ਦੀ ਸਹਾਇਤਾ ਲਈ ਰਾਖਵੀਂ ਰੱਖੀ ਗਈ ਰਾਸ਼ੀ ਵਿਚ ਵੀ 1553 ਕਰੋੜ ਦੀ ਕਟੌਤੀ ਕਰ ਦਿੱਤੀ ਹੈ। ਇਹੀ ਸਥਿਤੀ ਸਿੱਖਿਆ ਖੇਤਰ ਦੀ ਹੈ।

ਮੋਦੀ ਸਰਕਾਰ ਨੇ ਉੱਚ ਸਿੱਖਿਆ 'ਤੇ ਨਿਸ਼ਾਨਾਂ ਵਿੰਨ੍ਹਦਿਆਂ ਉੱਚ ਸਿੱਖਿਆ ਸੰਸਥਾਵਾਂ ਨੂੰ ਨਿੱਜੀ ਬਦੇਸ਼ੀ ਯੂਨੀਵਰਸਿਟੀਆਂ ਨੂੰ ਸੌਂਪਣ, ਸਿੱਖਿਆ ਲਈ ਬਜਟ ਰਾਸ਼ੀ ਘੱਟ ਕਰਨ, ਸਿੱਖਿਆ ਦਾ ਨਿੱਜੀਕਰਨ ਕਰਨ ਅਤੇ ਇਸ ਖੇਤਰ ਵਿੱਚ ਸਭ ਤੋਂ ਵੱਡੇ ਵਿਆਪਮ ਘੁਟਾਲੇ ਦੇ ਸਾਹਮਣੇ ਆਉਣ ਨਾਲ ਸਰਕਾਰ ਦੀ ਕਾਰਗੁਜ਼ਾਰੀ ਤੇ ਬਿਲਕੁਲ ਭਰੋਸਾ ਨਹੀਂ ਕੀਤਾ ਜਾ ਸਕਦਾ ਕਿ ਉਹ ਆਪਣੇ ਨਵੇਂ ਪ੍ਰੋਗਰਾਮ ਵਿੱਚ ਲੋਕ ਕਲਿਆਣ ਦੀ ਵਿਵਸਥਾ ਕਰੇਗੀ।

ਇਸ ਤੋਂ ਇਲਾਵਾ ਇਸ ਪ੍ਰੋਗਰਾਮ ਦਾ ਇਕ ਹੋਰ ਪਹਿਲੂ ਇਹ ਵੀ ਹੈ ਕਿ ਅੱਜ ਵਿਸ਼ਵ ਪੂੰਜੀ ਨੂੰ ਆਰਥਿਕ ਮੰਦਹਾਲੀ ਦੇ ਤੰਦੂਆ ਜਾਲ ਤੋਂ ਮੁਕਤੀ ਹਾਸਲ ਕਰਨ ਲਈ ਅਤੇ ਆਪਣਾ ਵਾਧੂ ਮਾਲ ਵੇਚਣ ਲਈ ਖੁੱਲ੍ਹੀ ਮੰਡੀ ਤੇ ਗਾਹਕ ਚਾਹੀਦੇ

ਹਨ। ਮੌਜੂਦਾ ਦੌਰ ਅੰਦਰ ਸ਼ੋਸ਼ਲ ਸਾਇਟਾਂ ਤੇ ਘਰ ਬੈਠੇ ਇਕੋ ਬਟਨ ਦਬਾ ਕੇ ਖ੍ਰੀਦੋ-ਫਰੋਖਤ ਕਰਨ ਵਾਲੇ ਗਾਹਕਾਂ ਦੀ ਵੱਡੀ ਤਦਾਦ ਹੈ।ਆਨਲਾਈਨ ਗਾਹਕਾਂ ਦੀ ਗਿਣਤੀ 'ਚ ਹੋਰ ਵਾਧਾ ਕਰਨ ਲਈ ਹੁਣ ਦੇਸ਼ ਦੇ 2.5 ਲੱਖ ਪਿੰਡਾਂ ਤੱਕ ਇੰਟਰਨੈੱਟ ਪਹੁੰਚਾਉਣ ਅਤੇ ਕੰਪਿਊਟਿਰ ਦੇ ਨਾਲ-ਨਾਲ ਮੋਬਾਇਲ ਫੋਨ ਰਾਹੀਂ ਖ੍ਰੀਦੋ-ਫਰੋਖਤ ਨੂੰ ਹੋਰ ਵੱਧ ਅਸਾਨ ਬਣਾਇਆ ਜਾ ਸਕੇਗਾ। ਨੌਜਵਾਨ ਪੀੜੀ ਇੰਟਰਨੈਟ ਦੀ ਜਿਆਦਾ ਵਰਤੋਂ ਕਰਦੀ ਹੋਣ ਕਾਰਨ ਵਸੋਂ ਦੇ ਇਸ ਨੌਜਵਾਨ ਹਿੱਸੇ ਨੂੰ ਖਪਤਵਾਦੀ ਬਣਾਕੇ ਆਨਲਾਈਨ ਬਜਾਰ ਨਾਲ ਜੋੜਨ ਦੇ ਤਰੀਕੇ ਤੇਜੀ ਨਾਲ ਈਜਾਦ ਕੀਤੇ ਜਾ ਰਹੇ ਹਨ। ਅੱਜ ਉਪਭੋਗਤਾਵਾਦੀ ਸੱਭਿਆਚਾਰ ਦਾ ਜਾਲ ਜਿੱਡੀ ਵੱਡੀ ਪੱਧਰ ਤੇ ਵਿਛਾਇਆ ਜਾ ਰਿਹਾ ਹੈ ਉਸ ਵਿੱਚ ਸਮਾਜ ਦਾ ਮੱਧ ਵਰਗ ਕਾਫੀ ਵੱਡੀ ਪੱਧਰ ਤੇ ਫਸ ਚੁੱਕਾ ਹੈ। ਡਿਜੀਟਲ ਇੰਡੀਆ ਦਾ ਅੱਖਾਂ ਚੁੰਧਿਆਉਣ ਵਾਲਾ ਪ੍ਰੋਗਰਾਮ ਲੋਕਾਂ ਦੀਆਂ ਖਪਤਵਾਦੀ ਇਛਾਵਾਂ ਨੂੰ ਹੋਰ ਵੱਧ ਉਕਸਾਉਣ, ਫੈਲਾਉਣ ਤੇ ਉਨ੍ਹਾਂ ਇਛਾਵਾਂ ਦੀ ਕੀਮਤ ਵਸੂਲਣ ਵਾਲਾ ਪ੍ਰੋਗਰਾਮ ਹੈ। ਇਹ ਅਸਲ ਵਿੱਚ ਭਾਰਤੀ ਮੱਧ ਵਰਗ ਦੀ ਬਜਾਰੂ ਮਾਨਸਿਕਤਾ ਦਾ ਲਾਹਾ ਲੈਣ ਦਾ ਪ੍ਰੋਗਰਾਮ ਹੈ।

ਨਰੇਂਦਰ ਮੋਦੀ ਦੇ ਇਸ ਨਵੇਂ ਜੁਮਲੇ ਤਹਿਤ ਜੋ ਸਿਹਤ ਤੇ ਸਿੱਖਿਆ ਦੀ ਦੇਸ਼ ਦੇ ਲੋਕਾਂ ਤੱਕ ਤੇਜ ਤੇ ਅਸਾਨ ਪਹੁੰਚ ਦੀ ਦੁਹਾਈ ਪਾਈ ਜਾ ਰਹੀ ਹੈ ਅਸਲ ਵਿੱਚ ਇਸ ਪ੍ਰਚਾਰ ਵਿੱਚ ਕੋਈ ਦਮ ਨਹੀਂ ਹੈ। ਸਮੱਸਿਆ ਦੇਸ਼ ਦੇ ਲੋਕਾਂ ਤੱਕ ਸਿਹਤ ਸਿੱਖਿਆ ਤੇ ਹੋਰ ਬੁਨਿਆਦੀ ਲੋੜਾਂ ਦੀ ਤੇਜ ਤੇ ਅਸਾਨ ਪਹੁੰਚ ਦੀ ਨਹੀਂ ਬਲਕਿ ਮੂਲ ਸਮੱਸਿਆ ਉਹਨਾਂ ਦੀ ਬੁਨਿਆਦੀ ਸਹੂਲਤਾਂ ਹਾਸਲ ਕਰਨ ਦੀ ਅਸਮਰੱਥਾ ਨੂੰ ਦੂਰ ਕਰਨ ਦੀ ਹੈ ਜੋ ਆਰਥਿਕ-ਸਮਾਜਿਕ ਨਾਬਰਾਬਰੀ ਕਾਰਨ ਪੈਦਾ ਹੋਈ ਹੈ। ਇਸ ਜੁਮਲੇ ਵਿੱਚ ਗਰੀਬੀ ਅਮੀਰੀ ਦੇ ਅਣਸਾਵੇਂਪਣ ਨੂੰ ਖਤਮ ਕਰਨ ਦਾ ਕੋਈ ਪ੍ਰੋਗਰਾਮ ਨਹੀਂ ਬਲਕਿ ਉਲਟਾ ਇਸ ਵਿੱਚ ਨਾਬਰਾਬਰੀ ਨੂੰ ਹੋਰ ਬੜਾਵਾ ਦੇਣਾ ਸ਼ਾਮਲ ਹੈ। ਇਸ ਪ੍ਰੋਗਰਾਮ ਤਹਿਤ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਰਾਸ਼ਟਰੀ ਤੇ ਬਹੁਰਾਸ਼ਟਰੀ ਕੰਪਨੀਆਂ ਦੁਆਰਾ ਦਿੱਤੀਆਂ ਜਾਣੀਆਂ ਹਨ ਅਤੇ ਇਸਤੋਂ ਇਹ ਅੰਦਾਜਾ ਲਾਉਣਾ ਬਿਲਕੁਲ ਮੁਸ਼ਕਲ ਨਹੀਂ ਕਿ ਇਨ੍ਹਾਂ ਮੁਨਾਫਾਖੋਰ ਕੰਪਨੀਆਂ ਵੱਲੋਂ ਇਹ ਸੇਵਾਵਾਂ ਕਿਸ ਕੀਮਤ ਤੇ ਦਿੱਤੀਆਂ ਜਾਣੀਆਂ ਹਨ। ਇਸਤੋਂ ਇਲਾਵਾ ਸ਼ੋਸ਼ਲ ਸਾਇਟਾਂ ਦੀ ਗੁਪਤ ਨਿਗਰਾਨੀ ਅਤੇ ਵਿਰੋਧੀ ਵਿਚਾਰਾਂ ਉਪਰ ਪਾਬੰਧੀ ਮੜ੍ਹਨ ਦਾ ਅਧਿਕਾਰ ਵੀ ਭਾਰਤੀਆਂ ਲਈ ਇੰਟਰਨੈਟ ਦੀ ਵਿਵਸਥਾ ਕਰਨ ਵਾਲੀਆਂ ਕੰਪਨੀਆਂ ਦੇ ਹੱਥ ਆ ਜਾਵੇਗਾ ਜਿਸਨੇ ਭਵਿੱਖ ਵਿੱਚ ਵਿਚਾਰ ਪ੍ਰਗਟਾਵੇ ਦੀ ਜਮਹੂਰੀਅਤ ਲਈ ਗੰਭੀਰ ਖਤਰੇ ਪੈਦਾ ਕਰਨੇ ਹਨ।

ਇਸੇ ਤਰ੍ਹਾਂ ਆਰਥਿਕ ਨੀਤੀਆਂ ਦੇ ਇਤਿਹਾਸ ਵੱਲ ਵੇਖਦਿਆਂ ਪਤਾ ਲੱਗਦਾ ਹੈ ਕਿ ਇਹ ਕੋਈ ਨਵੀਂ ਧਾਰਨਾ ਨਹੀਂ ਹੈ ਬਲਕਿ ਇਹ ਪ੍ਰੋਗਰਾਮ ਇਕ ਨਵੇਂ ਨਾਹਰੇ ਤਹਿਤ ਪਹਿਲਾਂ ਤੋਂ ਚੱਲੀ ਆ ਰਹੀ ਨਵਉਦਾਰਵਾਦੀ ਨੀਤੀ ਦਾ ਹੀ ਇਕ ਅੰਗ ਹੈ। ਇਸਦੀ ਤੰਦ ਭਾਰਤ ਵਿਚ ਨਵਉਦਾਰਵਾਦੀ ਨੀਤੀਆਂ ਤਹਿਤ ਕੇਂਦਰੀ ਯੋਜਨਾ ਕਮਿਸ਼ਨ ਦੀ ਸਮਾਪਤੀ ਤੇ ਇਸਦੀ ਥਾਂ ਨਵੀਆਂ ਆਰਥਿਕ ਨੀਤੀਆਂ ਨੂੰ ਐਲਾਨੀਆਂ ਤੌਰ ਤੇ ਲਾਗੂ ਕਰਨ ਨਾਲ ਜੁੜਦੀ ਹੈ। ਭਾਰਤੀ ਅਰਥਵਿਵਸਥਾ ਵਿੱਚ ਮੋਦੀ ਹਕੂਮਤ ਦੁਆਰਾ ਚੁੱਕਿਆ ਗਿਆ ਇਹ ਕਦਮ ਕੋਈ ਨਵਾਂ ਤੇ ਨਿਵੇਕਲਾ ਨਹੀਂ ਬਲਕਿ ਇਸ ਪ੍ਰੋਗਰਾਮ ਤਹਿਤ ਮੋਦੀ ਹਕੂਮਤ ਭਾਰਤੀ ਰਾਜਸੱਤਾ ਤੇ ਬਿਰਾਜਮਾਨ ਰਹੀਆਂ ਪਹਿਲੀਆਂ ਹਾਕਮ ਜਮਾਤਾਂ ਨਾਲੋਂ ਅੱਗੇ ਵੱਧਕੇ ਸਿੱਧੇ ਤੇ ਤਿੱਖੇ ਰੂਪ 'ਚ ਪੂੰਜੀਪਤੀਆਂ ਦੇ ਹੱਕ 'ਚ ਨਿੱਤਰ ਕੇ ਸਾਹਮਣੇ ਆ ਰਹੀ ਹੈ। ਮੋਦੀ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਤੋਂ ਇਹ ਸਪੱਸ਼ਟ ਵੇਖਣ ਨੂੰ ਮਿਲਦਾ ਹੈ ਕਿ ਉਸਨੇ ਬੜੀ ਤੇਜੀ ਨਾਲ ਨਵਉਦਾਰਵਾਦੀ ਆਰਥਿਕ ਨੀਤੀ ਤਹਿਤ ਪੂੰਜੀਪਤੀਆਂ ਦੇ ਮੁਨਾਫਿਆਂ 'ਚ ਵਾਧੇ ਲਈ ਨਿਯੰਤਰਿਤ ਅਰਥਵਿਵਸਥਾ ਦੀ ਥਾਂ ਮੁਕਤ ਬਜਾਰ ਦੀ ਨੀਤੀ ਲਾਗੂ ਕਰਨ, ਕਲਿਆਣਕਾਰੀ ਕਾਰਜਾਂ ਦੀ ਥਾਂ ਸਮਾਜਿਕ ਸੁਰੱਖਿਆ 'ਚ ਕਟੌਤੀ, ਸਬਸਿਡੀਆਂ ਖਤਮ ਕਰਨ, ਸਰਕਾਰੀ ਜਾਇਦਾਦ ਤੇ ਉਦਯੋਗਾਂ ਦਾ ਨਿੱਜੀਕਰਨ ਕਰਨ, ਸਰਕਾਰ ਦੀ ਦਖਲਅਦਾਜੀ ਨੂੰ ਘੱਟ ਕਰਨ ਅਤੇ ਟਰੇਡ ਯੂਨੀਅਨਾਂ ਦੀ ਤਾਕਤ ਨੂੰ ਘੱਟ ਕਰਨ ਦੇ ਕਦਮ ਚੁੱਕੇ ਹਨ। ਮੋਦੀ ਸਰਕਾਰ ਵੱਲੋਂ ਪੂੰਜੀ ਬਜ਼ਾਰ ਦੀ ਸਲਾਮਤੀ ਲਈ ਲੋਕ ਕਲਿਆਣ ਦੀਆਂ ਸੇਵਾਵਾਂ ਦਾ ਖਾਤਮਾ ਕੀਤਾ ਜਾ ਰਿਹਾ ਹੈ।

ਕਾਰਪੋਰੇਟ ਪੂੰਜੀ ਦੇ ਮੁਨਾਫਿਆਂ 'ਚ ਵਾਧੇ ਲਈ ਬੇਰਹਿਮ ਪੂੰਜੀਵਾਦੀ ਅਰਥਵਿਵਸਥਾ ਤਹਿਤ ਨੰਗੀ ਚਿੱਟੀ ਰਾਜਕੀ ਦਹਿਸ਼ਤਗਰਦੀ, ਫਿਰਕੂ ਦੰਗੇ, ਭੁੱਖਮਰੀ, ਬੇਰੁਜ਼ਗਾਰੀ, ਜਾਨਲੇਵਾ ਬਿਮਾਰੀਆਂ ਆਦਿ ਰਾਹੀਂ ਲੋਕਾਂ ਨੂੰ ਗੁਰਬਤ ਅਤੇ ਮੌਤ ਦੇ ਮੂੰਹ ਸੁੱਟਿਆ ਜਾ ਰਿਹਾ ਹੈ। ਨਵਉਦਾਰਵਾਦੀ ਨੀਤੀਆਂ ਦਾ ਮੂਲ ਮੰਤਰ ਮੁਨਾਫੇ ਦੇ ਰਾਹ ਵਿਚ ਅੜਿਕਾ ਬਣਦੀ ਹਰ ਸ਼ੈਅ ਨੂੰ ਬੇਰਹਿਮੀ ਨਾਲ ਖਤਮ ਕਰ ਦੇਣਾ, ਹਰ ਸ਼ੈਅ ਦਾ ਨਿੱਜੀਕਰਨ ਕਰਨਾ ਤੇ ਸਰਕਾਰ ਦੁਆਰਾ ਆਪਣੇ ਲੋਕ ਭਲਾਈ ਦੇ ਕੰਮਾਂ ਤੋਂ ਹੱਥ ਪਿੱਛੇ ਖਿੱਚਣਾ ਹੈ। ਮੋਦੀ ਹਕੂਮਤ ਨੇ ਆਪਣੇ ਥੋੜੇ ਸਮੇਂ ਦੇ ਕਾਰਜਕਾਲ ਦੌਰਾਨ ਹੀ ਬੜੀ ਤੇਜੀ ਨਾਲ ਸਿਹਤ, ਸਿੱਖਿਆ, ਬੈਂਕ, ਬੀਮਾ ਆਦਿ ਜਨਤਕ ਖੇਤਰਾਂ ਨੂੰ ਬਹੁਰਾਸ਼ਟਰੀ ਕੰਪਨੀਆਂ ਦੇ ਹੱਥ ਸੌਂਪਣ, ਵਿਦੇਸ਼ੀ ਨਿਵੇਸ਼ ਲਈ ਬਹੁਰਾਸ਼ਟਰੀ ਕੰਪਨੀਆਂ ਲਈ ਸਭ ਦਰਵਾਜੇ ਖੋਲ੍ਹਣ, ਮਜ਼ਦੂਰਾਂ ਦੀ ਮਜ਼ਦੂਰੀ ਤਨਖਾਹ ਕਾਨੂੰਨਾਂ ਦੀ ਬਜਾਏ ਬਜਾਰ ਦੀਆਂ ਲੋੜਾਂ ਤਹਿਤ ਤੈਅ ਕਰਨ, ਖੇਤੀ ਨੂੰ ਘਾਟੇਵੰਦਾਂ ਧੰਦਾਂ ਬਣਾਕੇ ਨਿਗਮੀ ਖੇਤੀ ਲਈ ਜਮੀਨਾਂ ਹਥਿਆਉਣ, ਵਾਤਾਵਰਣ ਕਾਨੂੰਨਾਂ 'ਚ ਸੋਧਾਂ, ਸਰਕਾਰੀ ਜਾਇਦਾਦ ਉਪਰ ਸ਼ਾਪਿੰਗ ਮਾਲ, ਹੋਟਲ ਤੇ ਪਿਕਨਿਕ ਸਪਾਟ ਆਦਿ ਬਣਾਉਣ ਨੂੰ ਖੁੱਲ੍ਹ ਦੇਣਾ ਨਵਉਦਾਰਵਾਦ ਦੀ ਨੀਤੀ ਨੂੰ ਹੋਰ ਵੱਧ ਜ਼ੋਰਦਾਰ ਢੰਗ ਨਾਲ ਭਾਰਤ ਵਿੱਚ ਲਾਗੂ ਕਰਨ ਦੇ ਕਦਮ ਚੁੱਕੇ ਹਨ। ਨਵਉਦਾਰਵਾਦੀ ਆਰਥਿਕਤਾ ਤਹਿਤ ਆਰਥਿਕ ਸੁਧਾਰ ਕਰਨੇ ਪਹਿਲੀਆਂ ਸਰਕਾਰਾਂ ਵਾਂਗ ਮੌਜੂਦਾ ਮੋਦੀ ਸਰਕਾਰ ਦੀ ਵਿਚਾਰਧਾਰਾ ਦਾ ਅੰਗ ਹੈ।

ਮੋਦੀ ਸਰਕਾਰ ਦੀ ਨੀਅਤ ਦੀ ਤਰਜਮਾਨੀ ਸਾਲ 2014-15 ਦਾ ਬਜਟ ਪੇਸ਼ ਕਰਦੇ ਸਮੇਂ ਭਾਜਪਾ ਸਰਕਾਰ ਦੇ ਵਿੱਤ ਮੰਤਰੀ ਅਰੁਣ ਜੇਤਲੀ ਦੇ ਕਹੇ ਇਹ ਸ਼ਬਦ ਸਪੱਸ਼ਟ ਕਰਦੇ ਹਨ ਕਿ ਉਨ੍ਹਾਂ ਅੱਗੇ ਕਿਹੜੇ ਗੁਲ ਖਿਲਾਉਣੇ ਹਨ:-

ਕੁਛ ਤੋ ਫੁਲ ਖਿਲਾਏਂ ਹੈਂ ਹਮਨੇ,
ਔਰ ਕੁਛ ਫੂਲ ਖਿਲਾਨੇ ਹੈਂ।
ਮੁਸ਼ਕਿਲ ਯਹ ਹੈ ਬਾਗ ਮੇਂ,
ਅਬ ਭੀ ਕਾਂਟੇ ਕਈ ਪੁਰਾਣੇ ਹੈਂ।

ਇਸ ਲਈ ਲੋਕਦੋਖੀ ਸਰਕਾਰ ਦੀਆਂ ਨੀਅਤਾਂ ਅਤੇ ਨੀਤੀਆਂ ਨੂੰ ਸਮਝਦੇ ਹੋਏ ਦੇਸ਼ ਦੇ ਲੋਕਾਂ ਨੂੰ ਇਸ ਨਵਉਦਾਰਵਾਦੀ ਹਮਲੇ ਦਾ ਵਿਰੋਧ ਕਰਨਾ ਚਾਹੀਦਾ ਹੈ।

mandeepsaddowal@gmail.com





## ਯੂਰਪ ਦਾ ਸ਼ਰਨਾਰਥੀ ਸੰਕਟ

# ਸਾਮਰਾਜੀ ਦੀ ਦਖ਼ਲ-ਅੰਦਾਜ਼ੀਆਂ ਦਾ ਸਿੱਟਾ

ਮਾਨਵ

ਅੱਜਕੱਲ ਯੂਰਪ ਅਤੇ ਸੰਸਾਰ-ਭਰ ਵਿੱਚ ਜੋ ਮੁੱਦਾ ਸਭ ਤੋਂ ਵੱਧ ਗਰਮਾਇਆ ਹੋਇਆ ਹੈ ਉਹ ਹੈ ਸ਼ਰਨਾਰਥੀਆਂ ਦਾ ਮਸਲਾ। ਮੱਧ-ਪੂਰਬ ਤੋਂ ਲੱਖਾਂ ਦੀ ਗਿਣਤੀ ਵਿੱਚ ਸ਼ਰਨਾਰਥੀ, ਔਖੇ ਰਾਹਾਂ ਨੂੰ ਪਾਰ ਕਰਦੇ ਹੋਏ, ਆਪਣੇ ਪਰਿਵਾਰਾਂ ਸਮੇਤ ਯੂਰਪ ਪਹੁੰਚ ਰਹੇ ਹਨ। ਯੂਰਪ ਦੇ ਪੂਰੇ ਸਿਆਸੀ ਅਤੇ ਮੀਡੀਆ ਗਲਿਆਰਿਆਂ ਵਿੱਚ ਇਹਨਾਂ ਸ਼ਰਨਾਰਥੀਆਂ ਦੀ ਆਮਦ ਨੂੰ ਲੈ ਕੇ ਅਤੇ ਇਹਨਾਂ ਦੇ ਮੁਲਕ ਅੰਦਰ ਦਾਖਲੇ ਨੂੰ ਰੋਕਣ ਜਾਂ ਇਜਾਜ਼ਤ ਦੇਣ ਨੂੰ ਲੈ ਕੇ ਬਹਿਸ ਛਿੜੀ ਹੋਈ ਹੈ। ਆਪਣੇ ਪਰਿਵਾਰ ਨਾਲ ਸਮੁੰਦਰ ਪਾਰ ਕਰਦੇ ਇੱਕ ਬੱਚੇ ਦੀ ਸਮੁੰਦਰ ਕੰਢੇ ਹੋਈ ਦਰਦਨਾਕ ਮੌਤ ਦੀ ਮੀਡੀਆ ਕਵਰੇਜ਼ ਤੋਂ ਬਾਅਦ ਇਹ ਮੁੱਦਾ ਪੂਰੀ ਦੁਨੀਆਂ ਦੇ ਲੋਕਾਂ ਦੀਆਂ ਨਜ਼ਰਾਂ ਵਿੱਚ ਆ ਗਿਆ ਹੈ। ਪਰ ਜੇ ਅਸੀਂ ਯੂਰਪ ਦੇ ਵੱਖ-ਵੱਖ ਸਿਆਸੀ ਆਗੂਆਂ ਦੇ ਬਿਆਨ ਅਤੇ ਮੀਡੀਆ ਵਿੱਚ ਇਸਦੀ ਹੋ ਰਹੀ ਕਵਰੇਜ਼ ਨੂੰ ਦੇਖੀਏ ਤਾਂ ਅਸੀਂ ਵੇਖਦੇ ਹਾਂ ਕਿ ਜਾਂ ਤਾਂ ਸ਼ਰੇਆਮ ਹੀ ਨਸਲੀ ਨਫਰਤ ਦਾ ਇਜ਼ਹਾਰ ਹੋ ਰਿਹਾ ਹੈ ਅਤੇ ਜਾਂ ਫਿਰ ਮਗਰਮੱਛ ਦੇ ਹੰਝੂ ਵਹਾਉਂਦੇ ਹੋਏ ਇਹਨਾਂ ਸ਼ਰਨਾਰਥੀਆਂ ਬਾਰੇ ਕੁੱਛ ਸੋਚਣ, ਕੁੱਛ ਕਰਨ ਦੀਆਂ ਗੱਲਾਂ ਹੋ ਰਹੀਆਂ ਹਨ। ਗਹੁ ਨਾਲ ਮੀਡੀਆ ਨੂੰ ਦੇਖਦੇ ਹੋਏ ਇਸ ਦਾ ਪੱਖਪਾਤੀ ਰਵੱਈਆ ਸਾਹਮਣੇ ਆ ਜਾਂਦਾ ਹੈ ਜਿਸ ਦੇ ਤਹਿਤ ਮੀਡੀਆ ਦੀਆਂ ਬਹਿਸਾਂ ਨੂੰ ਇੱਕ ਸੀਮਤ ਘੇਰੇ ਅੰਦਰ ਹੀ ਘੁੰਮਾਇਆ ਜਾਂਦਾ ਹੈ, ਜੋ ਘੇਰਾ ਹਾਕਮ ਜਮਾਤ ਦੇ ਹਿਤਾਂ ਅਨੁਸਾਰੀ ਹੁੰਦਾ ਹੈ । ਪਰ ਇਸ ਘੇਰੇ ਅੰਦਰ ਬਹਿਸ ਨੂੰ ਵੱਧ ਤੋਂ ਵੱਧ ਭਖਾਇਆ ਜਾਂਦਾ ਹੈ, ਦਿਲਚਸਪ ਬਣਾਇਆ ਜਾਂਦਾ ਹੈ, ਤਾਂ ਜੋ ਦੇਖਣ ਵਾਲੇ ਨੂੰ ਲੱਗੇ ਕਿ ਵਾਕਈ ਕੋਈ ਸੰਜੀਦਾ ਬਹਿਸ ਹੋ ਰਹੀ ਹੈ ਜਿਸ ਵਿੱਚੋਂ ਕੋਈ ਹੱਲ ਨਿੱਕਲ ਕੇ ਆਵੇਗਾ! ਮਸਲੇ ਨੂੰ ਦੇਖਣ ਦਾ ਦੂਜਾ ਨਜ਼ਰੀਆ, ਦੂਜਾ ਘੇਰਾ ਕੀ ਹੋ ਸਕਦਾ ਹੈ, ਇਹ ਸਭ ਗਾਇਬ ਹੀ ਕਰ ਦਿੱਤਾ ਜਾਂਦਾ ਹੈ।

ਬੀ.ਬੀ.ਸੀ, ਇੰਡੀਪੈਂਡੈਂਟ, ਨਿਊ ਯਾਰਕ ਟਾਇਮਸ ,ਖ਼ੱਬੇ- ਪੱਖੀ ਗਾਰਡੀਅਨ ਆਦਿ ਅਖ਼ਬਾਰਾਂ ਅਤੇ ਚੈਨਲ ਲੋਕਾਂ ਦਾ ਸਾਰਾ ਧਿਆਨ ਸਿਰਫ ਇਹਨਾਂ ਸਵਾਲਾਂ ਉੱਤੇ ਹੀ ਕੇਂਦਰਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ, ਇਹਨਾਂ ਸ਼ਰਨਾਰਥੀਆਂ ਨੂੰ ਵਸਾਉਣ ਦਾ ਖਰਚਾ ਕਿੰਨਾਂ ਕੁ ਆਵੇਗਾ, ਸਾਡੇ ਮੁਲਕ ਦੀ ਆਰਥਿਕਤਾ ਉੱਤੇ ਇਸਦਾ ਕੀ ਅਸਰ ਹੋਵੇਗਾ, ਕੁੱਲ ਸ਼ਰਨਾਰਥੀਆਂ ਵਿੱਚੋਂ ਸਾਨੂੰ ਕਿੰਨਿਆਂ ਦਾ ਕੋਟਾ ਲੈਣਾ ਚਾਹੀਦਾ ਹੈ? ਕੀ ਸਾਡਾ ਪ੍ਰਸ਼ਾਸਨ ਅਬਾਦੀ ਦੀ ਇਸ ਆਮਦ ਨੂੰ ਸੰਭਾਲਣ ਲਈ ਤਿਆਰ ਹੈ? ਮਤਲਬ ਕਿ ਪੂਰੀ ਵਿਆਖਿਆ ਕੇਵਲ ਅੰਕੜਿਆਂ ਉੱਤੇ ਹੀ ਕੇਂਦਰਤ ਕੀਤੀ ਜਾ ਰਹੀ ਹੈ। ਮੂਲ ਸਵਾਲ ਸਾਰੀਆਂ 'ਬਹਿਸਾਂ' ਵਿੱਚੋਂ ਹੀ ਗਾਇਬ ਹੈ ਕਿ ਅਜਿਹੇ ਹਾਲਾਤ ਪੈਦਾ ਹੀ ਕਿਉਂ ਹੋਏ? ਕੀ ਕਾਰਨ ਹਨ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਅਸੀਂ ਐਨੇ ਲੋਕਾਂ ਨੂੰ ਉਹਨਾਂ ਦੇ ਘਰਾਂ ਤੋਂ ਉਜਾੜਿਆ ਜਾਂਦਾ ਦੇਖ ਰਹੇ ਹਾਂ। ਇਹ ਬੁਨਿਆਦੀ ਮਹੱਤਵ ਦੇ ਸਵਾਲ ਗਾਇਬ ਹਨ।

ਜੇਕਰ ਅਸੀਂ ਇਹਨਾਂ ਸ਼ਰਨਾਰਥੀਆਂ ਦਾ ਪਿਛੋਖੜ ਦੇਖੀਏ ਤਾਂ ਬਹੁਤੇ ਸ਼ਰਨਾਰਥੀ ਇਰਾਕ, ਲਿਬੀਆ, ਅਫਗਾਨਿਸਤਾਨ, ਯਮਨ ਅਤੇ ਸੀਰੀਆ ਤੋਂ ਹਨ - ਭਾਵ ਉਹ ਮੁਲਕ ਜੋ ਪਿਛਲੇ 10 ਸਾਲ ਅੰਦਰ ਸਾਮਰਾਜੀ ਤਾਕਤਾਂ ਦੀ ਦਖਲੰਦਾਜ਼ੀ ਦਾ ਸ਼ਿਕਾਰ ਹੋਏ। ਜੇ ਨੇੜ ਇਤਿਹਾਸ ਵਿੱਚ ਜਾ ਕੇ ਗੱਲ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਇਸ ਪੂਰੇ ਸੰਕਟ ਦੀ ਸ਼ੁਰੂਆਤ ਅਮਰੀਕਾ ਵਿੱਚ ਹੋਏ 9/11 ਦੇ ਹਮਲਿਆਂ ਤੋਂ ਬਾਅਦ ਹੁੰਦੀ ਹੈ। ਹਮਲੇ ਤੋਂ ਤੁਰੰਤ ਬਾਅਦ ਹੀ ਅਮਰੀਕੀ ਸਰਕਾਰ ਆਵਦੀ ਸੈਨਾ ਅਫਗਾਨਿਸਤਾਨ ਵਿੱਚ ਭੇਜਦੀ ਹੈ ਅਤੇ ਫਿਰ ਸਾਮਰਾਜੀ ਹਮਲਿਆਂ ਅਤੇ ਤਾਲਿਬਾਨੀ ਮੋੜਵੀਆਂ ਕਾਰਵਾਈਆਂ ਦਾ ਉਹ ਦੌਰ ਚੱਲਦਾ ਹੈ ਜਿਸ ਵਿੱਚ ਪਿਛਲੇ ਤਕਰੀਬਨ 14 ਸਾਲ ਤੋਂ ਆਮ ਲੋਕ ਪਿਸ ਰਹੇ ਹਨ। ਜਿਨ੍ਹਾਂ ਤਾਲਿਬਾਨਾਂ ਖਿਲਾਫ਼ ਅਮਰੀਕਾ ਨੇ ਇਹ ਦਹਿਸ਼ਤਵਾਦ ਵਿਰੋਧੀ ਜੰਗ ਛੇੜੀ ਸੀ ਇਹ ਉਹੀ ਸਨ ਜਿਹਨਾਂ ਨੂੰ ਅਮਰੀਕਾ ਨੇ ਸੋਵੀਅਤ-ਸਾਮਰਾਜੀ ਯੂਨੀਅਨ ਖਿਲਾਫ਼ ਲੜਨ ਲਈ 1980'ਵਿਆਂ ਵਿੱਚ ਖੜ੍ਹੇ ਕੀਤਾ ਸੀ। ਇਹ ਸਭ ਅੱਜ ਜੱਗ-ਜਾਹਰ ਹੀ ਹੈ। ਉਸ ਤੋਂ 2 ਸਾਲ ਬਾਅਦ ਇਰਾਕ ਵਿੱਚ ਮਾਰੂ ਹਥਿਆਰਾਂ ਦੀ ਮੌਜੂਦਗੀ ਦਾ ਦੋਸ਼ ਲਾ ਕੇ 2001 ਵਿੱਚ ਇਰਾਕ ਉੱਪਰ ਹਮਲਾ ਬੋਲਿਆ ਗਿਆ ਅਤੇ ਉਦੋਂ ਤੋਂ ਲੈ ਕੇ ਅੱਜ ਤੱਕ ਇਹ ਜੰਗ ਜਾਰੀ ਹੈ। ਪਿਛਲੇ ਕੁਝ ਸਾਲਾਂ ਵਿੱਚ ਕਿਸ ਤਰਾਂ ਲਿਬੀਆ ਅਤੇ ਸੀਰੀਆ ਨੂੰ ਵੀ ਉਸੇ ਤਰਾਂ ਨਿਸ਼ਾਨਾ ਬਣਾਇਆ ਗਿਆ, ਇਹ ਸਭ ਸਾਡੇ ਸਾਹਮਣੇ ਹੈ ਅਤੇ ਇਸ ਬਾਰੇ 'ਲਲਕਾਰ' ਦੇ ਪਿਛਲੇ ਅੰਕਾਂ ਵਿੱਚ ਲਿਖਿਆ ਹੀ ਜਾ ਚੁੱਕਾ ਹੈ। ਇੱਕ ਰਿਪੋਰਟ ਮੁਤਾਬਕ ਇਰਾਕ, ਅਫਗਾਨਿਸਤਾਨ, ਪਾਕਿਸਤਾਨ ਵਿੱਚ 2001 ਤੋਂ ਲੈ ਕੇ ਹੁਣ ਤੱਕ ਮਾਰੇ ਗਏ ਆਮ ਲੋਕਾਂ ਦੀ ਸੰਖਿਆ ਦਾ ਇੱਕ ਬੇਹੱਦ ਘੱਟ ਅਨੁਮਾਨ ਵੀ ਲਾਇਆ ਜਾਵੇ ਤਾਂ ਤਕਰੀਬਨ 13 ਲੱਖ ਲੋਕ ਹੁਣ ਤੱਕ ਇਸ ਜੰਗ ਵਿੱਚ ਮਾਰੇ ਜਾ ਚੁੱਕੇ ਹਨ। ਹਾਲਾਂਕਿ ਇਸੇ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹ ਬਹੁਤ ਸੌੜੇ ਅਨੁਮਾਨ ਹਨ, ਅਸਲ ਗਿਣਤੀ ਇਸ ਤੋਂ ਦੁੱਗਣੀ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ ਇਹਨਾਂ ਜੰਗਾਂ ਵਿੱਚ ਹੋਰ ਕਈ ਲੱਖ ਲੋਕ ਆਪਣੇ ਘਰਾਂ ਤੋਂ ਉਜਾੜੇ ਵੀ ਗਏ ਹਨ, ਸ਼ਹਿਰਾਂ ਦੇ ਸ਼ਹਿਰ ਖਾਲੀ ਕਰ ਦਿੱਤੇ ਗਏ ਅਤੇ ਹੁਣ ਜਦੋਂ ਇਹਨਾਂ ਹੀ ਮੁਲਕਾਂ ਤੋਂ ਲੋਕ ਸ਼ਰਨਾਰਥੀ ਬਣ ਕੇ ਯੂਰਪ ਵਿੱਚ ਪਨਾਹ ਲੈਣ ਲਈ ਆਉਣ ਲੱਗੇ ਤਾਂ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਉਹਨਾਂ ਨੂੰ ਰਾਹ ਵਿੱਚ ਡੱਕਣ, ਵਾਪਸ ਭੇਜਣ ਜਾਂ ਰਾਹ ਵਿੱਚ ਹੀ ਮਰਦਾ ਸੁੱਟ ਦੇਣ ਅਤੇ ਆਪਣੇ ਮੋਢਿਆਂ ਤੋਂ ਸਾਰੀ ਜੁੰਮੇਵਾਰੀ ਉਤਾਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਸਾਲ 2015 ਵਿੱਚ ਹੀ ਹੁਣ ਤੱਕ ਮੱਧ-ਸਾਗਰ ਲੰਘ ਕੇ ਯੂਰਪ ਪਹੁੰਚਣ ਵਾਲੇ ਸ਼ਰਨਾਰਥੀਆਂ ਦੀ ਕੁੱਲ ਗਿਣਤੀ 2,50,000 ਹੋ ਚੁੱਕੀ ਹੈ। ਸਾਲ 2014 ਨਾਲੋਂ ਇਹ ਵਾਧਾ 750% ਜਿਆਦਾ ਹੈ। ਅਜੇ ਵੀ 1,60,000 ਦੇ ਕਰੀਬ ਸ਼ਰਨਾਰਥੀ ਯੂਨਾਨ, ਇਟਲੀ ਵਿੱਚ ਫਸੇ ਹੋਏ ਹਨ। ਇਹ ਲੱਖਾਂ ਸ਼ਰਨਾਰਥੀ ਉਹ ਹਨ ਜਿਹੜੇ ਆਪਣੇ ਮੁਲਕਾਂ ਤੋਂ ਬਾਹਰ ਨਿੱਕਲ ਕੇ ਯੂਰਪ ਆਦਿ ਵੱਲ ਨੂੰ ਜਾ ਰਹੇ ਹਨ। ਪਰ ਸ਼ਰਨਾਰਥੀਆਂ ਦਾ ਬਹੁਤ ਵੱਡਾ ਹਿੱਸਾ (90%) ਉਹ ਹੈ ਜੋ ਆਵਦੇ ਮੁਲਕ ਅੰਦਰ ਹੀ ਉਜਾੜਿਆ ਗਿਆ ਹੈ ਅਤੇ ਜਾਂ ਫਿਰ ਨੇੜਲੇ ਘੱਟ-ਵਿਕਸਤ ਮੁਲਕਾਂ (ਜਿਵੇਂ ਕਿ ਲਿਬਨਾਨ, ਜਾਰਡਨ ਆਦਿ) ਵੱਲ ਨੂੰ ਕੂਚ ਕਰ ਰਿਹਾ ਹੈ। ਸਮੱਸਿਆ ਦੇ ਐਨਾ ਸੰਗੀਨ ਰੂਪ ਧਾਰ ਜਾਣ ਤੋਂ ਬਾਅਦ ਵੀ ਅੱਜ ਤਕੜੇ ਸਾਮਰਾਜੀ ਮੁਲਕਾਂ ਦਾ ਇਸ ਪ੍ਰਤੀ ਕੀ ਰਵੱਈਆ ਹੈ?

ਇੱਕ ਪਾਸੇ ਤਾਂ ਯੂਰਪ ਅਤੇ ਅਮਰੀਕਾ ਦੇ ਸਾਮਰਾਜੀ ਮੁਲਕਾਂ ਦਾ ਵਤੀਰਾ ਇਸ ਗੱਲੋਂ ਇੱਕਸਾਰ ਹੈ ਕਿ ਸ਼ਰਨਾਰਥੀਆਂ ਪ੍ਰਤੀ ਸਭਨਾਂ ਦਾ ਦੋਗਲਾ ਵਤੀਰਾ ਅੱਜ ਖੁੱਲ ਕੇ ਸਾਹਮਣੇ ਆ ਗਿਆ ਹੈ। ਪਰ ਨਾਲ ਹੀ ਇਹਨਾਂ ਮੁਲਕਾਂ ਵਿਚਕਾਰ ਸ਼ਰਨਾਰਥੀਆਂ ਨੂੰ ਪਨਾਹ ਦੇਣ ਨੂੰ ਲੈ ਕੇ ਆਪਸੀ ਖਹਿਬਾਜ਼ੀ ਵੀ ਹੈ। ਇਸ ਆਪਸੀ ਖਿੱਚੋ-ਤਾਣ ਕਰਕੇ ਅਜੇ ਤੱਕ ਬਹੁਤੇ ਸ਼ਰਨਾਰਥੀ ਕੈਂਪਾਂ ਵਿੱਚ ਹੀ ਰਹਿਣ ਨੂੰ ਮਜ਼ਬੂਰ ਹਨ, ਜ਼ਿੰਦਗੀ ਦੇ ਵਸੀਲੇ ਜੋੜਨ ਲਈ ਅਜੇ ਉਹਨਾਂ ਕੋਲ਼ ਕੋਈ ਮੌਕਾ ਨਹੀਂ ਹੈ।

ਅਪ੍ਰੈਲ 23 ਨੂੰ ਬੈਲਜੀਅਮ ਦੇ ਬ੍ਰਸੱਲਜ਼ ਵਿਖੇ ਯੂਰਪੀ ਯੂਨੀਅਨ ਦੇ ਹੋਏ ਸਿਖਰ ਸੰਮੇਲਨ ਵਿੱਚ 10-ਨੁਕਾਤੀ ਪ੍ਰੋਗਰਾਮ ਅਪਨਾਇਆ ਗਿਆ। ਇਸ ਪ੍ਰੋਗਰਾਮ ਦਾ ਮਕਸਦ ਸੀ ਕਿ ਪ੍ਰਵਾਸੀਆਂ ਨੂੰ ਯੂਰਪ ਵਿੱਚ ਪ੍ਰਵੇਸ਼ ਕਰਨ ਤੋਂ ਰੋਕਣ ਲਈ ਪੁਲਸ/ਸੈਨਿਕ ਕਾਰਵਾਈ ਦਾ ਪਸਾਰ ਕਰਨਾ। ਭਾਵੇਂ ਕਿ ਇਹ ਅਪਰੇਸ਼ਨ ਇਹ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ ਕਿ ਸਮੁੰਦਰ ਵਿੱਚ ਕੰਮ ਕਰਦੇ ਮਨੁੱਖੀ ਸਮੱਗਲਰਾਂ ਨੂੰ ਰੋਕਣ ਲਈ ਅਜਿਹਾ ਕਰਨਾ ਜਰੂਰੀ ਹੈ। ਪਰ ਮਨੁੱਖੀ ਸਮੱਗਲਰਾਂ ਦੀ ਹੋਂਦ ਵੀ ਤਾਂ ਇਸ ਪ੍ਰਬੰਧ ਦੀ

Commitment to Excellent Services
Punjab Insurance Inc
Pii Punjab Insurance Inc
Your Insurance Advisor
Super Visa Insurance
Disability Insurance | Life Insurance| Critical Illness Insurance|
Mortgage Insurance Segregated Funds| RRSP & TFSA | RESP|
Email : dharbans@hotmail.com www.numberoneinsurance.ca

Harbans Singh
416-817-7142

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991

ਹੀ ਪੈਦਾਵਾਰ ਹੈ ਜਿਸ ਅੰਦਰ ਸ਼ਰਨਾਰਥੀਆਂ/ ਪ੍ਰਵਾਸੀਆਂ ਨੂੰ ਇਸ ਤਰਾਂ ਲੁਕ-ਲੁਕ ਕੇ ਸਰਹੱਦਾਂ ਲੰਘਣੀਆਂ ਪੈਂਦੀਆਂ ਹਨ। ਇਸ 10-ਨੁਕਾਤੀ ਪ੍ਰੋਗਰਾਮ ਦਾ ਇਹ ਸਿਰਫ ਫੌਰੀ ਮਕਸਦ ਸੀ। ਦੂਰ-ਰਸ ਤੌਰ 'ਤੇ ਇਸ ਪ੍ਰੋਗਰਾਮ ਦਾ ਮਕਸਦ ਪੂਰੇ ਸ਼ਰਨਾਰਥੀ ਸੰਕਟ ਦੇ ਜਰੀਏ ਅਫਰੀਕਾ ਵਿੱਚ ਆਪਣੀਆਂ ਸਰਕਾਰਾਂ ਦੀ ਪੈਂਠ ਹੋਰ ਤਕੜੀ ਕਰਨਾ ਸੀ। ਇਸ ਪ੍ਰੋਗਰਾਮ ਵਿੱਚ ਜੋ ਹੋਰ ਟੀਚੇ ਰੱਖੇ ਗਏ ਉਹ ਸਨ – ਲਿਬੀਆ ਦੇ ਤੇਲ-ਸੋਧਕ ਕਾਰਖਾਨਿਆਂ ਨੂੰ ਕਬਜ਼ੇ ਅਧੀਨ ਲੈਣਾ ਅਤੇ ਲਿਬੀਆ ਵਿੱਚ ਆਪਣੀ ਪਸੰਦ ਦੀ ਗੱਠਜੋੜ ਸਰਕਾਰ ਬਿਠਾਉਣੀ, ਟੁਨੀਸ਼ੀਆ ਅਤੇ ਮੋਰਾਕੋ ਜਿਹੇ ਮੁਲਕਾਂ ਵਿੱਚ ਸਥਿਰਤਾ ਲਿਆਉਣੀ ਅਤੇ ਅਫਰੀਕਾ ਵਿੱਚ ਹੀ ਸ਼ਰਨਾਰਥੀ ਕੈਂਪ ਖੜ੍ਹੇ ਕਰਨੇ (ਜਿਹਨਾਂ ਕੈਂਪਾਂ ਨੂੰ ਫਿਰ ਨਿਗੂਣੀ ਜਿਹੀ ਇਮਦਾਦ ਦੇ ਕੇ ਵਾਹ-ਵਾਹੀ ਬਟੋਰੀ ਜਾਵੇਗੀ ਅਤੇ ਫਿਰ ਅਜਿਹੇ ਕੈਂਪ ਐਂਜਲੀਨਾ ਜੌਲੀ, ਬਿਲ ਗੇਟਸ ਵਰਗਿਆਂ ਦੇ 'ਮਨੁੱਖੀ ਸਰੋਕਾਰਾਂ' ਦੀ ਕਰਮ-ਭੂਮੀ ਬਣਨਗੇ)। ਇਸ ਪੂਰੀ ਯੋਜਨਾ ਵਿੱਚ ਜਾਹਰਾ ਤੌਰ 'ਤੇ ਆਪਣੀ ਹੈਸੀਅਤ ਮੁਤਾਬਕ ਜਰਮਨੀ ਹੀ ਸਭ ਤੋਂ ਅੱਗੇ ਹੈ। ਇਹ ਵੀ ਇਤਿਹਾਸ ਦਾ ਇੱਕ ਕੌੜਾ ਪੱਖ ਹੀ ਹੈ ਕਿ ਸਰਮਾਏਦਾਰੀ ਦਾ ਸੰਕਟ, ਨਾਜ਼ੀਆਂ ਦੇ ਦੂਜੀ ਸੰਸਾਰ-ਜੰਗ ਵਿੱਚ ਮੂੰਹ ਦੀ ਖਾਣ ਦੇ 70 ਸਾਲ ਮਗਰੋਂ, ਹੁਣ ਫਿਰ ਉਹਨਾਂ ਵਿਰੋਧਤਾਈਆਂ ਨੂੰ ਉਘਾੜ ਕੇ ਬਿਲਕੁਲ ਤਲ 'ਤੇ ਲਿਆ ਰਿਹਾ ਹੈ ਜਿਸ ਵਿੱਚ ਫਿਰ ਤੋਂ ਅਸੀਂ ਜਰਮਨੀ ਦਾ ਫੌਜੀ ਉਭਾਰ ਦੇਖ ਰਹੇ ਹਾਂ।

ਫਿਰ ਮਈ ਮਹੀਨੇ ਵਿੱਚ ਪ੍ਰਵਾਸੀਆਂ ਦਾ ਆਪਣੇ-ਆਪਣੇ ਮੁਲਕਾਂ ਲਈ ਕੋਟਾ ਤੈਅ ਕਰਨ ਵਾਸਤੇ ਯੂਰਪੀ ਯੂਨੀਅਨ ਦੀ ਹੋਈ ਮੀਟਿੰਗ ਵਿੱਚ 20,000 ਸ਼ਰਨਾਰਥੀਆਂ ਦਾ ਕੋਟਾ ਤੈਅ ਕੀਤਾ ਗਿਆ ਜਿਹਨਾਂ ਨੂੰ ਆਉਂਦੇ 2 ਸਾਲਾਂ ਤੱਕ ਵਸਾਇਆ ਜਾਵੇਗਾ। ਇਸ ਸਮੇਂ 2,00,000 ਤੋਂ ਜ਼ਿਆਦਾ ਸ਼ਰਨਾਰਥੀ ਯੂਰਪ ਵਿੱਚ ਪਹਿਲਾਂ ਹੀ ਪਹੁੰਚ ਚੁੱਕੇ ਹਨ ਜਦਕਿ 5,00,000 ਦੇ ਕਰੀਬ ਹੋਰ ਉੱਤਰੀ ਅਫਰੀਕਾ ਵਿੱਚ ਯੂਰਪ ਵੱਲ ਨੂੰ ਜਾਣ ਦੀ ਤਾਕ ਵਿੱਚ ਬੈਠੇ ਹਨ। ਮਤਲਬ ਕਿ ਤਕਰੀਬਨ 7,00,000 ਸ਼ਰਨਾਰਥੀ ਅਤੇ ਕੋਟਾ 20,000! ਇਸ ਪੂਰੇ ਪ੍ਰਬੰਧ ਦੇ ਦੋਗਲੇਪਣ ਦਾ ਇਸ ਤੋਂ ਭੱਦਾ ਨਮੂਨਾ ਹੋਰ ਨਹੀਂ ਹੋ ਸਕਦਾ! ਪਰ ਇਸ 20,000 ਦੇ ਕੁੱਲ ਕੋਟੇ ਨੂੰ ਵੀ ਇੱਕ ਬੋਝ ਸਮਝਦੇ ਹੋਏ ਯੂ.ਕੇ, ਆਈਰਲੈਂਡ, ਡੈਨਮਾਰਕ ਇਸ ਤੋਂ ਪਿੱਛੇ ਹਟ ਗਏ ਹਨ (ਤਾਜ਼ਾ ਆ ਰਹੀਆਂ ਖਬਰਾਂ ਮੁਤਾਬਕ ਯੂਰਪੀ ਯੂਨੀਅਨ ਦੇ ਮੁਲਕ ਭਾਰੀ ਲੋਕ ਦਬਾਅ ਕਰਕੇ ਹੁਣ 1,20,000 ਸ਼ਰਨਾਰਥੀਆਂ ਨੂੰ ਲੈਣ ਲਈ ਸਹਿਮਤ ਹੋ ਗਏ ਹਨ ਪਰ ਨਾਲ ਹੀ ਇੱਕ ਰਿਪੋਰਟ ਹੋਰ ਵੀ ਆਈ ਕਿ ਜਿਸ ਰਫਤਾਰ ਨਾਲ ਸ਼ਰਨਾਰਥੀ ਯੂਰਪ ਵੱਲ ਨੂੰ ਕੂਚ ਕਰ ਰਹੇ ਹਨ, ਉਸ ਦਰ ਦੇ ਹਿਸਾਬ ਨਾਲ਼ ਤਾਂ 20 ਦਿਨਾਂ ਵਿੱਚ ਹੀ ਐਨੇ ਸ਼ਰਨਾਰਥੀ ਉੱਥੇ ਪਹੁੰਚ ਜਾਣਗੇ!)। ਇਸ ਸੰਕਟ ਦੀ ਸ਼ੁਰੂਆਤ ਕਰਨ ਵਾਲ਼ਿਆਂ ਵਿੱਚ ਸ਼ਾਮਲ ਅਮਰੀਕਾ ਨੇ ਵੀ ਆਵਦੀ ਦਰਿਆਦਿਲੀ ਦਿਖਾਉਂਦੇ ਹੋਏ 2016 ਵਿੱਚ 5,000-8,000 ਸੀਰੀਆਈ ਸ਼ਰਨਾਰਥੀਆਂ ਨੂੰ ਵਸਾਉਣ ਦੀ ਗੱਲ ਕੀਤੀ ਹੈ! ਮਤਲਬ ਕਿ 90 ਲੱਖ ਲੋਕਾਂ (50% ਆਬਾਦੀ) ਨੂੰ ਉਜਾੜ ਕੇ 5,000-8,000 ਨੂੰ ਪਨਾਹ ਦੇਣੀ, ਉਹ ਵੀ ਅਗਲੇ ਸਾਲ!!

ਪਿਛਲੇ 15 ਸਾਲ ਤੋਂ ਸਭ ਜੰਗਾਂ ਵਿੱਚ ਨਾਟੋ ਦਾ ਸਾਥ ਦੇਣ ਵਾਲ਼ੀਆਂ ਇੰਗਲੈਂਡ ਦੀਆਂ ਸਰਕਾਰਾਂ (ਸਮੇਤ ਲੇਬਰ ਅਤੇ ਮੌਜੂਦਾ ਕੰਜ਼ਰਵੇਟਿਵ ਸਰਕਾਰ ਦੇ) ਇਸ ਮਾਮਲੇ ਵਿੱਚ ਉਹੀ ਸੁਰ ਬੋਲ ਰਹੀਆਂ ਹਨ ਜੋ ਧੁਰ ਪਿਛਾਖੜੀ ਸੱਜੇ-ਪੱਖੀ ਪਾਰਟੀਆਂ ਦੀ ਬੋਲੀ ਰਹੀ ਹੈ। ਘਰੇਲੂ ਸਕੱਤਰ ਥੈਰੇਸਾ ਮੇਅ ਨੇ ਸ਼ਰਨਾਰਥੀਆਂ ਦੀ ਗਿਣਤੀ ਨੂੰ ਬਹੁਤ ਜ਼ਿਆਦਾ ਦੱਸਦਿਆਂ ਇਹ ਕਿਹਾ ਕਿ ਇੰਗਲੈਂਡ ਇਹਨਾਂ ਨੂੰ ਸੰਭਾਲ਼ ਨਹੀਂ ਸਕਦਾ । ਇਸੇ ਲਈ ਸਰਕਾਰ ਹੁਣ ਇਹਨਾਂ ਸ਼ਰਨਾਰਥੀਆਂ ਉੱਪਰ ਸਖਤ ਨਿਗਰਾਨੀ ਰੱਖ ਰਹੀ ਹੈ। ਉੱਤਰੀ ਫਰਾਂਸ ਵਿੱਚ ਮੌਜੂਦ ਛੋਟਾ ਜਿਹਾ ਸ਼ਹਿਰ ਕਲਾਏ ਜਿੱਥੋਂ ਪ੍ਰਵਾਸੀ ਸਫ਼ਰ ਕਰਕੇ ਇੰਗਲੈਂਡ ਪਹੁੰਚਦੇ ਹਨ, ਇਸ ਵੱਲ ਜਾਂਦੇ ਮਾਰਗ ਉੱਤੇ ਪੁਲਸ ਦਾ ਸਖਤ ਪਹਿਰਾ ਬਿਠਾ ਦਿੱਤਾ ਗਿਆ ਹੈ ਜਦਕਿ ਫਰਾਂਸੀਸੀ ਸਰਕਾਰ ਅਕਸਰ ਇੱਥੇ ਪੁਲਸ ਕਾਰਵਾਈ ਕਰਕੇ ਸ਼ਰਨਾਰਥੀਆਂ ਨੂੰ ਫੜਦੀ ਅਤੇ ਵਾਪਸ ਉਹਨਾਂ ਦੇ ਮੁਲਕਾਂ ਵਿੱਚ ਭੇਜਦੀ ਰਹਿੰਦੀ ਹੈ ਜਿੱਥੇ ਉਹ ਜਾਨ ਬਚਾਉਣ ਖਾਤਰ ਭੱਜ ਆਏ ਹੁੰਦੇ ਹਨ। ਇੰਗਲੈਂਡ ਵਿੱਚ ਜੋ ਲੋਕ ਸ਼ਰਨਾਰਥੀਆਂ ਨੂੰ ਕੰਮ 'ਤੇ ਰੱਖ ਰਹੇ ਹਨ, ਉਹਨਾਂ ਦੇ ਵਪਾਰ ਬੰਦ ਕਰਵਾਉਣ ਲਈ ਸਰਹੱਦੀ ਅਧਿਕਾਰੀਆਂ ਨੂੰ ਪਰਮਿਟ ਦੇਣ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

ਬੁਲਗਾਰੀਆ, ਸਪੇਨ, ਜਰਮਨੀ ਅਤੇ ਯੂਨਾਨ ਦੀ ਸਮਾਜਵਾਦੀ ਸਰਕਾਰ ਨੇ ਉੱਨਤ ਤਕਨੀਕ ਦੀ ਵਾੜਬੰਦੀ ਕਰ ਦਿੱਤੀ ਹੈ। ਉਂਞ 2007 ਤੋਂ ਹੀ ਜਦੋਂ ਤੋਂ ਆਰਥਿਕ ਸੰਕਟਾਂ ਦੇ ਸੰਕੇਤ ਮਿਲਣ ਲੱਗੇ ਸਨ, ਉਦੋਂ ਤੋਂ ਹੀ ਯੂਰਪੀ ਯੂਨੀਅਨ ਨੇ ਪਰਵਾਸੀਆਂ ਨੂੰ ਰੋਕਣ ਵਾਸਤੇ ਸਰਹੱਦਾਂ ਨੂੰ ਸੀਲ ਕਰਨ ਜਿਹੇ ਸਖ਼ਤ ਕਦਮ ਉਠਾਉਣੇ ਸ਼ੁਰੂ ਕਰ ਦਿੱਤੇ ਸਨ। 2007-2011 ਤੱਕ ਤਕਰੀਬਨ 1 ਅਰਬ ਡਾਲਰ ਯੂਰਪੀ ਯੂਨੀਅਨ ਨੇ ਅਜਿਹੀਆਂ ਵਾੜਬੰਦੀਆਂ ਉੱਤੇ ਖਰਚ ਕੀਤਾ ਹੈ। ਹੰਗਰੀ ਨੇ ਵੀ ਸਰਬੀਆ ਨਾਲ਼ ਲਗਦੀ ਆਵਦੀ ਸਰਹੱਦ ਸੀਲ ਕਰ ਦਿੱਤੀ ਹੈ ਤਾਂ ਜੋ ਉਸ ਰਸਤੇ ਯੂਰਪ ਵਿੱਚ ਦਾਖਲ ਹੋਣ ਵਾਲੇ ਸ਼ਰਨਾਰਥੀਆਂ ਨੂੰ ਰੋਕਿਆ ਜਾ ਸਕੇ। ਪੋਲੈਂਡ ਅਤੇ ਚੈੱਕ ਗਣਤੰਤਰ ਦੇ ਪ੍ਰਧਾਨ-ਮੰਤਰੀਆਂ ਨੇ ਸ਼ਰਨਾਰਥੀਆਂ ਨੂੰ ਯੂਰਪ ਲਈ ਸਭ ਤੋਂ ਵੱਡਾ ਖਤਰਾ ਦੱਸਦੇ ਹੋਏ ਕਿਸੇ ਵੀ ਸ਼ਰਨਾਰਥੀ ਨੂੰ ਪਨਾਹ ਦੇਣ ਤੋਂ ਸਾਫ਼ ਨਾਂਹ ਕੀਤੀ ਹੈ। ਇਹ ਵੀ ਇਤਿਹਾਸ ਦੀ ਵਿਡੰਬਨਾ ਹੀ ਕਹੀ ਜਾਵੇਗੀ ਕਿ ਜਿਹੜਾ ਸਰਮਾਏਦਾਰਾ ਜਗਤ ਅੱਜ ਤੋਂ ਤਕਰੀਬਨ 25 ਸਾਲ ਪਹਿਲਾਂ ਬਰਲਿਨ ਕੰਧ ਦੇ ਢਹਿਣ ਦੇ ਜਸ਼ਨ ਮਨਾ ਰਿਹਾ ਸੀ, ਉਹੀ ਅੱਜ ਲੋੜਵੰਦ ਸ਼ਰਨਾਰਥੀਆਂ ਨੂੰ ਡੱਕਣ ਲਈ ਕੰਧਾਂ ਉਸਾਰ ਰਿਹਾ ਹੈ।

ਪਰ ਸਰਮਾਏਦਾਰਾ ਪ੍ਰਬੰਧ ਚਾਹੇ ਜਿੰਨਾਂ ਵੀ ਟਿੱਲ ਲਾਵੇ, ਜਿੰਨਾਂ ਵੀ ਵਿਅਕਤੀਵਾਦ ਦਾ ਪ੍ਰਚਾਰ ਕਰੇ, ਪਰ ਇਹ ਮਨੁੱਖਾਂ ਦੇ ਇੱਕ ਦੂਜੇ ਪ੍ਰਤੀ ਸਹਿਜ-ਸੁਭਾਵਕ ਸਰੋਕਾਰਾਂ ਨੂੰ ਖਤਮ ਨਹੀਂ ਕਰ ਸਕਦਾ, ਕਿਉਂਕਿ ਸਭ ਮਨੁੱਖ ਇੱਕ-ਦੂਜੇ ਨਾਲ਼ ਕਿਰਤ ਜਰੀਏ ਜੁੜੇ ਹੋਣ ਕਰਕੇ ਇੱਕ-ਦੂਜੇ ਦੀ ਲੋੜ ਮਹਿਸੂਸ ਕਰਦੇ ਹਨ। ਇਸ ਮਾਮਲੇ ਵਿੱਚ ਵੀ ਜਿੱਥੇ ਇੱਕ ਪਾਸੇ ਤਾਂ ਸਰਕਾਰੀ ਰਵੱਈਆ ਸ਼ਰਨਾਰਥੀਆਂ ਨੂੰ ਦੁਰਕਾਰਨ ਵਾਲ਼ਾ ਸੀ, ਉੱਥੇ ਹੀ ਦੂਜੇ ਪਾਸੇ ਆਮ ਲੋਕਾਂ ਨੇ ਇਹਨਾਂ ਲੋੜਵੰਦਾਂ ਦਾ ਬਾਹਾਂ ਫੈਲਾ ਕੇ ਸਵਾਗਤ ਕੀਤਾ। ਜਰਮਨੀ ਦੇ ਹੀ ਕਈ ਸ਼ਹਿਰਾਂ ਵਿੱਚ ਲੋਕ ਟਨਾਂ ਦੇ ਹਿਸਾਬ ਨਾਲ਼ ਅਨਾਜ, ਕੱਪੜੇ, ਖਿਡੌਣੇ ਆਦਿ ਲੈ ਕੇ ਆਏ, ਅਧਿਆਪਕਾਂ ਨੇ ਸ਼ਰਨਾਰਥੀਆਂ ਲਈ ਭਾਸ਼ਾ-ਸਿਖਲਾਈ ਦੇ ਕੋਰਸ ਚਲਾਉਣੇ ਸ਼ੁਰੂ ਕੀਤੇ ਹਨ ਤਾਂ ਜੋ ਮੁਲਕ ਵਿੱਚ ਉਹਨਾਂ ਨੂੰ ਕੋਈ ਦਿੱਕਤ ਨਾ ਆਵੇ, ਡਾਕਟਰਾਂ ਅਤੇ ਨਰਸ ਮੁਫ਼ਤ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਸਰਕਾਰੀ ਵਤੀਰੇ ਦੇ ਉਲ਼ਟ ਲੋਕਾਂ ਦੀ ਇਹ ਪਹਿਲਕਦਮੀ ਉਸ ਵੱਡੇ ਪਾੜੇ ਵੱਲ ਇਸ਼ਾਰਾ ਕਰਦੀ ਹੈ ਜੋ ਆਮ ਲੋਕਾਂ ਅਤੇ ਹਾਕਮ ਜਮਾਤਾਂ ਦਰਮਿਆਨ ਅੱਜ ਬਣਦਾ ਜਾ ਰਿਹਾ ਹੈ। ਪਰ ਲੋੜ ਇਹਨਾਂ ਬੁਨਿਆਦੀ ਭਾਵਨਾਵਾਂ ਨੂੰ ਸਚੇਤਨ ਸਿਆਸੀ ਸੰਘਰਸ਼ ਵਿੱਚ ਤਬਦੀਲ ਕਰਨ ਦੀ ਵੀ ਹੈ, ਜੰਗਾਂ ਅਤੇ ਹੋਰ ਮਨੁੱਖਤਾ ਵਿਰੋਧੀ ਕਰਵਾਈਆਂ ਜੋ ਲੋਕਾਂ ਨੂੰ ਘਰਾਂ ਤੋਂ ਉਜਾੜਦੀਆਂ ਹਨ, ਨੂੰ ਖਤਮ ਕਰਨ ਲਈ ਇੱਕ ਨਵੇਂ ਸਮਾਜਕ ਢਾਂਚੇ ਨੂੰ ਉਸਾਰਨ ਦੀ ਹੈ, ਅਜਿਹਾ ਢਾਂਚਾ ਜਿੱਥੇ ਸਭ ਲਈ ਕੰਮ ਹੋਵੇ ਅਤੇ ਲੋਕ ਕਿਤੇ ਵੀ ਆ-ਜਾ ਸਕਣ ਲਈ ਅਜ਼ਾਦ ਹੋਣ। ਇਸ ਲਈ ਅੱਜ ਲੋੜ ਹੈ ਕਿ ਸਭ ਚੇਤੰਨ ਲੋਕ ਇਸ ਸਮਾਜ-ਬਦਲੀ ਦੇ ਪ੍ਰਜੈਕਟ ਵਿੱਚ ਹਿੱਸਾ ਬਣਨ ਅਤੇ ਸਮਾਜ ਦਾ ਭਵਿੱਖ ਆਵਦੇ ਹੱਥਾਂ ਨਾਲ਼ ਲਿਖਣ।


## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਕਰਾਮਾਤੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਐਲਾਨ ਸੁਸਾਇਟੀ ਨੂੰ ਪਹਿਲਾ ਇਨਾਮ ਮੰਜ਼ੂਰ ਮਿਲਣ ਤੱਕ ਜਾਰੀ ਰਹੇਗਾ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ.

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਸੜੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੈਦਾ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਾਰਥਨਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੌਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੌਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉੱਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੌਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਕਰਾਮਾਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਸ਼ੀ ਦਾ ਹੱਥ-ਚਿੱਤਰਾਂ ਦਾ ਮਾਹਰ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਊਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖ਼ਬਾਰਾਂ ਤੇ ਰੇਖਾਵਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ਼ ਹੋਵੇਗੀ।

### ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਭਾਵੇਂ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੀ ਜਾਵੇਗੀ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦ ਉਹ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ. 3. ਜ਼ਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ, 4. ਜੇਕਰ ਚੁਣੌਤੀ ਦੇਣ ਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਮੁਕੰਮਲ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

## ਪਿਆਰਿਉ ਰੂਹੋ



ਤੁਹਾਡੀ ਹੋਣੀ ਤੇ ਮੈਂ ਕਿਹੜੇ ਹੰਝੂ ਕੇਰਾਂ
ਕਿ ਮੇਰੇ ਮਨ ਦਾ ਭਾਰ ਲੱਥ ਜਾਵੇ
ਕਿਸ ਗ੍ਰੰਥ ਦਾ ਆਸਰਾ ਲਵਾਂ
ਕਿ 'ਭਾਣਾ ਮੰਨਣ' ਦਾ ਬਲ ਮਿਲੇ...
ਕਿਸ 'ਸੱਚੇ ਪਾਤਸ਼ਾਹ' ਨੂੰ ਬੇਨਤੀ ਕਰਾਂ
ਕਿ ਤੁਹਾਡੀ ਆਤਮਾਂ ਨੂੰ ਸ਼ਾਂਤੀ ਦੇਵੇ
ਕਿਵੇਂ ਲੁਕਾਵਾਂ
ਤੁਹਾਡੀਆਂ ਅੱਧਜਲੀਆਂ ਲੋਥਾਂ ਵਿੱਚੋਂ ਦਿਸਦਾ
ਸਮਾਜ ਦਾ ਪੂਰਾ ਸੜਿਆ ਚਿਹਰਾ
ਕਿਥੋਂ ਵੈਦ ਡਾਕਟਰ ਲੱਭਾਂ
ਜਿਹੜਾ ਗਰਕੀ ਸੋਚ ਦੀ ਦਵਾ ਬਣਾਵੇ
ਕਿਥੋਂ ਅੱਗ ਲੱਭ ਲਿਆਵਾਂ
ਜਿਹੜੀ ਮਨੂੰ ਸਮ੍ਰਿਤੀ ਨੂੰ ਰਾਖ ਕਰ ਦੇਵੇ
ਪਿਆਰੇ ਬੱਚਿਉ
ਕੋਈ ਵੀ ਸ਼ਰਧਾਂਜਲੀ
ਤੁਹਾਡੇ ਪਿੰਡੇ 'ਚੋਂ ਉੱਡੀ ਹੋਈ ਸਵਾਹ ਨਾਲ
ਸਮਾਜ ਦੇ ਧੁਆਂਖੇ ਹੋਏ ਚਿਹਰੇ ਨੂੰ
ਧੋ ਨਹੀਂ ਸਕਦੀ
ਹਾਂ, ਉਸ ਖ਼ੁਦਾ ਨੂੰ ਆਖਣਾ
ਕਿ ਅਗਲੀ ਵਾਰ ਤੁਹਾਨੂੰ
ਤੇਤੀ ਕਰੋੜ ਦੇਵਤਿਆਂ ਦੇ ਦੇਸ ਨਾਲੋਂ
ਕਿਸੇ ਇਨਸਾਨਾਂ ਦੇ ਦੇਸ ਜਨਮ ਦੇਵੇ
ਅਲਵਿਦਾ, ਮਾਫੀ

-ਗੁਰਤੇਜ ਸਿੰਘ

## ਕਾਵਿ ਦੇ ਪਾਤਰ

ਅਸੀਂ ਕੀ ਚੱਟਣੇ ਪੈਗੰਬਰ
ਸੁਰਾਂ 'ਚ ਨਮਾਜ਼ਾਂ ਪੜ੍ਹਨ ਵਾਲੇ
ਸਾਨੂੰ ਤਾਂ ਚਾਹੀਦੇ ਹਨ ਲੋਕ ...
ਹੱਕਾਂ ਲਈ ਲੜਨ ਵਾਲੇ

ਘੁੱਟ ਲੱਸੀ ਨੂੰ ਤਰਸਣ ਲੋਕ ਮੇਰੇ
ਜੇਠ ਹਾੜ ਦੇ ਸੀਹੇ ਸੜਨ ਵਾਲੇ
ਦੁੱਧ ਦਹੀਂ ਨਾਲ ਧੋਂਦੇ ਪੈਰ ਏਥੇ
ਤੀਲਾ ਤੋੜ ਕੇ ਦੂਹਰਾ ਨਾ ਕਰਨ ਵਾਲੇ

ਲੈਲਾ ਮਜਨੂੰ ਮੁਬਾਰਕ ਹੋਣ ਥੋਨੂੰ
ਜਦ ਤੀਕ ਭੁੱਖਾਂ – ਤੇਹਾਂ ਬਾਕੀ
ਬਣਨਗੇ ਸਾਡੇ ਕਾਵਿ ਦੇ ਪਾਤਰ
ਵੱਟਾਂ ਤੋਂ ਘਾਹ ਘੜ੍ਹਨ ਵਾਲੇ

ਆਪਣੀ ਗੈਰਤ ਤਕ ਵੀ ਉਹ
ਗੈਰਾਂ ਦੇ ਬਿਸਤਰ ਲਿਟਾ ਦਿੰਦੇ
ਮੋਢਿਆਂ 'ਤੇ ਬਿੱਲੇ ਲਾਉਣ ਖਾਤਿਰ
ਚਮਚੇ ਚਾਪਲੂਸੀ ਕਰਨ ਵਾਲੇ


ਮੌਤ ਨੂੰ ਸਾਹਮਣੇ ਦੇਖ ਯਾਰੋ
ਖਿੰਡ ਜਾਣ ਤਮਾਸ਼ਬੀਨ ਭੀੜਾਂ
ਹੁੰਦੇ ਗਿਣਤੀ ਦੇ ਸਿਰਲੱਥ ਯੋਧੇ
ਹੱਸ ਹੱਸ ਕੇ ਸੂਲੀਆਂ ਚੜ੍ਹਨ ਵਾਲੇ....

ਜਸਕਰਨ

## ਅੱਤਵਾਦੀਆਂ ਨੂੰ ਸੰਤਾਂ ਦਾ ਚੋਲਾ ਪਾਉਣ ਵਾਲਿਓ...

ਕਦੇ ਮੈਨੂੰ ਪੜ੍ਹ ਕੇ ਦੇਖਣਾ, ਕਦੇ ਖੋਜ ਕੇ ਦੇਖਣਾ
ਮੈਂ ਕੋਹਾਂ ਦੂਰ ਨਿਕਲ ਗਿਆ ਹਾਂ...
ਤੁਹਾਡੀਆਂ ਵੰਡੀਆਂ ਤੋਂ.....
ਤੁਹਾਡੇ ਧਰਮਾਂ, ਜਾਤਾਂ-ਪਾਤਾਂ ਦੀਆਂ ਕਾਰਗੁਜ਼ਾਰੀਆਂ ਤੋਂ
ਜੋ ਰਾਤੋ-ਰਾਤ ਮੁਲਕ ਵੰਡ ਦਿੰਦੀਆਂ...ਘਰ ਬਾਲ ਦਿੰਦੀਆਂ
ਇਨਸਾਨ ਤੋਂ ਇਨਸਾਨ ਦਾ ਕਤਲ ਕਰਵਾ ਦਿੰਦੀਆਂ....॥
ਮੈਨੂੰ ਟੋਪੀ ਪਾ ਕੇ....ਪੱਗੜੀ ਬੰਨ੍ਹ ਕੇ ਆਪਣਾ ਬਣਾਉਣ ਵਾਲਿਓ
ਕਦੇ ਉਧਰ ਵੀ ਝਾਤ ਮਾਰਿਓ...ਜਿਸ ਕਰਕੇ ਮੈਂ ਪਰਿਵਾਰ ਛੱਡ ਦਿੱਤਾ...
ਤੁਹਾਡੀ ਖਾਤਰ ਆਪਣੇ ਮਾਂ-ਬਾਪ, ਜ਼ਿੰਦਗੀ ਦਾਅ 'ਤੇ ਲਾ ਕੇ...
ਇਕ ਭਾਰਤੀ...ਇਕ ਕੌਮੀ ਯੋਧਾ...
ਇਕ ਸੂਰਵੀਰ ਵਾਂਗ ਆਜ਼ਾਦ ਹੋਇਆ
ਗੁਲਾਮ ਮੁਲਕ 'ਚ ਹੋ ਕੇ ਵੀ...ਆਜ਼ਾਦ ਵਿਚਾਰ ਲੈ ਕੇ ਘੁੰਮਿਆ....॥
ਹਰ ਵਾਰ ਮੈਂ ਹੀ ਆਵਾਂ?
ਤੁਸੀਂ ਮਰ ਗਏ ਹੋ?
ਤੁਹਾਡੇ ਦਿਮਾਗ 'ਚ ਜੋ ਘਾਹ, ਫੂਸ...ਭਰ ਦਿੱਤਾ ਗਿਆ
ਉਹੀ ਲੈ ਕੇ ਘੁੰਮਦੇ ਹੋ...
ਰਾਜਨੀਤਕ ਲੋਕਾਂ ਨੇ ਤੁਹਾਡੇ ਹੱਥ ਰੱਬ, ਧਰਮ ਦਾ ਛਣਕਣਾ ਫੜਾਇਆ ਹੈ
ਕਿੰਨਾ ਚਿਰ ਵਜ੍ਹਾ ਕੇ ਆਪਣੀ ਕਿਸਮਤ ਕੋਸਣੀ ਹੈ...?
ਅੱਗੇ ਕਿੰਨੀਆਂ ਪੀੜ੍ਹੀਆਂ ਨੂੰ ਉਹ ਛਣਕਣਾ ਦੇ ਕੇ ਜਾਣਾ ਹੈ...?
ਫੋਟੋ ਲਗਾਕੇ ਘੁੰਮਣ ਵਾਲਿਓ...
ਕਦੇ ਮੇਰੀ ਕਿਤਾਬ ਵੀ ਚੱਕ ਲੈਣਾ...
"ਇਨਕਲਾਬ ਦੀ ਤਲਵਾਰ ਵਿਚਾਰਾਂ ਦੀ
ਸਾਣ ਤੇ ਤਿੱਖੀ ਹੁੰਦੀ ਹੈ"
ਆਜ਼ਾਦੀ ਪਾਉਣ ਲਈ ਮਾਨਸਿਕਤਾ ਆਜ਼ਾਦ ਹੋਣੀ
ਜ਼ਰੂਰੀ ਹੈ...।
ਕੋਈ ਪੁੱਛਾਂ ਕੱਢਣ ਵਾਲਾ...ਮੰਤਰ ਪੜ੍ਹ ਕੇ
ਮੁੱਠੀ ਵਿਚ ਆਜ਼ਾਦੀ ਨੀ ਫੜਾ ਦਿੰਦਾ ...
ਆਪਣੇ ਅੰਦਰ ਝਾਤੀ ਮਾਰੋ...
ਪਰਦੇ ਲਾਅ ਦਿਓ ਵਹਿਮਾਂ ਦੇ...
ਸੋਚ ਬਦਲੋ, ਇਨਸਾਨ ਬਣੋ ਤੇ ਰਾਜਨੀਤੀ ਦੀਆਂ
ਚਾਲਾਂ ਸਮਝੋ....
ਹਥਿਆਰ ਤਾਂ ਕਦੇ ਕਦਾਈਂ ਵਰਤੇ ਜਾਣ ਵਾਲੇ
ਸਾਧਨ ਨੇ
ਜ਼ਿੰਦਗੀ 'ਚ ਅਸੂਲ ਜ਼ਰੂਰੀ ਨੇ...।
ਵਿਚਾਰ ਚਰਚਾ ਹੀ ਜ਼ਿੰਦਗੀ ਵਿਚ
ਸੁਧਾਰ ਲਿਆ ਸਕਦੀ ਹੈ
ਫੁਕਰਪੁਣੇ ਨੂੰ ਮਨ ਤੋਂ ਲਾਅ ਕੇ...
ਕਦੇ ਆਉਣ ਵਾਲੇ ਅਤੇ ਚੱਲ ਰਹੇ ਵਖਤ ਦੀ
ਪੜਤਾਲ ਜ਼ਰੂਰ ਕਰਨਾ...

-ਐਮੀ ਕਾਫ਼ਿਰ


Gill Appliances & Heating Services
Residential, Commercial Service and Installation
24 Hour Service
Call: Surinder Gill
905.460.5544

***Repair and Install duct, heating, humidifier, air conditioner, water heater, dish washer, dryer, stove, fridge***



Century 21
Green Realty Inc.
Call For
Residential, Commercial, & Investment

For all your Real Estate needs
Amolak Dhindsa
Sales Representative
416-721-2576

## ਗੁਰੂ ਨਾਨਕ ਤੇ - ਅੱਜ

ਕਿਰਤ ਕਰੋ ਤੇ ਆਪੋ 'ਚ ਵੰਡ ਖਾਓ,
ਸਾਰੀ ਧਰਤ ਦੇ ਉਤੇ ਪ੍ਰਚਾਰਿਆ ਸੀ।

ਭੱਜਾ ਆਇਓਂ ਮਰਦਾਨੇ ਦੀ ਰੱਖਿਆ ਨੂੰ,
ਸੱਚੇ ਇਸ਼ਕ ਦਾ ਸਿਲਾ ਤੂੰ ਤਾਰਿਆ ਸੀ।

ਜਿਹੜਾ ਕਰੇ ਸੇਵਾ ਉਹੀ ਖਾਵੇ ਮੇਵਾ,
ਦੇਵੀ ਹੱਕਾਂ ਨੂੰ ਤੂੰ ਲਲਕਾਰਿਆ ਸੀ।

ਰਾਜੇ ਅਫ਼ਸਰਾਂ ਤੋਂ ਕਦੇ ਭਲਾ ਨਾ ਹੀ,
ਫਿਰਕੂ ਧਰਮ ਦਾ ਨਸ਼ਾ ਉਤਾਰਿਆ ਸੀ।

ਅੱਜ
ਮਜ਼ਬੀ ਕਾਂਗ ਦੇ ਹੜ੍ਹਾਂ ਦੇ ਵਾਂਗ ਆਈ,
ਸੱਚੇ ਧਰਮ ਨੂੰ ਜੀਹਨੇ ਹੈ ਰੋੜ੍ਹ ਦਿੱਤਾ।

ਮੁਸਲਿਮ, ਹਿੰਦੂ ਦੀ ਪਿਆਰ-ਗਰਵਕੜੀ ਨੂੰ,
ਸਾਮਰਾਜ ਨੇ ਫੁੱਟ ਪਾ, ਤੋੜ ਦਿੱਤਾ।

ਏਨੇ ਵਧੇ ਨੇ ਭੂਮੀਏ, ਮਾਲਕ, ਸੱਜਣ,
ਤੈਥੋਂ ਇਨ੍ਹਾਂ ਦੀ ਗਿਣਤੀ ਨ੍ਹੀਂ ਕਰੀ ਜਾਣੀ।

ਰਾਖੀ ਲਾਲੋ, ਮਰਦਾਨੇ ਦੀ ਕਰੇਂਗਾ ਕੀ,
ਆਪਣੀ ਮਾਲਾ ਦੀ ਰਾਖੀ ਨ੍ਹੀਂ ਕਰੀ ਜਾਣੀ।

ਜੇ ਤੂੰ ਕਰੇਂ ਸੰਗੀਤ ਦਾ ਪਾ ਜਾਦੂ,
ਜਿੱਤ ਲਏਂਗਾ ਤਿੱਖੇ, ਪਾਖੰਡੀਆਂ ਨੂੰ।

ਮਿਲਖਾਂ ਵਾਲੜੇ ਇਸੇ ਸੰਗੀਤ ਅੱਗੇ,
ਸ਼ਾਮੀਂ ਰੋਜ਼ ਨਚਾਂਵਦੇ ਰੰਡੀਆਂ ਨੂੰ।

ਇਥੇ ਕਲਾ ਤੇ ਕਿਰਤ ਦੀ ਪਏ ਲੋਟੀ,
ਬਾਣੀ ਸੁਣਨ ਤੋਂ ਲੋਕਾਂ ਜਵਾਬ ਦੇਣੈਂ।

ਤੂੰ ਵੀ ਮਹਿੰਗ ਦੀ ਤੰਗੀ ਤੋਂ ਤੰਗ ਆ ਕੇ,
ਰੋਟੀ ਲਈ ਅੱਜ ਵੇਚ ਰਬਾਬ ਦੇਣੈਂ।

ਸਾਦਾ ਯੁੱਗ ਤੇਰਾ, ਗੁੰਝਲਦਾਰ ਸਾਡਾ,
ਨਿਰਾ ਸਰਨਾ ਨ੍ਹੀਂ ਸਤਿ ਕਰਤਾਰ ਕਹਿ ਕੇ।

ਜੇਕਰ ਫੇਰ ਤੂੰ ਆਪਣਾ ਏ ਜੱਗ ਉੱਤਮੇ,
ਤਾਂ ਫਿਰ ਆਈਂ ਹੁਣ ਕੋਲ ਤਲਵਾਰ ਲੈ ਕੇ।

ਕਾਜ਼ੀ, ਪਾਦਰੀ, ਭਿਖਸ਼ੂ, ਭਾਈ, ਜੈਨੀ,
ਸੱਚੇ ਧਰਮ ਉੱਤੇ ਕਰੀ ਚੋਟ ਬਾਬਾ।

ਵੇਖ! ਅੱਜ ਕਿੰਨੇ ਇੱਜੜ ਵਿਹਲੜਾਂ ਦੇ,
ਤੇਰੇ ਲਾਲੋ ਦੇ ਚਰ ਗਏ ਮੋਠ ਬਾਬਾ।

ਕੀਹਨੂੰ ਕੀਹਨੂੰ ਸੁਧਾਰੇਂਗਾ ਦੱਸ ਆ ਕੇ,
ਲੰਮੇ ਪੈਂਡੇ ਨੇ ਤੈਨੂੰ ਘੁਰਕਾ ਦੇਣੈਂ।

ਹੋਕਾ ਸੱਚ ਦਾ ਦਿੱਤਾ, ਤੇ ਪੁਲਿਸ ਹੱਥੋਂ,
'ਨਕਸਲਵਾੜੀਆ' ਕਹਿ ਕੇ ਮਰਵਾ ਦੇਣੈਂ।

ਨਰਕ ਸੁਰਗ ਦੇ ਨਾਅਰੇ 'ਤੇ ਲੁੱਟਦੇ ਨੇ,
ਤੇਰੇ ਨਾਂ ਚੜ੍ਹਾਵੇ ਵੀ ਵੰਡਦੇ ਨੇ।

ਪਰ ਤੇਰੇ ਵਾਂਗ ਜੁ ਸੱਚ ਦਾ ਦਏ ਹੋਕਾ,
ਉਹਨੂੰ ਨਾਸਤਿਕ ਆਖ ਕੇ ਭੰਡਦੇ ਨੇ।

ਤੇਰੇ ਨਾਂ ਥੱਲੇ ਲੱਖਾਂ ਜ਼ੁਲਮ ਹੁੰਦੇ,
ਡੰਕੇ ਚੋਟ ਲਾ ਕੇ ਤੈਨੂੰ ਕਹਾਂਗਾ ਮੈਂ।

ਜੇ ਤੂੰ ਰੀਝੇਂਗਾ ਐਵੇਂ ਅਡੰਬਰਾਂ 'ਤੇ,
ਬਾਗ਼ੀ ਤੇਰੀ ਖ਼ੁਦਾਈ ਤੋਂ ਰਹਾਂਗਾ ਮੈਂ।

ਨਿਰਾ ਝੂਠ ਨਹੀਂ ਇਥੇ ਕੁਝ ਸੱਚ ਵੀ ਏ,
ਜਾਈਂ ਝੂਠ ਤੋਂ ਨਾ ਘਬਰਾ ਬਾਬਾ।

ਜਿਹੜੇ ਜੂਝਦੇ ਲਾਲੋ ਹਨ ਸੱਚ ਖ਼ਾਤਰ,
ਤੈਨੂੰ ਹੱਥਾਂ 'ਤੇ ਲੈਣਗੇ ਚਾਅ ਬਾਬਾ।

ਤੰਗ ਆਏ ਮਜ਼ਦੂਰ ਨੇ ਲੋਟੂਆਂ ਤੋਂ,
ਤੇਰੇ ਵਰਗੇ ਦੀ ਅਗਵਾਈ ਉਡੀਕਦੇ ਨੇ।

ਜੇਰਾ ਕੱਢੀਂ 'ਉਦਾਸੀ' ਤੂੰ ਪੰਜਵੀਂ ਨੂੰ,
ਤੈਨੂੰ ਲਾਲੋ ਦੇ ਭਾਈ ਉਡੀਕਦੇ ਨੇ।

**- ਸੰਤ ਰਾਮ ਉਦਾਸੀ**

## ਪੰਜਾਬ

ਘਟਨਾਵਾਂ, ਖ਼ਬਰਾਂ ਨਹੀਂ ਸਗੋਂ
ਯੁੱਗ ਬਣ ਉੱਭਰੀਆਂ
ਜ਼ਖਮ ਮੇਰੇ ਪੰਜਾਬ ਦੇ...
ਜਦ ਖ਼ਬਰਾਂ ਨਾਲ ਨੱਥੀ ਆਏ...
ਤਿੱਤਲੀਆਂ ਵੇਲਿਆਂ ਦੀਆਂ ਮੁਰਝਾਈਆਂ
ਹੰਝੂ ਸਬਰੀ ਫੁੱਲਾਂ ਦੇ ਅੱਖੀ ਆਏ...
ਇਹ ਤਾਂ ਨਹੀਂ ਸੀ ਤਸੱਵਰ 'ਚ
ਉਲਝਨਾਂ ਧਰਮਾਂ ਦੀਆਂ,
ਉਹ ਮਿਲਣ ਆਏ ਤਾਂ ਬੋਝੇ 'ਚ
ਨਫ਼ਰਤ ਵੀ ਰੱਖੀ ਆਏ...
ਜੋ ਦਹਿਲੀਜ਼ ਟੱਪਣੋ ਡਰਦੇ ਸੀ
ਉਹ ਬੇਖ਼ੌਫ਼ ਹੋ, ਬਿਨ ਪੁੱਛੇ
ਦਰਵਾਜ਼ਾ ਟੱਪੀ ਆਏ...
ਜਿਨ੍ਹਾਂ ਜ਼ਿੰਮੇਵਾਰੀ ਦੀ ਕਸਮ ਖਾਈ
ਉਨ੍ਹਾਂ ਦੇ ਗੁਨਾਹਗਾਰਾਂ ਨਾਲ
ਗਵਾਹ ਵੀ ਸਾਰੇ ਗੱਪੀ ਆਏ...
ਵਕਾਲਤ ਸਮਿਆਂ ਦੀ
ਅਣਹੋਣੀਆਂ ਦੀ ਗਵਾਹੀ ਨਾ ਮੰਨੇ
ਅਰਥ ਸ਼ੋਰਾਂ ਨਾਲ ਭਾਵੇਂ ਨੱਪੀ ਆਏ...
ਇਹ ਘਾਟਾ ਯੁੱਗਾਂ ਤੱਕ ਚੱਲੂ
ਜੋ ਕਰ ਬੈਠੇ ਅੜੀ ਤੁਸੀਂ
ਸੁੱਤੇ ਉੱਠ ਉੱਠ ਲੱਭੋਗੇ
ਜੋ ਅਮਨਾਂ ਅਤੇ ਸਬਰਾਂ ਦੀ
ਗੱਲ ਕਵੀ ਬੋਰਡਾਂ ਤੇ ਥੱਪੀ ਆਏ...

**ਜੱਗੀ ਬਰਾੜ ਸਮਾਲਸਰ**

## ਦੁਸ਼ਹਿਰਾ

ਵਹਿਮਾਂ, ਰਸਮਾਂ ਤੋਂ ਬਚੋ! ਹੱਥੀਂ ਤੀਲੀਆਂ ਨੂੰ ਚੁੱਕੋ,
ਏਸ ਯੁੱਗ ਦਿਆਂ ਰਾਵਾਂ ਦੀ ਹਿੱਕ ਸਾੜੀਏ।

ਐਵੇਂ ਕਾਗਜ਼ਾਂ ਦੇ ਰਾਵਾਂ ਨੂੰ ਸੜ ਕੀ ਬਣੇ।
ਤੀਰ ਤੀਲਾਂ ਦੇ ਕਮਾਨ ਵਿਚ ਚਾੜ੍ਹ ਕੀ ਬਣੇ।
ਕੋਈ ਉਠੇ ਹਨੂਮਾਨ, ਕਰੇ ਯੁੱਧ ਦਾ ਐਲਾਨ।
ਮੂਹਰੇ ਆਉਣ ਵਾਲੇ ਸਾਗਰਾਂ ਦੀ ਹਿੱਕ ਪਾੜੀਏ।
ਏਸ ਯੁੱਗ ਦਿਆਂ ਰਾਵਣਾਂ ਦੀ ਹਿੱਤ ਸਾੜੀਏ।

ਅੱਜ ਸੈਂਕੜੇ ਹੀ ਰਾਖਸ਼ਾਂ ਦੀ ਧਾੜ ਆ ਗਈ।
ਅੱਗ ਬਰਛੀ ਦੀ ਜਾਤੀਆਂ ਨੂੰ ਸਾੜ ਆ ਗਈ।
ਅੱਜ ਮੇਘਨਾਥ ਹੱਸੇ, ਕੁੰਭਕਰਨ ਵੀ ਵੱਸੇ।
ਕਿਉਂ ਨਾ ਜਿਉਂਦਿਆਂ ਦੇ ਧੌਲਰਾਂ 'ਚ ਤੀਰ ਮਾਰੀਏ।
ਏਸ ਯੁੱਗ ਦਿਆਂ ਰਾਵਾਂ ਦੀ ਹਿੱਕ ਸਾੜੀਏ।

ਫੇਰ 'ਭੀਲਣੀ' ਤੇ 'ਰਾਮ' ਦਾ ਪਿਆਰ ਨਾ ਮੁੜੇ।
ਵਾਂਗ 'ਬਾਨਰਾਂ' ਦੇ ਕਿਰਤੀ ਕਿਸਾਨ ਜੇ ਜੁੜੇ।
ਮੁਕ ਜਾਣ 'ਬਣਵਾਸ', 'ਸੀਤਾ' ਰਹੇ ਨਾ 'ਉਦਾਸ',
ਅਸੀਂ ਵਰਾਂ ਦੇ ਸਰਾਪਾਂ ਦਾ ਅਹਿਦ ਪਾੜੀਏ।
ਏਸ ਯੁੱਗ ਦਿਆਂ ਰਾਵਣਾਂ ਦੀ ਹਿੱਤ ਸਾੜੀਏ।

**- ਸੰਤ ਰਾਮ ਉਦਾਸੀ**

## ਖੰਡਨ

ਮੂਰਤੀ ਪੂਜਾ ਦਾ ਬਾਬੇ ਸੀ ਖੰਡਨ ਕੀਤਾ,
ਅਸੀਂ ਉਸੇ ਦੀਆ ਮੂਰਤਾਂ ਲਾਈ ਜਾਂਦੇ ਹਾਂ।
ਟੰਗ ਉਸਦੀ ਮੂਰਤ ਨੂੰ ਕੰਧ ਉੱਤੇ,
ਰੱਖ ਧੂਫ-ਬੱਤੀ ਅੱਗੇ ਜਗਾਈ ਜਾਂਦੇ ਹਾਂ।
ਉਸ ਸਾਨੂੰ ਸਮਝਾਇਆ ਇਹ ਕਹਿਕੇ,
ਸੋ ਕਿਉਂ ਮੰਦਾ ਆਖੀਐ,ਜਿਤ ਜੰਮੇ ਰਾਜਾਨ।
ਧੀਆਂ ਆਪਣੀਆ ਦਾ ਜੰਮਣ ਤੋਂ ਪਹਿਲਾ,
ਕਰਦੇ ਆਪਣੇ ਹੱਥੀਂ ਹਾਂ ਕੰਮ ਤਮਾਮ।
ਰੁੱਖੀ ਸੁੱਖੀ ਖਾਕੇ ਭਾਈ ਲਾਲੋ ਦੀ,
ਸੱਚੀ ਕਿਰਤ ਦਾ ਪਾਠ ਪੜ੍ਹਾਂ ਦਿੱਤਾ।
ਚਮਚੀ ਮਾਰੀਏ ਮਲਕ ਭਾਗੋਆਂ ਦੀ,
ਕਿਹਾ ਉਸਦਾ ਦਿਲੋਂ ਭੁਲਾ ਦਿੱਤਾ।
ਛੱਡ ਕੇ ਪਾਸੇ ਆਪਣੇ ਹੀ ਪੁੱਤਰਾਂ ਨੂੰ,
ਲਹਿਣੇ ਤਾਂਈਂ ਗੱਦੀ ਸੀ ਦੇ ਦਿੱਤੀ।
ਮੇਰਾ ਪੁੱਤਰ ਹੀ ਬੈਠੇ ਗੱਦੀ ਉੱਤੇ ,
ਖਚਰੀ ਕਰਦੇ ਹਾਂ ਐਸੀ ਰਾਜਨੀਤੀ ।
ਜ਼ੁਲਮੀ ਬਾਬਰ ਨੂੰ ਜ਼ਾਬਰ ਉਸ ਆਖਿਆ ਸੀ,
ਅਸੀਂ ਜ਼ਾਲਮਾਂ ਅੱਗੇ ਸੀਸ ਝੁਕਾਈ ਜਾਂਦੇ ਹਾਂ।
ਜਿਹੜੇ ਹੈਗੇ ਨੇ ਪੁਰਖ ਕਮਜੋਰ ਸਾਥੋਂ,
ਛਿੱਤਰ ਉਨ੍ਹਾਂ ਵਿਚਾਰਿਆਂ ਤੇ ਵਾਹੀ ਜਾਂਦੇ ਹਾਂ।
ਮੂਰਤੀ ਪੂਜਾ ਦਾ ਬਾਬੇ ਸੀ ਖੰਡਨ ਕੀਤਾ,
ਅਸੀਂ ਉਸੇ ਦੀਆ ਮੂਰਤਾਂ ਲਾਈ ਜਾਂਦੇ ਹਾਂ।
ਅਖੇ ਜੇ ਮੂਰਤਾਂ ਨਾਂ ਲਾਈਆਂ ,
ਤਾਂ ਕਿੱਦਾਂ ਦਰਸ਼ਨ ਪਾਵਾਂਗੇ ।
ਜੇ ਕਰਾਂਗੇ ਦਰਸ਼ਨ ਉਨ੍ਹਾਂ ਦੇ,
ਤਾਂ ਹੀ ਦਿਲ ਚ ਵਸਾਵਾਂਗੇ
ਕਲਪਿਤ ਮੂਰਤਾਂ ਵਿੱਚੋਂ,
ਕਿੱਦਾਂ ਹੋਣਗੇ ਦਰਸ਼ਨ ਬਾਬੇ ਦੇ,
ਵਿਚਾਰ ਬਾਬੇ ਦੇ ਸਮਝ ਲਓ,
ਤਾਂ ਹੋਣਗੇ ਦਰਸ਼ਨ ਬਾਬੇ ਦੇ ।

**ਹਰਜੀਤ ਬੇਦੀ**
647-924-9087

## ਇਲਮ ਬੜੀ ਦੌਲਤ ਹੈ




ਇਲਮ ਬੜੀ ਦੌਲਤ ਹੈ।
ਤੂ ਭੀ ਸਕੂਲ ਖੋਲ੍ਹ।
ਇਲਮ ਪੜ੍ਹਾ।
ਫੀਸ ਲਗਾ।
ਦੌਲਤ ਕਮਾ।
ਫੀਸ ਹੀ ਫੀਸ।
ਬੱਸ ਕੇ ਤੀਸ।
ਯੂਨੀਫਾਰਮ ਕੇ ਚਾਲੀਸ।
ਖੇਲੋ ਕੇ ਅਲੱਗ
ਵੈਰਾਇਟੀ ਪ੍ਰੋਗਰਾਮ ਕੇ ਅਲੱਗ।
ਪਿਕਨਿਕ ਕੇ ਅਲੱਗ।
ਲੋਗੋਂ ਕੇ ਚੀਖਨੇ ਪਰ ਨਾ ਜਾ।
ਦੌਲਤ ਕਮਾ।
ਕਮਾਏ ਜਾ, ਕਮਾਏ ਜਾ।
ਅੜੀ ਤੋ ਤੂੰ ਜਵਾਨ ਹੈ।
ਯਹ ਸਿਲਸਿਲਾ ਜਾਰੀ ਹੈ।
ਜਬ ਤੱਕ ਗੰਗਾ ਯਮੁਨਾ ਹੈ।
ਪੜ੍ਹਾਈ ਬੜੀ ਅੱਛੀ ਹੈ, ਪੜ੍ਹ।
ਬਹੀਖਾਤਾ ਪੜ੍ਹ।
ਟੈਲੀਫੋਨ ਡਾਇਰੈਕਟਰੀ ਪੜ੍ਹ।
ਬੈਂਕ ਅਸੈਸਮੈਂਟ ਪੜ੍ਹ।
ਜ਼ਰੂਰਤੇ ਰਿਸ਼ਤਾ ਕੇ ਇਸ਼ਤਿਹਾਰ ਪੜ੍ਹ।
ਔਰ ਕੁਛ ਮਤ ਪੜ੍ਹ।
ਮੀਰ ਔਰ ਗਾਲਬ ਮਤ ਪੜ੍ਹ।
ਇਕਲਾਬ ਔਰ ਫੈਜ਼ ਮਤ ਪੜ੍ਹ।
ਵਰਨਾ ਤੇਰਾ ਬੇੜਾ ਪਾਰ ਨਾ ਹੋਗਾ।
ਔਰ ਹਮ ਮੇਂ ਸੇ ਕੋਈ।
ਨਤਾਇਜ ਕਾ ਜ਼ਿੰਮੇਦਾਰ ਹੋਗਾ।
ਇਬਨੇ ਇੰਸਾ
ਪਾਕਿਸਤਾਨੀ ਕਵੀ


For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**"Sarokaran Di Awaz" Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com



## ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਸਿੰਘ ਕੈਲਗਰੀ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ

ਹਰਨੇਕ ਧਾਲੀਵਾਲ, ਵਿੰਨੀਪੈਗ ਮਾਨੀਟੋਬਾ
204-488-6960
ਗੁਰਬਚਨ ਸਿੰਘ ਬਰਾੜ
403-470-2628
ਡਾ. ਹਰਦੀਪ ਸਿੰਘ, ਗੁਐਲਫ਼
+1-226 979 5688
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

# ਆਓ ਮਨਾਂ ਅੰਦਰ ਰੌਸ਼ਨੀ ਦਾ ਅਹਿਦ ਕਰੀਏ



ਗੁਰਚਰਨ ਨੂਰਪੁਰ

ਦੀਵਾਲੀ? ਸ਼ਬਦ ਦਾ ਅਰਥ ਦੀਵਿਆਂ ਦੀ ਮਾਲਾ ਤੋਂ ਹੈ। ਦੀਵੇ ਚਾਨਣ ਦਾ ਪ੍ਰਤੀਕ ਹਨ। ਸਦੀਆਂ ਤੋਂ ਦੀਵਿਆਂ ਦੀ ਲੋਅ ਹਨੇਰੀਆਂ ਰਾਤਾਂ ਵਿਚ ਮਨੁੱਖਤਾ ਦਾ ਰਾਹ ਰੁਸ਼ਨਾਉਣ ਦੀ ਪ੍ਰਤੀਕ ਰਹੀ ਹੈ। ਪੁਰਾਣੇ ਸਮੇਂ ਦੌਰਾਨ ਕਾਲੀਆਂ ਹਨ੍ਹੇਰੀਆਂ ਰਾਤਾਂ ਦੇ ਭਟਕੇ ਰਾਹੀ ਦੂਰ ਬਲਦੇ ਦੀਵੇ ਨੂੰ ਵੇਖ ਕੇ ਆਸ ਦੀ ਕਿਰਨ ਲੈ ਕੇ ਉਹਦੇ ਵੱਲ ਰੁਖ਼ ਕਰ ਲੈਂਦੇ ਸਨ। ਸਮਝਿਆ ਜਾਂਦਾ ਸੀ ਕਿ ਜਿੱਥੇ ਦੀਵਾ ਬਲ ਰਿਹਾ ਹੈ, ਉੱਥੇ ਸ਼ਾਇਦ ਜ਼ਰੂਰ ਕੋਈ ਓਟ ਆਸਰਾ ਮਿਲ ਜਾਵੇ। ਦੀਵੇ ਹਮੇਸ਼ਾ ਸਾਡੇ ਰਾਹ-ਦਸੇਰੇ ਰਹੇ ਹਨ। ਇਤਿਹਾਸ ਗਵਾਹ ਹੈ ਕਿ ਜਦੋਂ ਕਿਤੇ ਦੁਨੀਆ ਵਿਚ ਹਨ੍ਹੇਰਗਰਦੀ ਦਾ ਗਲਬਾ ਪਿਆ ਤਾਂ ਚਾਨਣ ਦੇ ਪ੍ਰਤੀਕ, ਮੁੱਠੀ ਭਰ ਲੋਕਾਂ ਨੇ ਹੀ ਹਨ੍ਹੇਰੇ ਖਿਲਾਫ਼ ਆਵਾਜ਼ ਉਠਾਈ ਤੇ ਫਿਰ ਉਨ੍ਹਾਂ ਦੇ ਮਗਰ ਲੋਕਾਂ ਦੇ ਵੱਡੇ ਕਾਫ਼ਲੇ ਬਣੇ।

ਪਿਛਲੇ 30 ਕੁ ਸਾਲਾਂ ਦੇ ਅਰਸੇ ਤੋਂ ਸਾਡਾ ਆਲਾ-ਦੁਆਲਾ ਬੜੀ ਤੇਜ਼ੀ ਨਾਲ ਬਦਲਿਆ ਹੈ। ਦੁਨੀਆ ਦੇ ਇਤਿਹਾਸ ਵਿਚ ਇੰਨੇ ਥੋੜ੍ਹੇ ਅਰਸੇ ਵਿਚ ਇੰਨੀ ਵੱਡੀ ਤਬਦੀਲੀ ਪਹਿਲਾਂ ਕਦੇ ਨਹੀਂ ਵਾਪਰੀ। ਤੇਜ਼ੀ ਨਾਲ ਬਦਲੀਆਂ ਪ੍ਰਸਥਿਤੀਆਂ ਨੇ ਜਿਥੇ ਸਮਾਜ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ, ਉਥੇ ਸਾਡਾ ਰਹਿਣ-ਸਹਿਣ, ਰੀਤੀ-ਰਿਵਾਜ, ਤਿਉਹਾਰਾਂ ਨੂੰ ਮਨਾਉਣ ਅਤੇ ਹੋਰ ਖੁਸ਼ੀਆਂ ਸਾਂਝੀਆਂ ਕਰਨ ਦੇ ਤੌਰ-ਤਰੀਕਿਆਂ ਵਿਚ ਵੱਡੇ ਬਦਲਾਅ ਆਏ ਹਨ। ਮਸ਼ੀਨੀਕਰਨ ਅਤੇ ਟੈਕਨਾਲੋਜੀ ਦੇ ਵਿਕਾਸ ਦਾ ਮਨੁੱਖੀ ਸੱਭਿਅਤਾ ਲਈ ਸਭ ਤੋਂ ਨਾਕਾਰਤਮਿਕ ਪੱਖ ਇਹ ਹੈ ਕਿ ਇਸ ਨੇ ਮਨੁੱਖੀ ਸਾਝਾਂ ਨੂੰ ਤਾਰੋ-ਤਾਰ ਕਰਕੇ ਰੱਖ ਦਿੱਤਾ ਹੈ। ਸਾਡੇ ਹਰ ਤਰ੍ਹਾਂ ਦੇ ਰਸਮਾਂ-ਰਿਵਾਜਾਂ ਅਤੇ ਤਿਉਹਾਰਾਂ 'ਤੇ ਬਾਜ਼ਾਰ ਭਾਰੂ ਹੋ ਗਿਆ ਹੈ। ਜਾਂ ਕਹਿ ਲਈਏ ਕਿ ਵਪਾਰੀ ਦਿਮਾਗਾਂ ਨੇ ਸਾਡੇ ਸਾਹਵੇਂ ਅਜਿਹੀਆਂ ਵਸਤਾਂ ਦੇ ਅੰਬਾਰ ਲਾ ਦਿੱਤੇ ਹਨ, ਜਿਨ੍ਹਾਂ ਦੀ ਫੋਕੀ ਚਮਕ-ਦਮਕ ਵਿਚ ਅਸੀਂ ਆਪਣੀਆਂ ਕਈ ਚੰਗੀਆਂ ਪਰੰਪਰਾਵਾਂ ਨੂੰ ਵੀ ਤਿਲਾਂਜਲੀ ਦੇ ਰਹੇ ਹਾਂ। ਇਹ ਸਾਰਾ ਵਰਤਾਰਾ ਇੰਨੀ ਤੇਜ਼ੀ ਨਾਲ ਵਾਪਰਨਾ ਸ਼ੁਰੂ ਹੋ ਗਿਆ ਹੈ ਕਿ ਸਾਨੂੰ ਸੁਚੇਤ ਹੋਣ ਦਾ ਵੀ ਮੌਕਾ ਨਹੀਂ ਮਿਲ ਰਿਹਾ। ਅਸੀਂ ਜਿਵੇਂ ਵਸਤਾਂ ਦੇ ਬਾਜ਼ਾਰ ਵਿਚ ਗਵਾਚ ਜਿਹੇ ਗਏ ਹਾਂ, ਸੰਮੋਹਿਤ ਹੋ ਗਏ ਹਾਂ।

ਅਸੀਂ ਦੀਵਾਲੀ ਨੂੰ ਦੀਪਾਂਵਾਲੀ ਜਾਂ ਦੀਵਿਆਂ ਦਾ ਤਿਉਹਾਰ ਆਖਦੇ ਹਾਂ ਪਰ ਇਸ ਦਿਨ ਨਾਲ ਕਈ ਅਜਿਹੀਆਂ ਭੈੜੀਆਂ ਰਸਮਾਂ ਵੀ ਜੋੜ ਲਈਆਂ ਜਿਨ੍ਹਾਂ ਨਾਲ ਅਸੀਂ ਹਵਾ, ਪਾਣੀ, ਮਿੱਟੀ ਦੇ ਨੁਕਸਾਨ ਦੇ ਨਾਲ ਪੈਸੇ ਦੀ ਵੱਡੀ ਪੱਧਰ 'ਤੇ ਬਰਬਾਦੀ ਕਰਨ ਲੱਗ ਪਏ ਹਾਂ। ਦੀਵਾਲੀ, ਵਿਆਹਾਂ, ਗੁਰਪੁਰਬਾਂ, ਪ੍ਰਭਾਤ ਫੇਰੀਆਂ, ਜਗਰਾਤਿਆਂ ਅਤੇ ਹੋਰ ਤਿਉਹਾਰਾਂ 'ਤੇ ਫੋਕੀ ਵਿਖਾਵੇਬਾਜ਼ੀ ਦੇ ਨਾਲ ਆਤਿਸ਼ਬਾਜ਼ੀ ਚਲਾਉਣੀ ਸਾਡੀ ਸੰਸਕ੍ਰਿਤੀ ਦਾ ਹਿੱਸਾ ਨਹੀਂ ਹੈ। ਅੱਜ ਤੋਂ ਸੈਂਕੜੇ ਸਾਲ ਪਹਿਲਾਂ ਜਦੋਂ ਸ੍ਰੀ ਰਾਮ ਚੰਦਰ ਅਯੁੱਧਿਆ ਵਾਪਸ ਪਰਤੇ ਸਨ ਤਾਂ ਉਦੋਂ ਦੀਪਮਾਲਾ ਜ਼ਰੂਰ ਹੋਈ ਹੋਵੇਗੀ, ਪਰ ਕਿਸੇ ਨੇ ਪਟਾਕੇ ਨਹੀਂ ਚਲਾਏ ਸਨ, ਨਾ ਹੀ ਉਸ ਸਮੇਂ ਬਾਰੂਦ, ਪੋਟਾਸ਼ ਦਾ ਕਿਸੇ ਨੂੰ ਪਤਾ ਸੀ। ਬਾਰੂਦ ਦੀ ਕਾਢ ਤਾਂ 14ਵੀਂ ਸਦੀ ਦੇ ਆਸ-ਪਾਸ ਨਿਕਲੀ, ਉਸ ਵੇਲੇ ਵੀ ਪੱਛਮੀ ਮੁਲਕਾਂ ਵਿਚ ਇਹਦਾ ਪ੍ਰਯੋਗ ਸਰਦੀ ਵਿਚ ਰਾਤ ਵੇਲੇ ਜੰਗਲੀ ਜਾਨਵਰਾਂ ਤੋਂ ਬਚਾਅ ਲਈ ਕੀਤਾ ਜਾਂਦਾ ਸੀ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ 'ਚੋਂ ਬਾਈਧਾਰ ਦੇ ਰਾਜਿਆਂ ਨਾਲ ਰਿਹਾਅ ਹੋ ਕੇ ਅੰਮ੍ਰਿਤਸਰ ਪਹੁੰਚੇ ਤਾਂ ਉਸ ਸਮੇਂ ਵੀ ਦੀਵੇ ਜਗਾ ਕੇ ਸਿਰਫ ਦੀਪਮਾਲਾ ਹੀ ਕੀਤੀ ਗਈ।

ਦੀਵਾਲੀ ਪਟਾਕਿਆਂ ਦਾ ਨਹੀਂ, ਬਲਕਿ ਦੀਵਿਆਂ ਦਾ ਤਿਉਹਾਰ ਹੈ, ਰੌਸ਼ਨੀਆਂ ਦਾ ਤਿਉਹਾਰ ਹੈ। ਜਿਥੇ ਦੀਵਾਲੀ ਦੀ ਆਮਦ 'ਤੇ ਅਸੀਂ ਆਪਣੇ ਘਰਾਂ ਨੂੰ ਸੰਵਾਰਦੇ ਹਾਂ, ਸਫੈਦੀਆਂ ਕਰਾਉਂਦੇ ਹਾਂ, ਉੱਥੇ ਇਸ ਦਿਨ ਰਾਤ ਸਮੇਂ ਹਵਾ-ਮਿੱਟੀ ਨੂੰ ਬੁਰੀ ਤਰ੍ਹਾਂ ਦੂਸ਼ਿਤ ਕਰਨਾ ਕਿਥੋਂ ਦੀ ਸਿਆਣਪ ਹੈ? ਸਾਡੇ ਘਰ ਵੀ ਤਾਂ ਹੀ ਸਾਫ ਰਹਿ ਸਕਦੇ ਹਨ ਜੇਕਰ ਬਾਹਰ ਸਾਡਾ ਆਲਾ-ਦੁਆਲਾ (ਵਾਤਾਵਰਨ) ਵੀ ਸਾਫ ਹੋਵੇਗਾ। ਜਿੱਥੇ ਦੀਵਿਆਂ ਦਾ ਜਗਣਾ ਸਾਨੂੰ ਮਾਨਸਿਕ ਸ਼ਾਂਤੀ ਪ੍ਰਦਾਨ ਕਰਦਾ ਹੈ, ਉੱਥੇ ਪਟਾਕੇ ਚਲਾਉਣ ਨਾਲ ਵੱਡੀ ਪੱਧਰ 'ਤੇ ਆਵਾਜ਼ ਪ੍ਰਦੂਸ਼ਣ ਹੁੰਦਾ ਹੈ ਅਤੇ ਆਲਾ-ਦੁਆਲਾ ਵੀ ਇਸ ਤੋਂ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਮਾਨਸਿਕ ਰੋਗੀਆਂ ਅਤੇ ਸਾਹ-ਦਮੇ, ਟੀ. ਬੀ. ਦੇ ਮਰੀਜ਼ਾਂ ਲਈ ਆਤਿਸ਼ਬਾਜ਼ੀ ਦਾ ਧੂੰਆਂ ਬੜੀ ਖਤਰਨਾਕ ਸਥਿਤੀ ਪੈਦਾ ਕਰ ਦਿੰਦਾ ਹੈ। ਧਾਰਮਿਕ ਅਸਥਾਨਾਂ 'ਤੇ ਵੀ ਹੁਣ ਵੱਡੀ ਪੱਧਰ 'ਤੇ ਵਿਸ਼ੇਸ਼ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ, ਜਿਸ ਨੂੰ ਅਕਸਰ ਪ੍ਰਦੂਸ਼ਣ ਰਹਿਤ ਆਤਿਸ਼ਬਾਜ਼ੀ ਦੱਸਿਆ ਜਾਂਦਾ ਹੈ, ਪਰ ਵਿਗਿਆਨਕ ਨਿਯਮ ਇਹ ਹੈ ਕਿਸੇ ਵੀ ਚੀਜ਼ ਨੂੰ ਚਲਾਉਣ, ਉਡਾਉਣ ਅਤੇ ਧਮਾਕਾ ਕਰਨ ਲਈ ਸ਼ਕਤੀ ਦੀ ਲੋੜ ਹੁੰਦੀ ਹੈ ਅਤੇ ਸ਼ਕਤੀ ਪੈਦਾ ਕਰਨ ਲਈ ਬਾਲਣ ਦੀ ਜ਼ਰੂਰਤ ਪੈਂਦੀ ਹੈ। ਨਾ ਸਿਰਫ ਧਾਰਮਿਕ ਅਸਥਾਨਾਂ 'ਤੇ ਆਤਿਸ਼ਬਾਜ਼ੀ ਚਲਾਉਣੀ ਬੰਦ ਹੋਣੀ ਚਾਹੀਦੀ ਹੈ, ਸਗੋਂ ਸਾਡੇ ਧਾਰਮਿਕ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਕੁਰੀਤੀਆਂ ਖਿਲਾਫ਼ ਲੋਕਾਂ ਨੂੰ ਸੁਚੇਤ ਕਰਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਹੋ ਕੇ ਆਉਣ ਦੇ ਇਤਿਹਾਸਕ ਤੱਥ ਤੋਂ ਸਾਨੂੰ ਇਹ ਪਤਾ ਚਲਦਾ ਹੈ ਕਿ ਹਨ੍ਹੇਰਾ ਕਦੇ ਬਾਹਲਾ ਚਿਰ ਆਪਣਾ ਗਲਬਾ ਕਾਇਮ ਨਹੀਂ ਰੱਖ ਸਕਦਾ, ਇਕ ਨਾ ਇਕ ਦਿਨ ਚਾਨਣ ਦਾ ਪ੍ਰਵੇਸ਼ ਜ਼ਰੂਰ ਹੁੰਦਾ ਹੈ। ਅੱਜ ਵੀ ਸਾਡੇ ਸਮਾਜ ਵਿਚ ਅਗਿਆਨਤਾ ਦੇ ਹਨ੍ਹੇਰ ਦਾ ਗਲਬਾ ਹੈ। ਦੀਵਾਲੀ ਦੇ ਦਿਨ ਪਟਾਕਿਆਂ 'ਤੇ ਖਰਚੇ ਜਾਣ ਵਾਲੇ ਬਜਟ ਨੂੰ ਘੱਟ ਕਰਕੇ ਬੱਚਿਆਂ ਨੂੰ ਚੰਗੇ ਸਾਹਿਤ ਦੀਆਂ ਕੁਝ ਕਿਤਾਬਾਂ ਲੈ ਕੇ ਦਿਓ, ਜੇ ਹੋ ਸਕੇ ਤਾਂ ਇਸ ਦਿਨ ਆਪਣੇ ਘਰ ਇਕ ਨਿੱਕੀ ਜਿਹੀ ਲਾਇਬ੍ਰੇਰੀ ਬਣਾਉਣ ਦੀ ਸ਼ੁਰੂਆਤ ਕਰੋ। ਘਰ ਨੂੰ ਸਾਰਾ ਸਾਲ ਮਹਿਕਾਉਣ ਲਈ ਕੁਝ ਗਮਲੇ, ਕੁਝ ਬੂਟੇ ਲਿਆ ਕੇ ਘਰ ਵਿਚ ਲਾਓ। ਆਪਣੇ ਦੋਸਤਾਂ, ਰਿਸ਼ਤੇਦਾਰਾਂ ਨੂੰ ਚੰਗੀਆਂ ਕਿਤਾਬਾਂ ਤੋਹਫ਼ੇ ਵਜੋਂ ਦਿਓ। ਪਟਾਕਿਆਂ 'ਤੇ ਫਜ਼ੂਲ ਖਰਚ ਵਾਲੇ ਪੈਸਿਆਂ 'ਚੋਂ ਕੁਝ ਖਰਚ ਕੇ ਚੰਗੇ ਅਖਬਾਰ, ਮੈਗਜ਼ੀਨ ਆਪਣੇ ਘਰ ਲਈ ਲਗਵਾਓ। ਅਜਿਹਾ ਕਰਕੇ ਅਸੀਂ ਦੀਵਾਲੀ ਦੀ ਮਹੱਤਤਾ ਨੂੰ ਸਹੀ ਅਰਥਾਂ ਵਿਚ ਸਮਝ ਰਹੇ ਹੋਵਾਂਗੇ। ਅੱਜ ਵੀ ਸਮਾਜ ਨੂੰ ਵੱਡੀ ਪੱਧਰ 'ਤੇ ਨੂਰੋ-ਨੂਰ ਕਰਨ ਲਈ ਗਿਆਨ-ਵਿਗਿਆਨ ਦੇ ਦੀਪ ਬਾਲਣ ਦੀ ਲੋੜ ਹੈ। ਜਿਥੇ ਅੱਜ ਸਾਨੂੰ ਦੀਵਾਲੀ ਦੇ ਪਵਿੱਤਰ ਦਿਹਾੜੇ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦੀ ਜ਼ਰੂਰਤ ਹੈ, ਉੱਥੇ ਸਾਨੂੰ ਅਗਿਆਨਤਾ ਖਿਲਾਫ਼ ਲਟ-ਲਟ ਬਲ੍ਹਣ ਦਾ ਪ੍ਰਣ ਕਰਨ ਦੀ ਬੜੀ ਵੱਡੀ ਲੋੜ ਹੈ। ਆਓ ਯਤਨਸ਼ੀਲ ਹੋਈਏ।

ਮੋਬਾ: +91 98550-51099




ਸਮੁੱਚੀ ਮਾਨਵਤਾ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ।
ਦਿਵਾਲੀ-ਸੰਸਕ੍ਰਿਤ ਸ਼ਬਦ 'ਦੀਪਾਵਲੀ' ਤੋਂ ਹੈ, ਜਿਸਦਾ ਅਰਥ ਹੈ-ਦੀਪਮਾਲਾ। ਦਿਵਾਲੀ ਤਿਉਹਾਰ ਪ੍ਰਤੀਕ ਹੈ-ਅੰਧਕਾਰ ਉੱਪਰ ਰੌਸ਼ਨੀ ਦੀ ਜਿੱਤ, ਬੁਰਾਈ ਉੱਪਰ ਚੰਗਿਆਈ ਦੀ ਜਿੱਤ, ਅਗਿਆਨਤਾ ਉੱਪਰ ਗਿਆਨ ਦੀ ਜਿੱਤ।
Kamal Khera
Member of Parliament
Brampton West